## LOOKING FOR LONG/SHORT HAULS

JEYA JT TRANSPORT LTD.

### A/Z DRIVERS FOR USA/LOCAL CANADA/TORONTO-MONTREAL

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

### ALSO HIRING OWNER OPERATORS




202-2386 Haines Rd., Mississauga ON.

**416-832-7131 / 905-564-8851**

202-2386 Haines Rd., Mississauga, ON

www.jeyatransport.com
Email: ramesh@jeyatransport.com

## TCMPLUS

**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

### WE TREAT:

- ✓ Diabetes
- ✓ Low Energy
- ✓ Depression
- ✓ Anxiety
- ✓ Gout
- ✓ Disc Pain
- ✓ Prostatitis
- ✓ High Blood Pressure
- ✓ Cron's Disease
- ✓ Colitis
- ✓ Stress
- ✓ Acid Reflux
- ✓ Digestive
- ✓ Sleep Disorder

1st Month Discount

FREE CONSULTATION: **905-415-6999**
30 Wertheim court, Unit 11, Richmond Hill

## APEX


CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize


FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com



Laddi



## SASH FLEET HOLDING LTD

Established since 2007

### NOW HIRING!!!

**AZ DRIVERS FOR US**

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

***HIRING!!! Operations Manager***

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com

## Data everywhere. No surprise charges anywhere.

NEW

**NATION-WIDE. NO ZONES.**
TALK, TEXT & DATA PLANS
**$35/MO.**

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਛਿੱਕਾ ਸ਼ਰਮ ਦਾ ਲਾਹਿਆ ਹੈ ਆਗੂਆਂ ਨੇ,
ਜੜ੍ਹ ਅਕਲ ਦੀ ਦਿੱਤੀ ਜਿਉਂ ਪੁੱਟ ਮੀਆਂ।
ਇੱਕ ਨੂੰ ਲੋਕਾਂ ਸੀ ਕੋਈ ਸਵਾਲ ਪਾਇਆ,
ਉਸ ਦੇ ਅੰਦਰਲੀ ਕੌੜ ਪਈ ਫੁੱਟ ਮੀਆਂ।
ਦੂਜਾ ਵੇਖਣ ਗਿਆ ਕੰਮ ਵਿਕਾਸ ਦਾ ਸੀ,
ਚਾੜ੍ਹ ਅਫਸਰਾਂ ਨੂੰ ਆਇਆ ਕੁੱਟ ਮੀਆਂ।
ਤੀਜਾ ਤੁਰਿਆ ਵਿਕਾਸ ਲਈ ਚੈੱਕ ਵੰਡਣ,
ਰਾਹ ਵਿੱਚ ਲਈ ਚਵਾਨੀ ਸੀ ਲੁੱਟ ਮੀਆਂ।
ਸਿੱਧੜ ਲੋਕ ਇਸ ਦੇਸ਼ ਵਿੱਚ ਅਜੇ ਮੀਆਂ,
ਸਕਦੇ ਸਮਝ ਨਹੀਂ ਵੋਟਾਂ ਦਾ ਮੁੱਲ ਮੀਆਂ।
ਭੁਗਤੀ ਬਾਪ ਨੇ ਇਹੋ ਜਿਹੀ ਭੁੱਲ ਪਹਿਲਾਂ,
ਜਾਂਦਾ ਪੁੱਤਰ ਦੁਹਰਾਈ ਫਿਰ ਭੁੱਲ ਮੀਆਂ।

**ਤੀਸ ਮਾਰ ਖਾਂ**

# ਫੰਡਾਂ ਵਿੱਚ ਕਟੌਤੀ ਕਾਰਨ ਆਪਣੇ ਅਮਲੇ ਦੀ ਛਾਂਗੀ ਕਰਨ ਲਈ ਮਜ਼ਬੂਰ ਹਨ ਆਈ ਡਬਲਿਊ ਸੀ

ਟੋਰਾਂਟੋ, 26 ਜੂਨ (ਪੋਸਟ ਬਿਊਰੋ) : ਇਸ ਮਹੀਨੇ ਦੇ ਸ਼ੁਰੂ ਵਿੱਚ ਲੀਗਲ ਏਡ ਓਨਟਾਰੀਓ ਵੱਲੋਂ ਟੋਰਾਂਟੋ ਭਰ ਵਿੱਚ ਸਥਿਤ ਲੀਗਲ ਏਡ ਕਲੀਨਿਕਸ ਦੇ ਫੰਡਾਂ ਵਿੱਚ ਕਟੌਤੀ ਦਾ ਐਲਾਨ ਕੀਤਾ ਗਿਆ ਸੀ। ਜਿਸ ਤੋਂ ਬਾਅਦ ਲੀਗ ਏਡ ਕਲੀਨਿਕਸ, ਜੋ ਕਿ ਪਹਿਲਾਂ ਕੰਮ ਉੱਤੇ ਜ਼ਖ਼ਮੀ ਹੋਣ ਵਾਲੇ ਕਾਮਿਆਂ ਦੇ ਜ਼ਖ਼ਮੀ ਹੋਣ ਉੱਤੇ ਉਨ੍ਹਾਂ ਦਾ ਇਲਾਜ ਕਰਦੇ ਸਨ, ਵੱਲੋਂ ਆਪਣੇ 40 ਫੀ ਸਦੀ ਸਟਾਫ ਦੀ ਕਟੌਤੀ ਕੀਤੀ ਜਾ ਰਹੀ ਹੈ। ਇੱਥੇ ਹੀ ਬੱਸ ਨਹੀਂ ਇ੍ਹਨਾਂ ਕਲੀਨਿਕਸ ਵੱਲੋਂ ਨਵੇਂ ਕੇਸ ਲੈਣੇ ਵੀ ਬੰਦ ਕੀਤੇ ਜਾਣ ਵਾਲੇ ਹਨ।




ਇੰਜਰਡ ਵਰਕਰਜ਼ ਕਮਿਊਨਿਟੀ ਲੀਗਲ ਕਲੀਨਿਕ (ਆਈਡਬਲਿਊਸੀ) ਦੇ ਡਾਇਰੈਕਟਰ ਜੌਹਨ ਮੈਕਿਨਨ ਨੇ ਸਟਾਰ ਨੂੰ ਭੇਜੀ ਇੱਕ ਈਮੇਲ ਵਿੱਚ ਲਿਖਿਆ ਹੈ ਕਿ ਆਪਣੇ 10 ਮੈਂਬਰਾਂ ਦੇ ਅਮਲੇ ਵਿੱਚੋਂ ਗਰੁੱਪ ਨੇ ਚਾਰ ਮੁਲਾਜ਼ਮਾਂ ਨੂੰ ਕੱਢਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਵਿੱਚੋਂ ਤਿੰਨ ਕਮਿਊਨਿਟੀ ਲੀਗਲ ਵਰਕਰਜ਼ ਹਨ ਤੇ ਇੱਕ ਸਟਾਫ ਲਾਯਰ ਹੈ। ਮੈਕਿਨਨ ਅਨੁਸਾਰ ਕਲੀਨਿਕ ਦਾ ਸਾਂਝਾ ਫੈਸਲਾ ਇਹ ਹੈ ਕਿ ਉਹ ਆਪਣੇ ਸੱਭ ਤੋਂ ਘੱਟ ਸੀਨੀਅਰ ਕਰਮਚਾਰੀ ਦੀ ਛਾਂਗੀ ਪਹਿਲ ਦੇ ਆਧਾਰ ਉੱਤੇ ਕਰਨਗੇ।

ਮੈਕਿਨਨ ਨੇ ਆਖਿਆ ਕਿ ਇਹ ਛਾਂਗੀਆਂ ਲੀਗਲ ਏਡ ਓਨਟਾਰੀਓ (ਐਲਏਓ) ਵੱਲੋਂ ਪਹਿਲੀ ਅਪਰੈਲ ਤੋਂ ਫੰਡਾਂ ਵਿੱਚ 22 ਫੀ ਸਦੀ ਕਟੌਤੀ ਕੀਤੇ ਜਾਣ ਤੋਂ ਬਾਅਦ ਹੀ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਆਖਿਆ ਕਿ ਫੰਡਾਂ ਵਿੱਚ ਕਟੌਤੀਆਂ ਇਸ ਲਈ ਵੀ ਖ਼ਲ ਰਹੀਆਂ ਹਨ ਕਿਉਂਕਿ ਸਾਲ ਲਈ ਕਲੀਨਿਕ ਦਾ ਬਜਟ ਪਹਿਲਾਂ ਹੀ ਖਰਚਿਆ ਜਾ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਆਈਡਬਲਿਊਸੀ ਪਹਿਲਾਂ ਹੀ ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਘੱਟ ਕਿਰਾਏ ਵਾਲੀ ਬਿਲਡਿੰਗ ਵਿੱਚ ਕਮਿਊਨਿਟੀ ਸੈਂਟਰ ਦੇ ਨਾਲ ਚਲਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਾਡੇ ਕੋਲ 30 ਸਾਲ ਪੁਰਾਣਾ ਟੈਲੀਫੋਨ ਸਿਸਟਮ ਹੈ ਤੇ ਫੋਟੋਕੌਪੀਅਰ ਵੀ ਸਮਾਂ ਵਿਹਾਅ ਚੁੱਕਿਆ ਹੈ। ਇਹ ਲੀਗਲ ਕਲੀਨਿਕ ਸੀਮਿਤ ਫੰਡਾਂ ਵਿੱਚ ਪਿਛਲੇ 50 ਸਾਲ ਤੋਂ ਕਮਿਊਨਿਟੀ ਦੀ ਸੇਵਾ ਕਰ ਰਿਹਾ ਹੈ ਤੇ ਇੱਥੇ ਹੋਰ ਕਟੌਤੀਆਂ ਨਹੀਂ ਕੀਤੀਆਂ ਜਾ ਸਕਦੀਆਂ।

ਉਨ੍ਹਾਂ ਦੱਸਿਆ ਕਿ ਆਈਡਬਲਿਊਸੀ ਦੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਪ੍ਰੋਵਿੰਸ ਦੇ ਨਵੇਂ ਅਟਾਰਨੀ ਜਨਰਲਲ ਡੱਗ ਡਾਊਨੀ ਨਾਲ ਮੁਲਾਕਾਤ ਫਿਕਸ ਕਰਨ ਤੇ ਫੰਡਾਂ ਵਿੱਚ ਕਟੌਤੀ ਦੇ ਇਸ ਫੈਸਲੇ ਨੂੰ ਵਾਪਿਸ ਲੈਣ ਲਈ ਮਤਾ ਪਾਸ ਕੀਤਾ ਗਿਆ ਹੈ। ਆਈਡਬਲਿਊਸੀ ਵੱਲੋਂ ਜ਼ਖ਼ਮੀ ਕਾਮਿਆਂ ਦੇ ਨਵੇਂ ਮਾਮਲੇ ਵੀ ਨਹੀਂ ਲਏ ਜਾਣਗੇ। ਅਜਿਹੇ ਕਾਮਿਆਂ ਨੂੰ ਮਦਦ ਲਈ ਕਿਤੇ ਹੋਰ ਭੇਜਿਆ ਜਾਵੇਗਾ। ਪਰ ਮੈਕਿਨਨ ਨੇ ਆਖਿਆ ਕਿ ਉਨ੍ਹਾਂ ਨੂੰ ਹੋਰ ਕਿਸੇ ਕਲੀਨਿਕ ਵੀ ਨਹੀਂ ਭੇਜਿਆ ਜਾ ਸਕਦਾ ਕਿਉਂਕਿ ਸਾਰਿਆਂ ਦੇ ਫੰਡਾਂ ਵਿੱਚ ਹੀ ਕਟੌਤੀ ਕੀਤੀ ਗਈ ਹੈ।

# ਫੋਰਡ ਸਰਕਾਰ ਵੱਲੋਂ ਕੀਤੀਆਂ ਨਿਯੁਕਤੀਆਂ ਦਾ ਬਾਹਰੀ ਏਜੰਸੀ ਤੋਂ ਕਰਵਾਇਆ ਜਾਵੇ ਮੁਲਾਂਕਣ : ਵਿਰੋਧੀ ਧਿਰਾਂ

ਟੋਰਾਂਟੋ, 26 ਜੂਨ (ਪੋਸਟ ਬਿਊਰੋ) : ਓਨਟਾਰੀਓ ਦੀ ਵਿਰੋਧੀ ਧਿਰ ਵੱਲੋਂ ਸਰਕਾਰ ਵੱਲੋਂ ਕੀਤੀਆਂ ਨਿਯੁਕਤੀਆਂ ਦਾ ਮੁਲਾਂਕਣ ਕਰਵਾਉਣ ਦੀ ਮੰਗ ਕੀਤੀ ਜਾ ਰਹੀ ਹੈ। ਹੁਣ ਤੱਕ ਤਿੰਨ ਨਿਯੁਕਤੀਆਂ ਪ੍ਰੀਮੀਅਰ ਡੱਗ ਫੋਰਡ ਦੇ ਸਾਬਕਾ ਚੀਫ ਆਫ ਸਟਾਫ ਦੇ ਨਜ਼ਦੀਕੀਆਂ ਨੂੰ ਦਿੱਤੀਆਂ ਹੋਣ ਦਾ ਖੁਲਾਸਾ ਹੋ ਚੁੱਕਿਆ ਹੈ।

ਫੋਰਡ ਵੱਲੋਂ ਮੰਗਲਵਾਰ ਨੂੰ ਸਾਰੀਆਂ ਪੈਂਡਿੰਗ ਸਰਕਾਰੀ ਨਿਯੁਕਤੀਆਂ ਦੇ ਮੁਲਾਂਕਣ ਦੇ ਹੁਕਮ ਦਿੱਤੇ ਗਏ। ਇੱਥੇ ਦੱਸਣਾ ਬਣਦਾ ਹੈ ਕਿ ਡੀਨ ਫਰੈਂਚ ਵੱਲੋਂ ਉਦੋਂ ਅਸਤੀਫਾ ਦੇ ਦਿੱਤਾ ਗਿਆ ਜਦੋਂ ਇਹ ਖਬਰ ਨਸ਼ਰ ਹੋਈ ਕਿ ਦੋ ਵਿਦੇਸ਼ੀ ਅਹੁਦਿਆਂ ਉੱਤੇ ਉਨ੍ਹਾਂ ਦੇ ਨਜ਼ਦੀਕੀਆਂ ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਕੁੱਝ ਘੰਟੇ ਬਾਅਦ ਹੀ ਇੱਕ ਹੋਰ ਨਜ਼ਦੀਕੀ ਦੀ ਕੀਤੀ ਗਈ ਨਿਯੁਕਤੀ ਵੀ ਸਾਹਮਣੇ ਆ ਗਈ।

ਐਨਡੀਪੀ ਤੇ ਲਿਬਰਲਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਜਦੋਂ ਤੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਸੱਤਾ ਸਾਂਭੀ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਹੋਈਆਂ ਸਾਰੀਆਂ ਨਿਯੁਕਤੀਆਂ ਦਾ ਮੁਲਾਂਕਣ ਕਰਵਾਇਆ ਜਾਣਾ ਚਾਹੀਦਾ ਹੈ। ਇਹ ਮੁਲਾਂਕਣ ਕਿਸੇ ਬਾਹਰ ਏਜੰਸੀ ਵੱਲੋਂ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਵੱਲੋਂ ਜਿਨ੍ਹਾਂ ਵੱਲੋਂ ਇਹ ਨਿਯੁਕਤੀਆਂ ਕੀਤੀਆਂ ਗਈਆਂ।

# ਬਰੈਂਪਟਨ ਦੀ ਵੀਹ ਸਾਲਾ ਵਿਦਿਆਰਥਣ ਸਰਬਜਿੰਦਰ ਕੌਰ ਦੀ ਪਾਣੀ ’ਚ ਡੁੱਬਣ ਕਾਰਨ ਮੌਤ, ਸਸਕਾਰ ਅੱਜ



ਬਰੈਂਪਟਨ: ਬਰੈਪਟਨ ਦੀ ਵੀਹ ਸਾਲਾ ਸਰਬਜਿੰਦਰ ਕੌਰ ਗਿੱਲ (ਡੌਲੀ) ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਗਈ ।ਪਰਿਵਾਰ ਦੇ ਕਰੀਬੀ ਬਲਜਿੰਦਰ ਸੰਧੂ (ਨੀਲੂ ਮੋਗਾ) ਅਨੁਸਾਰ ਡੌਲੀ ਸਹੇਲੀਆਂ ਨਾਲ ਕੱਲ੍ਹ ਟੋਬਰਮੋਰੀ ਘੁੰਮਣ ਗਈ ਸੀ। ਅਚਾਨਕ ਪਾਣੀ ’ਚ ਪੈਰ ਤਿਲਕਣ ਕਾਰਨ ਮੌਕੇ ’ਤੇ ਹੀ ਮੌਤ ਹੋ ਗਈ ।ਉਹ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਫਿਰੋਜਸ਼ਾਹ (ਫੈਰੂ ਸ਼ਹਿਰ) ਦੇ ਹਰਦੀਪ ਸਿੰਘ ਗਿੱਲ ਦੀ ਇਕਲੌਤੀ ਬੇਟੀ ਸੀ। ਅੰਤਰਾਸਟਰੀ ਵਿਦਿਆਰਥਣ ਨੌਜਵਾਨ ਬੇਟੀ ਦੇ ਦਿਹਾਂਤ ਨਾਲ ਕੈਨੇਡਾ ਦੇ ਪੰਜਾਬੀ ਭਾਈਚਾਰੇ ’ਚ ਸੋਗ ਦੀ ਲਹਿਰ ਦੌੜ ਗਈ ਹੈ।ਉਨ੍ਹਾਂ ਦਾ ਅੰਤਿਮ ਸਸਕਾਰ ਤੇ ਭੋਗ 27 ਜੂਨ ਦੁਪਿਹਰ 2:30 ਤੋਂ 4:30 ਵਜੇ ਤੱਕ Bramton crematorium & Visitation centre 30 Bramwin Court, BRAMPTON, ON L6T 5G2 ਵਿਖੇ ਹੋਵੇਗਾ ।ਉਸ ਤੋ ਬਾਅਦ 5 ਤੋ 6 ਵਜੇ ਭੋਗ ਤੇ ਅੰਤਿਮ ਅਰਦਾਸ ਗੁਰ-ਦੁਆਰਾ ਉਨਟਾਰੀਓ ਖਾਲਸ਼ਾ ਦਰਬਾਰ ਡਿਕਸੀ ਰੋਡ ਵਿਖੇ ਹੋਵੇਗੀ।ਹੋਰ ਜਾਣਕਾਰੀ ਲਈ ਹਰਦੀਪ ਗਿੱਲ ਪਿਤਾ 6475288456 ਅਤੇ ਜਸਪ੍ਰੀਤ ਸਮਰਾ (ਟਰਿਲੀਅਮ ਰੋਡਵੇਜ਼) 647 309 3600ਤੇ ਅਮਨ ਸਮਰਾ ਨਾਲ 416 270 3636 ’ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਸਨੌਰ ਪੁਲਸ 'ਤੇ ਅਕਾਲੀ ਆਗੂ ਉੱਤੇ ਤਸ਼ੱਦਦ ਕਰਨ ਦਾ ਦੋਸ

ਪਟਿਆਲਾ, 26 ਜੂਨ (ਪੋਸਟ ਬਿਊਰੋ)- ਥਾਣਾ ਸਨੌਰ ਦੀ ਪੁਲਸ ਵੱਲੋਂ ਪਿਛਲੇ ਸਾਲ ਲੜਕਿਆਂ ਦੇ ਟਾਰਚਰ ਦਾ ਮਾਮਲਾ ਅਜੇ ਸ਼ਾਂਤ ਨਹੀਂ ਹੋਇਆ ਕਿ ਉਸ ਉੱਤੇ ਇਸ ਵਾਰ ਫਿਰ ਤਸ਼ੱਦਦ ਕਰਨ ਦੇ ਦੋਸ਼ ਲੱਗੇ ਹਨ। ਇਸ ਵਾਰ ਮਾਮਲਾ ਅਕਾਲੀ ਆਗੂ ਸੁਖਵਿੰਦਰ ਸਿੰਘ ਦਾ ਹੈ, ਜਿਸ ਦੇ ਨੱਕ 'ਤੇ ਸੱਟ ਲੱਗੀ ਹੋਈ ਤੇ ਕੰਨ ਦੇ ਪਰਦੇ ਨੂੰ ਨੁਕਸਾਨ ਪਹੁੰਚਿਆ ਹੈ। ਉਸ ਦੀ ਪਿੱਠ ਉੱਤੇ ਡਾਂਗਾਂ ਦਾ ਮੀਂਹ ਵਰ੍ਹਿਆ ਜਾਪਦਾ ਹੈ। ਪੁਲਸ ਅਧਿਕਾਰੀ ਇਸ ਨੂੰ ਥਾਣੇ ਤੋਂ ਬਾਹਰ ਦਾ ਮਾਮਲਾ ਦੱਸ ਕੇ ਜਾਂਚ ਦੀ ਗੱਲ ਆਖਦੇ ਹਨ। ਸਰਕਾਰੀ ਰਾ-ਜੰਦਰਾ ਹਸਪਤਾਲ ਵਿੱਚ ਦਾਖਲ ਅਕਾਲੀ ਆਗੂ ਸੁਖਵਿੰਦਰ ਸਿੰਘ ਜ਼ਿਆਦਾ ਬੋਲ ਨਹੀਂ ਸਕਦੇ। ਉਨ੍ਹਾ ਦੇ ਪੁੱਤਰ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਦੁਕਾਨ ਉਤੇ ਕੁਝ ਕਾਂਗਰਸੀ ਵਰਕਰਾਂ ਨੇ ਹਮਲਾ ਕੀਤਾ ਤਾਂ ਇਸ ਦੀ ਸ਼ਿਕਾਇਤ ਉਨ੍ਹਾਂ ਥਾਣਾ ਸਨੌਰ ਨੂੰ ਕੀਤੀ ਸੀ। ਸ਼ਨੀਵਾਰ ਦੀ ਇਸ ਘਟਨਾ ਪਿੱਛੋਂ ਹਮਲਾਵਰ ਫਿਰ ਐਤਵਾਰ ਨੂੰ ਦੁਕਾਨ 'ਤੇ ਆਏ ਅਤੇ ਰਿਵਾਲਵਰ ਤਾਣ ਕੇ ਧਮਕੀਆਂ ਦੇਣ ਲੱਗ ਪਏ। ਇਥੇ ਦੋਵਾਂ ਧਿਰਾਂ ਦੀ ਹੱਥੋਪਾਈ ਹੋ ਗਈ।

# ਮਮਤਾ ਬੈਨਰਜੀ ਨੇ ਭਾਜਪਾ ਖ਼ਿਲਾਫ਼ ਸੀ ਪੀ ਐੱਮ ਤੇ ਕਾਂਗਰਸ ਤੋਂ ਵੀ ਮਦਦ ਮੰਗੀ

ਕੋਲਕਾਤਾ, 26 ਜੂਨ, (ਪੋਸਟ ਬਿਊਰੋ)- ਪੱਛਮੀ ਬੰਗਾਲ ਵਿਚ ਭਾਜਪਾ ਨੂੰ ਰੋਕਣ ਲਈ ਮਹਾਗੱਠਜੋੜ ਬਣਾਉਣ ਦੇ ਲਈ ਅੱਜ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇੱਕ ਵੱਡੀ ਪਹਿਲ ਕਰ ਦਿੱਤੀ ਹੈ।

ਅੱਜ ਵਿਧਾਨ ਸਭਾ ਵਿੱਚ ਇਸ ਚਰਚਾ ਬਾਰੇ ਖ਼ੁਦ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਇਹ ਕਹਿ ਕੇ ਗੱਲ ਅੱਗੇ ਵਧਾਦਿੱਤੀ ਕਿ ਭਾਜਪਾ ਨਾਲ ਲੜਨ ਲਈ ਤ੍ਰਿਣਮੂਲ, ਸੀ ਪੀ ਆਈ (ਐੱਮ) ਅਤੇ ਕਾਂਗਰਸ ਅਸੀਂ ਸਾਰੇ ਲੋਕ ਇਕੱਠੇ ਹੋ ਜਾਈਏ। ਵਰਨਣ ਯੋਗ ਹੈ ਕਿ ਬੀਤੇ ਹਫ਼ਤੇ ਸ਼ੁੱਕਰਵਾਰ ਤੋਂ ਵਿਧਾਨ ਸਭਾ ਦਾ ਮੌਨਸੂਨ ਸੈਸ਼ਨਸ਼ੁਰੂ ਹੋਇਆ ਸੀ ਅਤੇ ਮਮਤਾ ਬੈਨਰਜੀ ਅੱਜ ਬੁੱਧਵਾਰ ਨੂੰ ਪਹਿਲੀ ਵਾਰ ਇਸ ਵਿਚ ਹਿੱਸਾ ਲੈਣ ਲਈ ਸਦਨ ਵਿਚ ਪੁੱਜੀ ਸੀ। ਇਸ ਮੌਕੇ ਗਵਰਨਰ ਦੇ ਭਾਸ਼ਣ ਉੱਤੇਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਮਮਤਾ ਬੈਨਰਜੀ ਨੇ ਵਿਰੋਧੀ ਧਿਰ ਅਤੇ ਖਾਸ ਕਰ ਕੇ ਕਾਂਗਰਸ ਵਿਧਾਇਕ ਅਬਦੁੱਲ ਮੰਨਾਨ ਤੇ ਖੱਬੇ ਪੱਖੀ ਮੋਰਚੇ ਦੇ ਵਿਧਾਇਕ ਦਲ ਦੇ ਆਗੂ ਅਤੇ ਸੀ ਪੀ ਆਈ ਐਮ ਦੇ ਵਿਧਾਇਕ ਸੁਜਨ ਚਕਰਵਰਤੀ ਨੂੰ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਕੱਠੇ ਹੋਣ ਦੀ ਲੋੜ ਹੈ।



ਆਪਣੇ ਭਾਸ਼ਣ ਵਿੱਚ ਮਮਤਾ ਬੈਨਰਜੀ ਨੇ ਭਾਜਪਾ ਉੱਤੇਜ਼ੋਰਦਾਰ ਸਿਆਸੀ ਹਮਲਾ ਬੋਲਿਆ ਅਤੇ ਸੀ ਪੀ ਐਮ ਅਤੇ ਕਾਂਗਰਸ ਨੂੰ ਸਿੱਧੀ ਅਪੀਲ ਕੀਤੀ ਕਿ ਭਾਜਪਾ ਨੂੰ ਰੋਕਣ ਵਿਚ ਸਾਰੇ ਇਕੱਠੇ ਹੋ ਜਾਣ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕੇਂਦਰ ਵਿਚ ਹਰ ਮੁੱਦੇ ਉੱਤੇ ਅਸੀਂ ਲੋਕ ਕਾਂਗਰਸ ਦੇ ਨਾਲ ਖੜ੍ਹੇ ਹੁੰਦੇ ਹਾਂ, ਉਸੇ ਤਰ੍ਹਾਂ ਪੱਛਮੀ ਬੰਗਾਲ ਵਿਚ ਕਾਂਗਰਸ ਵੀ ਸਾਡਾ ਸਾਥ ਦੇਵੇ। ਉਨ੍ਹਾਂ ਕਿਹਾ ਕਿ ਇਸ ਰਾਜ ਵਿਚ ਕੁਝ ਸੀਟਾਂ ਜਿੱਤਣ ਦੇ ਬਾਅਦ ਭਾਜਪਾ ਨੇ ਭਾਟਪਾੜਾ ਵਰਗੇ ਹਾਲਾਤ ਪੈਦਾ ਕਰ ਦਿੱਤੇ ਹਨ। ਮਮਤਾ ਬੈਨਰਜੀ ਨੇ ਕਿਹਾ ਕਿਭਾਜਪਾ ਨੇ ਕੁਝ ਸੀਟਾਂ ਜਿੱਤ ਲਈਆਂ ਹਨ ਤਾਂ ਇਸ ਦਾ ਅਰਥ ਇਹ ਨਹੀਂਕਿ ਉਨ੍ਹਾਂ ਨੇ ਪੂਰੇ ਪੱਛਮੀ ਬੰਗਾਲ ਉੱਤੇਹੀ ਕਬਜ਼ਾ ਕਰ ਲਿਆ ਹੈ, ਮੇਰੀ ਰਾਏ ਹੈ ਕਿ ਤ੍ਰਿਣਮੂਲ ਕਾਂਗਰਸ, ਕਾਂਗਰਸ ਅਤੇਸੀ ਪੀ ਆਈ ਐਮ ਨੂੰ ਇਕੱਠੇ ਹੋ ਕੇ ਭਾਜਪਾ ਖ਼ਿਲਾਫ਼ ਡਟਣਾ ਚਾਹੀਦਾ ਹੈ।


















# ਪਾਰਲੀਮੈਂਟ ਵਿੱਚ ਮੋਦੀ ਦਾ ਕਾਂਗਰਸ ਉੱਤੇ ਵੱਡਾ ਸਿਆਸੀ ਹਮਲਾ

## * 'ਗਾਲਿਬ ਦਾ ਸ਼ੇਅਰ'ਪੜ੍ਹਿਆ, ਪਰ ਗਾਲਿਬ ਦਾ ਹੈ ਹੀ ਨਹੀਂ



ਨਵੀਂ ਦਿੱਲੀ, 26 ਜੂਨ, (ਪੋਸਟ ਬਿਊਰੋ)- ਪਾਰਲੀਮੈਂਟ ਦੇ ਦੋਵਾਂ ਸਦਨਾਂ ਸਾਹਮਣੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਵੱਲੋਂ ਦਿੱਤੇ ਗਏ ਭਾਸ਼ਣ ਉੱਤੇ ਅੱਜ ਬੁੱਧਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜਸਭਾ ਵਿੱਚ ਧੰਨਵਾਦੀ ਭਾਸ਼ਣ ਦਿੱਤਾ ਤਾਂ ਇਸ ਮੌਕੇਉਨ੍ਹਾਂ ਦੇ ਨਿਸ਼ਾਨੇ ਉੱਤੇ ਇਕ ਵਾਰ ਫਿਰ ਕਾਂਗਰਸ ਪਾਰਟੀ ਸੀ। ਉਨ੍ਹਾਂ ਨੇ ਕਾਂਗਰਸ ਦੇ ਉਸ ਬਿਆਨ ਦਾ ਜਵਾਬ ਦਿੱਤਾ, ਜਿਸ ਵਿੱਚ ਪਾਰਟੀ ਨੇ ਨਰਿੰਦਰ ਮੋਦੀ ਦੀ ਜਿੱਤ ਨੂੰ ਦੇਸ਼ ਦਾ ਹਾਰ ਜਾਣਾ ਕਿਹਾ ਸੀ। ਮੋਦੀ ਨੇ ਕਿਹਾ ਕਿ 55 ਸਾਲ ਸੱਤਾ ਵਿੱਚ ਰਹਿਣ ਵਾਲੀ ਪਾਰਟੀ 17 ਰਾਜਾਂ ਵਿੱਚ ਖਾਤਾ ਨਹੀਂ ਖੋਲ੍ਹ ਸਕੀ ਤਾਂ ਕੀ ਦੇਸ਼ ਹਾਰ ਗਿਆ।

ਰਾਸ਼ਟਰਪਤੀ ਦੇ ਭਾਸ਼ਣ ਉੱਤੇ ਬਹਿਸ ਦਾ ਜਵਾਬ ਦਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਰਾਜਸਭਾ ਵਿੱਚ ਕਿਹਾ ਕਿ ਤੁਸੀਂ ਤਾਂ ਚੋਣ ਜਿੱਤ ਗਏ ਤੇ ਦੇਸ਼ ਹਾਰ ਗਿਆ, ਇਹ ਸ਼ਬਦ ਵਰਤਣਾ ਦੇਸ਼ ਦੀ ਜਨਤਾ ਦਾ ਅਪਮਾਨ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਕੀ ਵਾਇਨਾਡ ਵਿੱਚ ਹਿੰਦੁਸਤਾਨ ਹਾਰ ਗਿਆ, ਕੀ ਰਾਏਬਰੇਲੀ ਵਿੱਚ ਹਿੰਦੁਸਤਾਨ ਹਾਰ ਗਿਆ ਅਤੇ ਅਮੇਠੀ ਵਿੱਚ ਹਿੰਦੁਸਤਾਨ ਹਾਰ ਗਿਆ ਹੈ? ਉਨ੍ਹਾਂ ਕਿਹਾ ਕਿ ਇਹ ਮੰਨਣਾ ਬਿਲਕੁਲ ਗਲਤ ਸੋਚ ਹੈ ਕਿ ਕਾਂਗਰਸ ਹਾਰੀ ਤਾਂ ਦੇਸ਼ ਹਾਰ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਰਾਜਾਂ ਵਿਚ ਕਾਂਗਰਸ ਦਾ ਖਾਤਾ ਨਾ ਖੁੱਲ੍ਹਾ ਤਾਂ ਕੀ ਓਥੇ ਹਿੰਦੁਸਤਾਨ ਹਾਰ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੋਟ ਮਸ਼ੀਨਾਂ ਦੇ ਮੁੱਦੇ ਉੱਤੇ ਵੀ ਕਾਂਗਰਸ ਨੂੰ ਚੋਖਾ ਝੰਬਿਆ।

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਪਾਰਲੀਮੈਂਟ ਵਿਚ ਮਿਰਜ਼ਾ ਗਾਲਿਬ ਦੇ ਨਾਮ ਨਾਲ ਜੋੜ ਕੇ ਕਿਸੇ ਹੋਰ ਦਾ ਸ਼ੇਅਰ ਸੁਣਾ ਕੇ ਵਿਵਾਦ ਵਿੱਚ ਵੀ ਫਸ ਗਏ। ਰਾਸ਼ਟਰਪਤੀ ਦੇ ਭਾਸ਼ਣ ਉੱਤੇ ਬਹਿਸ ਦੌਰਾਨ ਨਰਿੰਦਰ ਮੋਦੀ ਨੇ ਮਿਰਜ਼ਾ ਗਾਲਿਬ ਦਾ ਸ਼ੇਅਰ ਕਹਿ ਕੇ ਇਕ ਸ਼ੇਅਰ ਪੜ੍ਹਿਆ, ਪਰ ਇਹ ਸ਼ੇਅਰ ਗਾਲਿਬ ਦਾ ਨਹੀਂ ਸੀ। ਇਸ ਕਾਰਨ ਸੋਸ਼ਲ ਮੀਡੀਆ ਉੱਤੇ ਲੋਕਾਂ ਨੇ ਉਨ੍ਹਾਂ ਦਾ ਚੋਖਾ ਮਜ਼ਾਕ ਉਡਾਇਆ। ਮਸ਼ਹੂਰ ਸ਼ਾਇਰ ਜਾਵੇਦ ਅਖ਼ਤਰ ਨੇ ਵੀ ਇਹ ਟਵੀਟ ਕੀਤਾ ਹੈ ਕਿ ਜੋ ਸ਼ੇਅਰ ਰਾਜ ਸਭਾ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਪੜ੍ਹਿਆ, ਉਹ ਗਾਲਿਬ ਦਾ ਨਹੀਂ, ਉਹ ਸੋਸ਼ਲ ਮੀਡੀਆ ਵਿਚ ਗ਼ਲਤ ਢੰਗ ਨਾਲ ਵਾਇਰਲ ਹੋ ਰਿਹਾ ਹੈ। ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਚਾਲਾਕੀ ਨਾਲ ਗਾਲਿਬ ਦੀ ਸ਼ਾਇਰੀ ਦੀ ਵਰਤੋਂ ਕੀਤੀ, ਪਰ ਗਾਲਿਬ ਦਾ ਇਹ ਸ਼ੇਅਰ ਨਹੀਂ ਹੈ। ਸਾਲ 2012 ਵਿਚ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਨੇ ਰਾਜ ਦਾ ਬਜਟ ਪੇਸ਼ ਕਰਦੇ ਹੋਏ ਇਹੋ ਸ਼ੇਅਰ ਪੜ੍ਹਿਆ ਸੀ, ਫਿਰ ਕਈ ਹੋਰਨਾਂ ਨੇ ਪੜ੍ਹਿਆ ਤੇ ਪਿਛਲੇ ਸਾਲ ਫ਼ਿਲਮ ਮੇਕਰ ਮਹੇਸ਼ ਭੱਟ ਨੇ ਵੀ ਇਸ ਸ਼ੇਅਰ ਨਾਲ ਇਕ ਪੋਸਟ ਟਵੀਟ ਕੀਤੀ ਸੀ, ਪਰ ਇਹ ਸ਼ੇਅਰ ਮਿਰਜ਼ਾ ਗਾਲਿਬ ਦੇ ਦੀਵਾਨ ਵਿਚ ਕਿਤੇ ਨਹੀਂ ਹੈ। ਸੋਸ਼ਲ ਮੀਡੀਆਤੋਂ ਗਾਲਿਬ ਦੇ ਨਾਮ ਨਾਲ ਗਲਤ ਪੋਸਟ ਹੁੰਦਾ ਇਹੋ ਸ਼ੇਅਰ ਚੁੱਕ ਕੇ ਪ੍ਰਧਾਨ ਮੰਤਰੀ ਮੋਦੀ ਨੇ ਭਾਸ਼ਣ ਵਿਚ ਸੁਣਾ ਦਿੱਤਾ ਹੈ।

ਇਸ ਸ਼ੇਅਰ ਦੇ ਵਿਵਾਦ ਨੂੰ ਵੱਖਰਾ ਛੱਡ ਲਿਆ ਜਾਵੇ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਕਾਂਗਰਸ ਉੱਤੇ ਹਮਲਾ ਬੋਲਦੇ ਹੋਏ ਜ਼ੋਰਨਾਲ ਕਿਹਾ ਕਿ ਇਸ ਵਾਰ ਦੀਆਂ ਚੋਣਾਂ ਬੇਹੱਦ ਖ਼ਾਸ ਸਨ, ਦੇਸ਼ਵਾਸੀਆਂ ਨੇ ਕਈ ਸਾਲਾਂ ਬਾਅਦ ਬਹੁਮੱਤ ਦੀ ਸਰਕਾਰ ਦੁਬਾਰਾ ਚੁਣੀ ਹੈ। ਉਨ੍ਹਾਂ ਨੇ ਕਾਂਗਰਸ ਉੱਤੇ ਨਿਸ਼ਾਨਾ ਵਿੰਨ੍ਹਿਆ ਕਿ ਹੰਕਾਰ ਦੀ ਹੱਦ ਹੁੰਦੀ ਹੈ, ਲੋਕਤੰਤਰ ਨੂੰ ਹਾਰ ਗਿਆ ਕਹਿਣਾ ਲੋਕਾਂ ਦਾ ਅਪਮਾਨ ਹੈ, ਜੇ ਇਹ ਹਾਰ ਹੈ ਤਾਂ ਕੀ ਵਾਇਨਾਡ ਤੇ ਬਰੇਲੀ ਵਿੱਚ ਵੀ ਲੋਕਤੰਤਰ ਹਾਰਿਆ ਹੈ? ਉਨ੍ਹਾਂ ਕਿਹਾ ਕਿ ਵਿਰੋਧੀ ਆਗੂਆਂ ਵੱਲੋਂ ਕਿਸਾਨਾਂ ਨੂੰ ਵਿਕਾਊ ਕਹਿਣਾ ਉਨ੍ਹਾਂ ਦਾ ਅਪਮਾਨ ਕਰਨਾ ਹੈ। ਏਦਾਂ ਕਹਿਣ ਵਾਲੇ ਲੋਕਾਂ ਨੇ ਦੇਸ਼ ਦੀ ਜਨਤਾ ਨੂੰ ਕਟਹਿਰੇ ਵਿੱਚ ਲਿਆ ਦਿੱਤਾ ਹੈ।ਮੋਦੀ ਨੇ ਕਿਹਾ ਕਿ ਮੈਂ ਹੈਰਾਨ ਹਾਂ ਕਿ ਨਾਂਹ ਪੱਖੀ ਸੋਚ ਅਤੇ ਵਿਰੋਧ ਇਸ ਹੱਦ ਤਕ ਚਲਾ ਗਿਆ ਕਿ ਸਵੱਛਤਾ, ਜਨ-ਧਨ, ਯੋਗਾ ਅਤੇ ਮੇਕ ਇਨ ਇੰਡੀਆ ਦਾ ਵੀ ਮਜ਼ਾਕ ਉਡਾਇਆ ਗਿਆ। ਉਨ੍ਹਾ ਕਿਹਾ ਕਿ ਮਹਿਲਾ ਸ਼ਕਤੀਕਰਨ ਲਈ ਕਾਂਗਰਸ ਨੂੰ ਕਈ ਮੌਕੇ ਮਿਲੇ, ਪਰ ਹਰ ਵਾਰ ਉਹ ਖੁੰਝ ਗਏ। ਸਾਲ 1950ਵੇਂ ਦਹਾਕੇਵਿੱਚ ਯੂਨੀਫਾਰਮ ਸਿਵਲ ਕੋਡ ਉੱਤੇ ਬਹਿਸ ਵੇਲੇ ਉਹ ਪਹਿਲਾ ਮੌਕਾ ਖੁੰਝੇ ਅਤੇ 35 ਸਾਲ ਬਾਅਦ ਸ਼ਾਹਬਾਨੋ ਕੇਸ ਵੇਲੇ ਇਕ ਹੋਰ ਮੌਕਾ ਗੁਆਇਆ ਸੀ। ਅੱਜ ਤਿੰਨ ਤਲਾਕ ਬਿੱਲ ਦੇ ਰੂਪ ਵਿੱਚ ਫਿਰ ਇਨ੍ਹਾਂ ਕੋਲ ਇਕ ਹੋਰ ਮੌਕਾ ਹੈ, ਪਰ ਵਿਰੋਧ ਕਰ ਕੇ ਮੌਕਾ ਗੁਆ ਰਹੇ ਹਨ।

# ਰਾਹੁਲ ਗਾਂਧੀ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ੇ ਉੱਤੇ ਫਿਰ ਕਾਇਮ ਰਿਹਾ



ਨਵੀਂ ਦਿੱਲੀ, 26 ਜੂਨ, (ਪੋਸਟ ਬਿਊਰੋ)- ਪਿਛਲੇ ਮਹੀਨੇ ਲੋਕ ਸਭਾ ਚੋਣਾਂ ਵਿੱਚ ਮਿਲੀ ਕਰਾਰੀ ਹਾਰ ਤੋਂ ਬਾਅਦ 25 ਮਈ ਦੀ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗਦੌਰਾਨ ਰਾਹੁਲ ਗਾਂਧੀ ਨੇ ਕਾਂਗਰਸ ਪਾਰਟੀ ਦੇ ਪ੍ਰਧਾਨ ਵਾਲੇ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਇੱਛਾ ਪ੍ਰਗਟ ਕੀਤੀ ਸੀ, ਜਿਸ ਨੂੰ ਕਮੇਟੀ ਨੇ ਰੱਦ ਕਰ ਦਿੱਤਾ ਸੀ। ਇਸ ਦੇ ਬਾਵਜੂਦ ਰਾਹੁਲ ਗਾਂਧੀ ਅੱਜ ਤੱਕ ਵੀ ਕਾਂਗਰਸ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਉੱਤੇ ਅੜੇ ਹੋਏ ਹਨ। ਅੱਜ ਬੁੱਧਵਾਰ ਨੂੰ ਯੂ ਪੀ ਏ ਗੱਠਜੋੜ ਦੀ ਚੇਅਰਪਰਸਨ ਸੋਨੀਆ ਗਾਂਧੀ ਦੀ ਪ੍ਰਧਾਨਗੀ ਹੇਠ ਹੋਈ ਕਾਂਗਰਸ ਬੈਠਕ ਵਿੱਚ ਫਿਰ ਰਾਹੁਲ ਗਾਂਧੀ ਨੇ ਅਸਤੀਫ਼ਾ ਦੇਣ ਦੀ ਗੱਲ ਦੁਹਰਾਈ ਹੈ। ਉਨ੍ਹਾਂ ਦੇ ਅਸਤੀਫ਼ੇ ਦੀ ਇੱਛਾ ਬਾਰੇ ਪਾਰਟੀ ਦੇ ਵੱਡੇ ਆਗੂ ਪਹਿਲੇ ਦਿਨੋਂ ਹੀ ਉਨ੍ਹਾਂ ਨੂੰ ਮਨਾਉਣ ਦੇ ਯਤਨ ਕਰ ਰਹੇ ਹਨ। ਅੱਜ ਦੀ ਬੈਠਕ ਦੌਰਾਨ ਰਾਹੁਲ ਗਾਂਧੀ ਨੇ ਫਿਰ ਇਹ ਕਿਹਾ, 'ਇਹ ਇਸ ਮੁੱਦੇ ਉੱਤੇ ਗੱਲ ਕਰਨ ਦਾ ਸਹੀ ਮੰਚ ਨਹੀਂ। ਤੁਸੀਂ ਸਭ ਲੋਕਾਂ ਨੇ ਭਾਵੇਂ ਇਹ ਮੁੱਦਾ ਚੁੱਕਿਆ ਹੈ, ਪਰ ਮੈਂ ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ ਵਿੱਚ ਆਪਣਾ ਫ਼ੈਸਲਾ ਦੱਸ ਚੁੱਕਾ ਹਾਂ। ਇਸ ਅਹੁਦੇ ਦੀ ਭਰੋਸੇਯੋਗਤਾ ਚਾਹੀਦੀ ਹੈ।' ਵਰਨਣ ਯੋਗ ਹੈ ਕਿ ਪਾਰਟੀ ਦੇ ਵੱਡੇ ਆਗੂਆਂ ਨੇ ਕਿਹਾ ਸੀ ਕਿ ਕਾਂਗਰਸ ਨੂੰ ਹੋਰ ਕੋਈ ਅਗਵਾਈ ਨਹੀਂ ਦੇ ਸਕਦਾ, ਇਸ ਲਈ ਰਾਹੁਲ ਗਾਂਧੀ ਦਾ ਇਸ ਅਹੁਦੇ ਉੱਤੇ ਬਣੇ ਰਹਿਣਾ ਹੀ ਠੀਕ ਹੈ।

ਪਿਛਲੇ ਮਹੀਨੇ ਦੀਆਂ ਪਾਰਲੀਮੈਂਟ ਚੋਣਾਂ ਵਿੱਚ ਕਾਂਗਰਸ ਪਾਰਟੀ ਇਸ ਵਾਰ ਬੇਸ਼ੱਕ ਪਿਛਲੀਆਂ 44 ਸੀਟਾਂ ਦੀ ਥਾਂ 52 ਸੀਟਾਂ ਲੈ ਗਈ, ਪਰ ਇਸ ਦਾ ਏਥੇ ਸੁੰਗੜ ਜਾਣਾ ਵੀ ਇਸ ਦੀ ਹਾਰ ਸੀ। ਇਸ ਲਈ ਰਾਹੁਲ ਗਾਂਧੀ ਨੇ ਇਸ ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਇੱਛਾ ਜ਼ਾਹਰ ਕੀਤੀ ਸੀ।

# ਮਾਇਆਵਤੀ ਨੇ ਕਿਹਾ: ਅੱਗੇ ਤੋਂ ਬਸਪਾ ਆਪਣੇ ਦਮ ਉੱਤੇ ਚੋਣਾਂ ਲੜੇਗੀ

ਲਖਨਊ, 26 ਜੂਨ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਕੱਲ੍ਹ ਏਥੇ ਕਿਹਾ ਕਿ ਪਾਰਟੀ ਭਵਿੱਖ ਵਿੱਚ ਸਾਰੀਆਂ ਛੋਟੀਆਂ ਵੱਡੀਆਂ ਚੋਣਾਂ ਇਕੱਲੀ ਲੜੇਗੀ। ਮਾਇਆਵਤੀ ਦਾ ਇਹ ਐਲਾਨ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਖਿੱਚ ਦਾ ਕੇਂਦਰ ਬਣਿਆ ਰਿਹਾ ਬਹੁਜਨ ਸਮਾਜ ਪਾਰਟੀ ਅਤੇ ਸਮਾਜਵਾਦੀ ਪਾਰਟੀ ਗੱਠਜੋੜ ਲਗਭਗ ਟੁੱਟ ਗਿਆ ਹੈ। ਉਸ ਵੱਲੋਂ ਕੀਤੇ ਕਈ ਟਵੀਟ ਪਿੱਛੋਂ ਸਮਾਜਵਾਦੀ ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਕਿਹਾ ਕਿ ਬਸਪਾ ਦੀ ਮੁਖੀ ਸਮਾਜੀ ਸੁਰੱਖਿਆ ਲਈ ਚੱਲਦੇ ਸੰਘਰਸ਼ ਨੂੰ ਕਮਜ਼ੋਰ ਕਰ ਰਹੀ ਹੈ। ਬੀਬੀ ਮਾਇਆਵਤੀ ਦਾ ਇਹ ਐਲਾਨ ਇਥੇ ਪਾਰਟੀ ਵਰਕਰਾਂ ਨਾਲ ਮੀਟਿੰਗ ਤੋਂ ਬਾਅਦ ਜਾਰੀ ਹੋਇਆ ਹੈ। ਇਹ ਮੀਟਿੰਗ ਲੋਕ ਸਭਾ ਚੋਣਾਂ ਬਸਪਾ ਦੀ ਕਾਰਗੁਜ਼ਾਰੀ ਦੀ ਸਮੀਖਿਆ ਲਈ ਰੱਖੀ ਗਈ ਸੀ। ਮਾਇਆਵਤੀ ਨੇ ਹਿੰਦੀ ਵਿੱਚ ਕੀਤੇ ਟਵੀਟ ਰਾਹੀਂ ਕਿਹਾ ਕਿ ਸਮਾਜਵਾਦੀ ਪਾਰਟੀ ਵੱਲੋਂ ਆਪਣੇ ਕਾਰਜਕਾਲ ਦੌਰਾਨ (2012-17) ਦਲਿਤ ਵਿਰੋਧੀ ਤੇ ਬਸਪਾ ਵਿਰੋਧੀ ਲਏ ਫੈਸਲਿਆਂ ਬਾਰੇ ਸਾਰੇ ਜਾਣਦੇ ਸਨ, ਪਰ ਬਸਪਾ ਨੇ ਦੇਸ਼ ਦੇ ਹਿੱਤ ਵਿੱਚ ਸਮਾਜਵਾਦੀ ਪਾਰਟੀ ਨਾਲ ਗਠਜੋੜ ਧਰਮ ਨਿਭਾਇਆ। ਉਨ੍ਹਾਂ ਕਿਹਾ ਕਿ ਚੋਣਾਂ ਪਿੱਛੋਂ ਸਮਾਜਵਾਦੀ ਪਾਰਟੀ ਦੇ ਬਦਲੇ ਵਿਹਾਰ ਨੇ ਬਸਪਾ ਨੂੰ ਸੋਚਣ ਨੂੰ ਮਜਬੂਰ ਕਰ ਦਿੱਤਾ ਕਿ ਕੀ ਇਸ ਤਰ੍ਹਾਂ ਭਵਿੱਖ ਵਿੱਚ ਭਾਜਪਾ ਨੂੰ ਹਰਾਉਣਾ ਸੰਭਵ ਨਹੀਂ। ਅਜਿਹੀ ਕੋਈ ਸੰਭਾਵਨਾ ਨਜ਼ਰ ਨਹੀਂ ਆਈ। ਇਸ ਲਈ ਪਾਰਟੀ ਅਤੇ ਸੰਘਰਸ਼ ਦੇ ਹਿੱਤ ਵਿੱਚ ਬਸਪਾ ਨੇ ਸਾਰੀਆਂ ਚੋਣਾਂ ਇਕੱਲੇ ਹੀ ਲੜਨ ਦਾ ਫੈਸਲਾ ਕੀਤਾ ਹੈ। ਸਮਾਜਵਾਦੀ ਪਾਰਟੀ ਦੇ ਬਦਲੇ ਵਿਹਾਰ ਬਾਰੇ ਉਨ੍ਹਾਂ ਕੁਝ ਵਿਸਥਾਰ ਵਿੱਚ ਨਹੀਂ ਦੱਸਿਆ। ਸਮਾਜਵਾਦੀ ਪਾਰਟੀ ਦੇ ਆਗੂ ਰਾਮਸ਼ੰਕਰ ਵਿਦਿਆਰਥੀ ਨੇ ਦੋਸ਼ ਲਾਇਆ ਕਿ ਮਾਇਆਵਤੀ ਜਲਦੀ ਵਿੱਚ ਇਸ ਲਈ ਅਜਿਹਾ ਕਹਿ ਰਹੀ ਹੈ ਕਿਉਂਕਿ ਅਖਿਲੇਸ਼ ਯਾਦਵ ਨੂੰ ਦਲਿਤ ਸਮਰਥਨ ਮਿਲ ਰਿਹਾ ਹੈ। ਕਾਂਗਰਸ ਦੇ ਬੁਲਾਰੇ ਦਵਿਜੇਂਦਰ ਤ੍ਰਿਪਾਠੀ ਨੇ ਕਿਹਾ ਕਿ ਸਿਆਸਤ ਵਿੱਚ ਵਚਨਬੱਧਤਾ ਜ਼ਰੂਰੀ ਹੁੰਦੀ ਹੈ ਤੇ ਲੋਕਾਂ ਦਾ ਭਰੋਸਾ ਕਾਇਮ ਰੱਖਣ ਲਈ ਵੀ ਇਹ ਅਹਿਮ ਪੱਖ ਹੈ।

# ਡੇਰਾ ਪ੍ਰੇਮੀ ਕਤਲ ਕਾਂਡ: ਨਵੀਂ ਜੇਲ੍ਹ ਪਿੱਛੋਂ ਪੁਲਿਸ ਦੀ ਅੱਖ ਦੂਸਰੀ ਜੇਲ੍ਹ ਦੇ ਕੈਦੀਆਂ ਵੱਲ ਵੀ ਘੁੰਮਣ ਲੱਗੀ

ਪਟਿਆਲਾ, 26 ਜੂਨ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਕਤਲ ਕੇਸ ਦੀਆਂ ਤਾਰਾਂ ਇਸ ਦੀ ਜਾਂਚ ਦੌਰਾਨ ਨਾਭਾ ਦੀ ਨਵੀਂ ਜੇਲ ਤੋਂਪਿੱਛੋਂ ਹਾਈ ਸਕਿਓਰਿਟੀ ਜੇਲ੍ਹ ਨਾਲ ਜੁੜਦੀਆਂ ਵੇਖ ਕੇ ਪੁਲਸ ਦੀ ਅੱਖ ਉਸ ਪਾਸੇ ਨੂੰ ਘੁੰਮਣ ਲੱਗ ਪਈ ਹੈ। ਦੋਵਾਂ ਜੇਲ੍ਹਾਂ ਦੇ ਕੈਦੀ ਇਕ ਦੂਸਰੇ ਨਾਲ ਸੰਪਰਕ ਕਰ ਲੈਂਦੇਹਨ। ਪਤਾ ਲੱਗਾ ਹੈ ਕਿ ਮਹਿੰਦਰਪਾਲ ਬਿੱਟੂ ਦੇ ਕਤਲ ਕੇਸ ਵਿਚ ਸੀਆਈਏ ਪੁਲਿਸ ਨੇ ਹਾਈ ਸਕਿਓਰਿਟੀ ਜੇਲ੍ਹ ਨੂੰ ਇੱਕ ਕੈਦੀ ਨੂੰ ਅੱਜ ਜਾ ਕੇ ਹਿਰਾਸਤ ਵਿਚ ਲੈ ਲਿਆ ਹੈ ਅਤੇ ਇੱਕ ਦਿਨ ਪਹਿਲਾਂ ਪ੍ਰੋਡਕਸ਼ਨ ਵਾਰੰਟ ਉੱਤੇ ਲਏ ਜਸਪ੍ਰੀਤ ਕੋਲੋਂ ਅੱਜ ਦੂਸਰੇ ਦਿਨ ਵੀ ਪੁਲਿਸ ਵਲੋਂ ਪੁੱਛਗਿੱਛ ਲਗਾਤਾਰ ਜਾਰੀ ਰਹੀ ਹੈ।

ਵਰਨਣ ਯੋਗ ਹੈ ਕਿ ਪਟਿਆਲਾ ਦੇ ਤ੍ਰਿਪੜੀ ਵਿੱਚ ਰਹਿਣ ਵਾਲੇ ਜਸਪ੍ਰੀਤ ਦੇ ਖਿਲਾਫ ਲੁਧਿਆਣਾ ਵਿਚ ਡੇਰਾ ਸੱਚਾ ਸੌਦਾ ਦੀ ਪ੍ਰੇਮੀ ਇੱਕ ਔਰਤ ਦੇ ਕਤਲ ਦਾ ਕੇਸ ਚੱਲਦਾ ਹੈ, ਜਿਸ ਬਾਰੇ ਜਸਪ੍ਰੀਤ ਏਥੇਹਾਈ ਸਕਿਓਰਿਟੀ ਜੇਲ੍ਹ ਵਿਚ ਹੈ। ਇਸੇ ਦੌਰਾਨ ਮਨਿੰਦਰ ਵੀ ਹਾਈ ਸਕਿਓਰਿਟੀ ਜੇਲ੍ਹ ਵਿਚ ਕੁਝ ਸਮਾਂ ਬੰਦ ਰਿਹਾ ਸੀ ਤੇ ਜਸਪ੍ਰੀਤ ਅਤੇ ਮਨਿੰਦਰ ਦੀ ਉਸ ਵੇਲੇ ਦੀ ਦੋਸਤੀ ਹੈ ਤੇ ਦੋਵੇਂ ਇਕੱਠੇ ਰਹਿੰਦੇ ਸਨ, ਪਰ ਕੁਝ ਸਮਾਂ ਪਹਿਲਾਂ ਮਨਿੰਦਰ ਨੂੰ ਹਾਈ ਸਕਿਓਰਿਟੀ ਜੇਲ੍ਹ ਤੋਂ ਨਾਭਾ ਦੀ ਨਵੀਂ ਜੇਲ੍ਹ ਵਿਚ ਬਦਲ ਦਿੱਤਾ ਗਿਆ ਸੀ। ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਕਤਲ ਮਗਰੋਂ ਪੁਲਿਸ ਨੂੰ ਮਨਿੰਦਰ ਤੇ ਗੁਰਸੇਵਕ ਦੇ ਸਾਥੀਆਂ ਦੇ ਇਸ ਵਾਰਦਾਤ ਵਿਚ ਸ਼ਾਮਲ ਹੋਣ ਦਾ ਸ਼ੱਕ ਪੈ ਰਿਹਾ ਹੈ, ਜਿਸ ਕਾਰਨ ਇਨ੍ਹਾਂ ਨਾਲ ਗੱਲ ਕਰਨ ਵਾਲੇ ਅਤੇ ਤਾਲਮੇਲ ਰੱਖਣ ਵਾਲੇ ਲੋਕਾਂ ਨੂੰ ਵੀ ਘੇਰਨਾ ਸ਼ੁਰੂ ਕਰ ਦਿੱਤਾ ਹੈ।

# ਬੱਚਿਆਂ ਦੀ ਮੌਤ ਲਈ ਪ੍ਰਦਰਸ਼ਨ ਕਰਦੇ 39 ਲੋਕਾਂ ਵਿਰੁੱਧ ਕੇਸ ਦਰਜ



ਪਟਨਾ, 26 ਜੂਨ (ਪੋਸਟ ਬਿਊਰੋ)- ਬਿਹਾਰ ਵਿੱਚ ਚਮਕੀ ਬੁਖ਼ਾਰ (ਐਕਿਊਟ ਇਨਸੇਫ਼ਲਾਈਟਿਸ ਸਿੰਡਰੋਮ) ਨਾਲ ਮੌਤਾਂ ਦਾ ਸਿਲਸਿਲਾ ਜਾਰੀ ਹੈ। ਹਸਪਤਾਲਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ ਹੈ ਅਤੇ ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਨਾਕਾਫ਼ੀ ਹਨ। ਇਸ ਦੌਰਾਨ ਨੇਤਾਵਾਂ ਦੇ ਬਿਆਨਾਂ ਨੇ ਪੀੜਤਾਂ ਦਾ ਦਰਦ ਵਧਾਇਆ ਅਤੇ ਫਿਰ ਜ਼ਿਲ੍ਹਾ ਪ੍ਰਸ਼ਾਸਨ ਨੇ ਅਜਿਹਾ ਕਦਮ ਚੁੱਕਿਆ, ਜਿਸ ਦੀ ਹਰ ਥਾ ਨਿਖੇਧੀ ਹੋਈ ਹੈ। ਪ੍ਰਸ਼ਾਸਨ ਨੇ ਬੱਚਿਆਂ ਦੀ ਮੌਤ ਬਾਰੇ ਪ੍ਰਦਰਸ਼ਨ ਕਰਦੇ ਵੈਸ਼ਾਲੀ ਜ਼ਿਲ੍ਹੇ ਦੇ ਹਰਿਵੰਸ਼ਪੁਰਾ ਪਿੰਡ ਦੇ 39 ਲੋਕਾਂ ਵਿਰੁੱਧ ਕੇਸ ਦਰਜ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਇਹ ਕੇਸ ਪਾਣੀ ਦੀ ਕਮੀ ਅਤੇ ਚਮਕੀ ਬੁਖ਼ਾਰ ਨਾਲ ਬੱਚਿਆਂ ਦੀ ਮੌਤ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਬਾਰੇ ਦਰਜ ਕੀਤਾ ਗਿਆ ਹੈ। ਬਿਹਾਰ ਵਿੱਚ ਚਮਕੀ ਬੁਖ਼ਾਰ ਨਾਲ 150 ਤੋਂ ਬੱਚਿਆਂ ਦੀ ਮੌਤ ਹੋਈ ਹੈ ਤੇ ਇਹ ਪਿੰਡ ਸੱਭ ਤੋਂ ਵੱਧ ਪ੍ਰਭਾਵਤ ਹੈ। ਇਥੇ 11 ਬੱਚਿਆਂ ਦੀ ਮੌਤ ਹੋਈ ਹੈ। ਜਿਨ੍ਹਾਂ ਲੋਕਾਂ ਵਿਰੁੱਧ ਕੇਸ ਦਰਜ ਹੋਏ, ਉਨ੍ਹਾਂ ਕਿਹਾ ਕਿ ਜਦੋਂ ਸਾਡੇ ਬੱਚੇ ਮਰ ਰਹੇ ਹਨ ਤੇ ਸਾਡੇ ਕੋਲ ਪੀਣ ਦਾ ਪਾਣੀ ਨਹੀਂ ਤਾਂ ਅਸੀ ਵਿਰੋਧ ਕਿਉਂ ਨਾ ਕਰੀਏ? ਵਰਨਣ ਯੋਗ ਹੈ ਕਿ ਹਰਿਵੰਸ਼ਪੁਰਾ ਪਿੰਡ ਦੇ ਲੋਕਾਂ ਨੇ ਬੱਚਿਆਂ ਦੀਆਂ ਮੌਤਾਂ ਅਤੇ ਪੀਣ ਦੇ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਸੀ। ਜ਼ਿਲ੍ਹਾ ਪ੍ਰਸ਼ਾਸਨ ਨੇ ਇਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ, ਪਰ ਪ੍ਰਦਰਸ਼ਨ ਕਰਦੇ 39 ਲੋਕਾਂ ਵਿਰੁੱਧ ਕੇਸ ਦਰਜ ਕਰ ਲਿਆ ਹੈ।

# ਦਲੇਰ ਮਹਿੰਦੀ ਦੇ ਫਾਰਮ ਹਾਊਸ ਵਿੱਚ 196 ਰੁੱਖ ਵੱਢਣ ਦਾ ਮੋਟਾ ਜੁਰਮਾਨਾ ਲੱਗਾ

ਗੁਰੂਗ੍ਰਾਮ, 26 ਜੂਨ, (ਪੋਸਟ ਬਿਊਰੋ)- ਅਰਾਵਲੀ ਪਹਾੜੀਆਂ ਦੀ ਗੋਦ ਵਿਚ ਵਸੇ ਪਿੰਡ ਸਾਂਪ ਕੀ ਨੰਗਲੀ ਵਿਚ ਪ੍ਰਸਿੱਧ ਪੰਜਾਬੀ ਗਾਇਰ ਦਲੇਰ ਮਹਿੰਦੀ ਦੇ ਫਾਰਮ ਹਾਊਸ ਵਿਚ ਬਿਨਾਂ ਇਜਾਜ਼ਤ 196 ਰੁੱਖ ਵੱਢ ਦਿੱਤੇ ਜਾਣ ਮਗਰੋਂ ਜੰਗਲਾਤ ਵਿਭਾਗ ਨੇ ਜਾਂਚ ਤੋਂ ਬਾਅਦ ਫਾਰਮ ਹਾਊਸ ਦੇ ਕੇਅਰ ਟੇਕਰ ਤੋਂ88,840 ਰੁਪਏ ਜੁਰਮਾਨਾ ਵਸੂਲਿਆ ਅਤੇ ਇਕ ਰੁੱਖ ਦੇ ਬਦਲੇ10 ਰੁੱਖ ਲਾਉਣ ਦਾ ਨਿਰਦੇਸ਼ ਦਿੱਤਾ ਹੈ।

ਪਤਾ ਲੱਗਾ ਹੈ ਕਿ ਜੰਗਲਾਤ ਵਿਭਾਗ ਨੂੰ 20 ਜੂਨ ਨੂੰ ਸੂਹ ਮਿਲੀ ਕਿ ਪ੍ਰਸਿੱਧ ਗਾਇਕ ਦਲੇਰ ਮਹਿੰਦੀ ਦੇ ਫਾਰਮ ਹਾਊਸ ਵਿਚ ਕਾਫੀ ਗਿਣਤੀ ਵਿਚ ਰੁੱਖ ਬਿਨਾਂ ਇਜਾਜ਼ਤ ਕੱਟੇ ਗਏ ਹਨ। ਅਧਿਕਾਰੀਆਂ ਨੇ ਉਸੇ ਦਿਨ ਟੀਮ ਬਣਾ ਕੇ ਭੇਜ ਦਿੱਤੀ ਤਾਂ ਸਾਬਤ ਹੋ ਗਿਆ ਕਿ ਫਾਰਮ ਹਾਊਸ ਵਿਚ ਕਈ ਰੁੱਖ ਵੱਢੇ ਗਏ ਸਨ। ਇਸ ਪਿੱਛੋਂ ਵਿਭਾਗ ਨੇ ਜੁਰਮਾਨੇ ਦੀ ਰਕਮ ਤੈਅ ਕੀਤੀ ਅਤੇ 21 ਜੂਨ ਨੂੰ ਵਸੂਲਣ ਪਿੱਛੋਂ ਹਰ ਰੁੱਖ ਦੇ ਬਦਲੇ ਘੱਟੋ ਘੱਟ 10 ਰੁੱਖ ਲਾਉਣ ਨੂੰ ਕਿਹਾ ਹੈ। ਫਾਰਮ ਹਾਊਸ ਦੇ ਕੇਅਰ ਟੇਕਰ ਨੇ ਦੱਸਿਆ ਕਿ ਦਲੇਰ ਮਹਿੰਦੀ ਨੇ ਇਸ ਮੌਨਸੂਨ ਦੌਰਾਨ ਵੱਖ-ਵੱਖ ਤਰ੍ਹਾਂ ਦੇ 10 ਹਜ਼ਾਰ ਰੁੱਖ ਲਾਉਣ ਨੂੰ ਕਿਹਾ ਹੈ, ਜਿਸ ਵਾਸਤੇ ਜੇ ਸੀਬੀ ਮਸ਼ੀਨਾਂ ਨਾਲ ਖੱਡਿਆਂ ਦੀ ਪੁਟਾਈ ਚੱਲ ਰਹੀ ਸੀ, ਪਰਪੈਸੇ ਵੱਧ ਬਣਾਉਣ ਦੇ ਚੱਕਰ ਵਿਚ ਜੇਸੀਬੀ ਡਰਾਈਵਰ ਨੇ ਕੁਝ ਪੁਰਾਣੇ ਰੁੱਖ ਵੱਢ ਦਿੱਤੇ, ਜਿਸ ਕਾਰਨ ਜੁਰਮਾਨਾ ਪਿਆ ਹੈ, ਉਂਜ ਦਲੇਰ ਮਹਿੰਦੀ ਹਰਿਆਲੀ ਨੂੰ ਪਸੰਦ ਕਰਦੇ ਹਨ। ਦੂਸਰੇ ਪਾਸੇ ਗੁਰੂਗ੍ਰਾਮ ਦੇ ਜ਼ਿਲ੍ਹਾ ਜੰਗਲਾਤ ਅਧਿਕਾਰੀ ਦੀਪਕ ਨੰਦਾ ਨੇ ਕਿਹਾ ਕਿ ਫਾਰਮ ਹਾਊਸ ਵਿੱਚ ਕਾਫ਼ੀ ਸਾਰੇ ਵਿਲਾਇਤੀ ਰੁੱਖ ਸਨ, ਜਿਨ੍ਹਾਂ ਵਿਚੋਂ 196 ਵੱਢੇ ਗਏ। ਬਿਨਾਂ ਇਜਾਜ਼ਤ ਇਸ ਖੇਤਰ ਵਿੱਚ ਰੁੱਖ ਵੱਢਣ ਉੱਤੇ ਪਾਬੰਦੀ ਹੈ, ਇਸ ਦੀ ਸੂਚਨਾ ਉੱਤੇ ਵਿਭਾਗ ਨੇ ਕਾਰਵਾਈ ਕਰ ਕੇ ਜੁਰਮਾਨਾ ਵਸੂਲਿਆ ਹੈ।

# ਬੱਚੇ ਦੀ ਖੱਬੀ ਬਾਂਹ ਦੀ ਥਾਂ ਸਰਕਾਰੀ ਹਸਪਤਾਲ ਵਿੱਚ ਸੱਜੀ ਬਾਂਹ ਉੱਤੇ ਪਲਸਤਰ ਕਰ ਦਿੱਤਾ

ਪਟਨਾ, 26 ਜੂਨ (ਪੋਸਟ ਬਿਊਰੋ)- ਬਿਹਾਰ ਵਿੱਚ ਸਰਕਾਰੀ ਹਸਪਤਾਲਾਂ ਦੀ ਬਦਹਾਲੀ ਸਭ ਨੂੰ ਪਤਾ ਹੈ, ਪਰ ਬੁੱਧਵਾਰ ਜੋ ਹੋ ਗਿਆ, ਉਸ ਨੇ ਪੂਰੇ ਸਿਸਟਮ ਨੂੰ ਇੱਕ ਵਾਰ ਫਿਰ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ। ਦਰਭੰਗਾ ਦੇ ਸਰਕਾਰੀ ਹਸਪਤਾਲ ਮੈਡੀਕਲ ਕਾਲਜ ਦੇ ਹਸਪਤਾਲ (ਡੀ ਐੱਮ ਸੀ ਐੱਚ) ਵਿੱਚ ਡਾਕਟਰੀ ਅਮਲੇ ਦੀ ਲਾਪਰਵਾਹੀ ਹੱਦਾਂ ਟੱਪ ਗਈ ਹੈ। ਫ੍ਰੈਕਚਰ ਹੋਣ ਉੱਤੇ ਹਸਪਤਾਲ ਵਿੱਚ ਪਲਸਟਰ ਕਰਾਉਣ ਲਈ ਗਏ ਇੱਕ ਬੱਚੇ ਦਾ ਪਰਿਵਾਰ ਉਸ ਦੇ ਇਲਾਜ ਦੀ ਥਾਂ ਦੁਖੀ ਹੋ ਕੇ ਮੁੜਿਆ ਹੈ। ਉਸ ਬੱਚੇ ਦੇ ਖੱਬੀ ਬਾਂਹ ਵਿੱਚ ਫ੍ਰੈਕਚਰ ਸੀ। ਇਲਾਜ ਦੌਰਾਨ ਹਸਪਤਾਲ ਨੇ ਲਾਪਰਵਾਹੀ ਨਾਲ ਬੱਚੇ ਦੇ ਖੱਬੀ ਬਾਂਹ ਉੱਤੇ ਪਲਸਤਰ ਕਰਨ ਦੀ ਥਾਂ ਸੱਜੀ ਬਾਂਹ ਉੱਤੇ ਕਰ ਦਿੱਤਾ। ਇਹ ਘਟਨਾ 25 ਜੂਨ ਦੀ ਹੈ। ਬੱਚੇ ਦੀ ਮਾਂ ਨੇ ਦੱਸਿਆ ਕਿ ਹਸਪਤਾਲ ਦੀ ਵੱਡੀ ਗ਼ਲਤੀ ਹੈ। ਹਸਪਤਾਲ ਨੇ ਉਨ੍ਹਾਂ ਨੂੰ ਦਵਾਈ ਤਕ ਨਹੀਂ ਦਿੱਤੀ ਅਤੇ ਇਸ ਘਟਨਾ ਦੇ ਬਾਅਦ ਜਾਂਚ ਦੀ ਗੱਲ ਹੋ ਰਹੀ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd. Seema Bhayana ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing In:
- Collision - Custom Painting
- Mechanical Service
- Frame & Unibody Repair
- Insurance Claims Welcome
Inderjit Singh Lic. Auto Body Technician/Lic. Mec.
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE 30 Stafford Dr., Brampton, Tel: 905-460-1414
HEAD OFFICE: 905-874-9878 Tol Free: 1-877-799-9878, www.skydomeauto.ca

Paramjit Deol Broker CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

TORONTO $2,150 — 50 Bruyeres Mews 901: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen. Stainless Steel Appliances, Granite Counter, Ensuite Laundry, Amenities Included, Gym, Media Room. etc.

MISSISAUGA $99,900 — 1224 Dundas St W : Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

St. Catharine $199,999 — 73 St Paul : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area.

BRAMPTON $229,000 — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

BRAMPTON $75,000 — Photo Not Available — 135 Inspire Blvd: Turn Key Operation, Great Opportunity To Own A Well Established & Busy Pizza Store, Located In High Demanded Area Of Brampton, Sales Are $20,000 As Per Seller, Very Low Rent Of $1920 Per Month, Close To Schools,Commercial & Industrial area.

MISSISSAUGA $169,900 — Photo Not Available — 7215 Goreway dr : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers Drug Mart, Lcbo Close To amenities.

TORONTO $289,000 — Kipling/Dixon/401: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

BURLINGTON $299,000 — 701 GUELPH LINE : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area, Great Clientele.

BRAMPTON $789,800 — Queen St/ Chinguacousy: Fieldgate Home, Gas Fireplace, Entrance To Garage, Central Vac Rough-In, 9 Ft Ceilings, Cold Cellar, 3 Pcs Rough-In Bath In Bsmt, Glass Shower & Oval Soaker Tub In Master Ensuite, Tray Ceiling In Master, Upgraded kitchen.

BRAMPTON $330,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

CALEDON $399,000 — Photo Not Available — 12612 HIGHWAY 50: Sale Of Business Without Property Bakery. Please call 905-405-8484

BRANTFORD $499,000 — Photo Not Available — 639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800 — 73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000 — 257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

# ਬੰਬੀਹਾ ਗਿਰੋਹ ਦੇ ਮੈਂਬਰ ਭਨੋਟ ਤੋਂ ਜੇਲ੍ਹ ਵਿੱਚ ਮੋਬਾਈਲ ਫੋਨ ਬਰਾਮਦ

ਪਟਿਆਲਾ, 26 ਜੂਨ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਕਤਲ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਨੇ ਤਲਾਸ਼ੀ ਦੌਰਾਨ ਦੋ ਮੋਬਾਈਲ ਫੋਨ ਬਰਾਮਦ ਕੀਤੇ ਹਨ। ਗੈਂਗਸਟਰ ਦਵਿੰਦਰ ਬੰਬੀਹਾ ਗਰੁੱਪ ਦੇ ਮੈਂਬਰ ਤੋਂ ਇੱਕ ਮੋਬਾਈਲ ਮਿਲਿਆ ਹੈ, ਜੋ ਬੈਰਕ ਦੇ ਪਿੱਛੇ ਮਿੱਟੀ ਵਿੱਚ ਦਬਾਇਆ ਹੋਇਆ ਸੀ।

ਜੇਲ੍ਹ ਸਟਾਫ ਵੱਲੋਂ ਬੈਰਕ ਨੰਬਰ 15 'ਚ ਕੈਦੀ ਵਰਿੰਦਰ ਸਿੰਘ ਦੀ ਤਲਾਸ਼ੀ ਦੌਰਾਨ ਵਰਿੰਦਰ ਨੇ ਦੱਸਿਆ ਕਿ ਉਸ ਨੇ ਇੱਕ ਮੋਬਾਈਲ ਬੈਰਕ ਨੰਬਰ ਚਾਰ ਵਿੱਚ ਬੰਦ ਕੈਦੀ ਸੁਨੀਲ ਭਨੋਟ ਨੂੰ ਦਿੱਤਾ ਹੈ। ਇਸ ਦੀ ਸੂਹ ਲੱਗਣ 'ਤੇ ਵਿਨੋਦ ਨੇ ਮੋਬਾਈਲ ਬੈਰਕ ਦੇ ਪਿੱਛੇ ਸੁੱਟ ਦਿੱਤਾ, ਜਿਸ ਨੂੰ ਬਰਾਮਦ ਕਰ ਲਿਆ ਗਿਆ। ਇਸ ਤੋਂ ਇਲਾਵਾ ਇੱਕ ਹੋਰ ਮੋਬਾਈਲ ਫੋਨ ਬੈਰਕ ਨੰਬਰ ਪੰਜ ਅਤੇ ਛੇ ਦੇ ਪਿੱਛੇ ਮਿੱਟੀ ਵਿੱਚ ਦੱਬਿਆ ਪਿਆ ਮਿਲਿਆ ਸੀ। ਜੇਲ੍ਹ ਸੁਪਰਡੈਂਟ ਦੀ ਸ਼ਿਕਾਇਤ 'ਤੇ ਥਾਣਾ ਸਦਰ ਪੁਲਸ ਨੇ ਦੋਵਾਂ ਮੋਬਾਈਲ ਫੋਨਾਂ ਬਾਰੇ ਮਾਮਲੇ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਸੁਨੀਲ ਭਨੋਟ ਨੂੰ 2013 ਵਿੱਚ ਚੰਡੀਗੜ੍ਹ ਦੇ ਇੱਕ ਵਕੀਲ ਦੇ ਕਤਲ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੇ ਸਾਥੀ ਵਰਿੰਦਰ ਉਰਫ ਬਿੱਲੂ ਤੇ ਹੋਰਾਂ ਨੂੰ 2012 ਵਿੱਚ ਫਤਹਿਗੜ੍ਹ ਸਾਹਿਬ ਦੇ ਬਡਾਲੀ ਆਲਾ ਸਿੰਘ ਦੇ ਇੱਕ ਵਿਅਕਤੀ ਦੇ ਕਤਲ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਵਕੀਲ ਅਮਰਪ੍ਰੀਤ ਸਿੰਘ ਦੇ ਕੇਸ ਵਿੱਚ ਗੈਂਗਸਟਰ ਧਰਮਿੰਦਰ ਗੁਗਨੀ, ਸੁਨੀਲ ਭਨੋਟ ਤੇ ਹੋਰ ਸੱਤਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ। ਸਰਪੰਚ ਬਣੇ ਵਿਦਿਆਰਥੀ ਆਗੂ ਰਾਜਵਿੰਦਰ ਸਿੰਘ ਉਰਫ ਰਵੀ ਦੇਕਤਲ ਵਿੱਚ ਧਰਮਿੰਦਰ ਗੁਗਨੀ ਨੇ ਬੰਬੀਹਾ ਗੈਂਗ ਦੇ ਵਿੰਦਰ ਦੋਵੇਂ ਦੋਸ਼ੀ ਸਨ। ਇਸੇ ਮਾਮਲੇ ਵਿੱਚ ਗੁਗਨੀ ਵੀ ਨਾਭਾ ਜੇਲ੍ਹ 'ਚ ਬੰਦ ਹੈ।

# ਲੜਕੀ ਨੂੰ ਗੁੰਡਿਆਂ ਤੋਂ ਬਚਾਉਂਦਾ ਹੋਇਆ ਸਿੱਖ ਨੌਜਵਾਨ ਗੋਲੀ ਦਾ ਸ਼ਿਕਾਰ ਬਣਿਆ



ਚੰਡੀਗੜ੍ਹ, 26 ਜੂਨ (ਪੋਸਟ ਬਿਊਰੋ)- ਪੰਚਕੂਲਾ ਦੇ ਨਾਰਥ ਪਾਰਕ ਹੋਟਲ ਨੇੜੇ ਇੱਕ 29 ਸਾਲਾ ਵਿਅਕਤੀ ਉੱਤੇ ਗੋਲੀ ਚੱਲਣ ਦੀ ਘਟਨਾ ਵਾਪਰੀ ਹੈ। ਜ਼ਖਮੀ ਵਿਅਕਤੀ ਫਤਿਹ ਸਿੰਘ ਪਟਿਆਲਾ ਦਾ ਵਾਸੀ ਹੈ ਤੇ ਅਪਣੇ ਦੋਸਤਾਂ ਨਾਲ ਨਾਰਥ ਪਾਰਕ ਹੋਟਲ ਦੀ ਪਾਰਕਿੰਗ ਵਿਚ ਖੜ੍ਹਾ ਸੀ, ਜਦੋਂ ਉਸ ਨੇ ਦੇਖਿਆ ਕਿ ਇਕ ਲੜਕਾ ਇੱਕ ਲੜਕੀ ਨੂੰ ਕੁੱਟ ਰਿਹਾ ਹੈ। ਉਸ ਨੇ ਲੜਕੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਇਸ ਦੌਰਾਨ ਉਨ੍ਹਾਂ ਦੀ ਲੜਾਈ ਹੋ ਗਈ। ਇਸ ਵਿਚ ਉਸ ਲੜਕੇ ਦੇ ਦੋਸਤਾਂ ਨੇ ਫਤਿਹ ਸਿੰਘ ਉਤੇ ਗੋਲੀ ਚਲਾ ਦਿੱਤੀ। ਉਸ ਨੂੰ ਸਿਵਲ ਹਸਪਤਾਲ ਸੈਕਟਰ 6 ਵਿਚ ਦਾਖ਼ਲ ਕਰਾਇਆ ਗਿਆ ਤਾਂ ਓਥੋਂ ਪੀ ਜੀ ਆਈ ਰੈਫ਼ਰ ਕਰ ਦਿੱਤਾ ਗਿਆ ਹੈ ਤੇ ਉਸ ਦੀ ਹਾਲਤ ਗੰਭੀਰ ਦੱਸੀ ਗਈ ਹੈ।

ਪੰਚਕੂਲਾ ਦੇ ਮਾਜਰੀ ਚੌਂਕ ਦੇ ਜਗਵਿੰਦਰ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਹ ਅਤੇ ਉਸ ਦੇ ਦੋਸਤ ਮਨੀਮਾਜਰਾ ਦੇ ਸੈਂਡੀ, ਸੁੱਖ ਅਤੇ ਦੀਪ, ਜਿਹੜੇ ਅੰਮ੍ਰਿਤਸਰ ਵਾਸੀ ਹਨ, ਅਪਣੇ ਵਾਹਨਾਂ ਦੇ ਪਿੱਛੇ ਖੜੇ ਸਨ ਤੇ ਹੋਟਲ ਪਾਰਕਿੰਗ ਵਿਚ ਦੋ ਲੜਕੀਆਂ ਤੇ ਇਕ ਲੜਕਾ ਵੀ ਖੜੇ ਸਨ। ਫ਼ਤਿਹ ਸਿੰਘ ਨੇ ਦੇਖਿਆ ਕਿ ਇੱਕ ਲੜਕਾ ਇੱਕ ਲੜਕੀ ਨੂੰ ਕੁੱਟ ਰਿਹਾ ਹੈ। ਉਸ ਨੇ ਅਣਜਾਣ ਆਦਮੀ ਨੂੰ ਪੁੱਛਿਆ ਕਿ ਉਹ ਲੜਕੀ ਨੂੰ ਕਿਉਂ ਕੁੱਟਦਾ ਹੈ। ਉਸ ਲੜਕੇ ਨੇ ਫਤਿਹ ਸਿੰਘ ਨੂੰ ਕੁਝ ਨਾ ਦਸਿਆ, ਪਰ ਲੜਕੀ ਨੇ ਕਿਹਾ ਕਿ ਉਨ੍ਹਾਂ ਦਾ ਕਿਸੇ ਤਰ੍ਹਾਂ ਦਾ ਝਗੜਾ ਨਹੀਂ ਹੈ। ਇਸ ਦੌਰਾਨ ਉਸ ਲੜਕੇ ਅਤੇ ਫਤਿਹ ਸਿੰਘ ਦਾ ਝਗੜਾ ਸ਼ੁਰੂ ਹੋ ਗਿਆ। ਇਸ ਨੂੰ ਰੋਕਣ ਲਈ ਪੀ ਸੀ ਆਰ ਪੁਲਿਸ ਮੌਕੇ ਉੱਤੇ ਪਹੁੰਚ ਗਈ।

ਫਿਰ ਫਤਿਹ ਸਿੰਘ ਅਤੇ ਉਸ ਦੇ ਦੋਸਤ ਰੋਡ ਉੱਤੇ ਆ ਗਏ ਤਾਂ ਜਿਸ ਲੜਕੇ ਦੇ ਨਾਲ ਫਤਿਹ ਸਿੰਘ ਦਾ ਝਗੜਾ ਹੋਇਆ ਸੀ, ਉਸ ਨੇ ਅਤੇ ਉਸ ਦੇ ਸਾਥੀਆਂ ਨੇ ਫਤਿਹ ਸਿੰਘ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਵਿਚੋਂ ਇਕ ਜਣੇ ਨੇ ਫਤਿਹ ਸਿੰਘ ਦੀ ਛਾਤੀ ਉੱਤੇ ਗੋਲੀ ਮਾਰ ਦਿੱਤੀ। ਉਸ ਨੇ ਇਕ ਹੋਰ ਗੋਲੀ ਮਾਰੀ, ਪਰ ਓਦੋਂ ਪੀੜਤ ਹੇਠਾਂ ਡਿੱਗ ਗਿਆ ਤੇ ਗੋਲੀ ਸਿਰ ਉੱਤੋਂ ਲੰਘ ਗਈ। ਗੋਲੀ ਚਲਾਉਣ ਪਿੱਛੋਂ ਉਨ੍ਹਾਂ ਵਿੱਚੋਂ ਕੁਝ ਲੋਕ ਭੱਜ ਗਏ। ਚੰਡੀ ਮੰਦਿਰ ਪੁਲਿਸ ਨੇ ਇਸ ਕੇਸ ਵਿੱਚ ਅਣਪਛਾਤੇ ਲੋਕਾਂ ਵਿਰੁਧ ਧਾਰਾ 307, 323 ਅਤੇ 34 ਅਤੇ ਹਥਿਆਰ ਕਾਨੂੰਨ ਦੀ ਧਾਰਾ 25 ਦਾ ਮਾਮਲਾ ਦਰਜ ਕੀਤਾ ਅਤੇ ਸ਼ੱਕੀ ਸਮਝੇ ਜਾਂਦੇ ਅਨਿਰ ਜਿੰਦਲ, ਵਾਸੀ ਜ਼ੀਰਕਪੁਰ ਨੂੰ ਫਤਿਹ ਸਿੰਘ ਦੇ ਗੋਲੀ ਮਾਰਨ ਤੇ ਜ਼ਖ਼ਮੀ ਕਰਨ ਦੇ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਉਸ ਦੀ ਪਿਸਤੌਲ ਵੀ ਜ਼ਬਤ ਕਰ ਲਈ ਗਈ ਹੈ।

## ਸੀਰੀਅਲ ਦੀ ਨਕਲ ਕਰਦੀ 12 ਸਾਲਾ ਬੱਚੀ ਨੇ ਫਾਂਸੀ ਲਾ ਕੇ ਜਾਨ ਗੰਵਾਈ



ਛੱਤਰਪੁਰ, 26 ਜੂਨ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਛੱਤਰਪੁਰ ਤੋਂ ਦਿਲ ਹਿਲਾਉਣੀ ਖਬਰ ਆਈ ਹੈ। ਟੀ ਵੀ ਉੱਤੇ ਫਾਂਸੀ ਦਾ ਸੀਨ ਦੇਖ ਕੇ ਉਸ ਨੂੰ ਦੋਹਰਾਉਣ ਦੀ ਕੋਸ਼ਿਸ਼ ਵਿੱਚ ਇਕ 12 ਸਾਲਾ ਬੱਚੀ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ 12 ਸਾਲਾ ਬੱਚੀ ਪਰਿਵਾਰ ਦੇ ਹੋਰ ਬੱਚਿਆਂ ਨੂੰ ਘਰ ਵਿੱਚ ਟੀ ਵੀ ਉੱਤੇ ਲਾਈਵ ਚੱਲ ਰਹੇ ਸੀਰੀਅਲ ਦੀ ਨਕਲ ਨਾਲ ਡਰਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਤਾ ਲੱਗਾ ਹੈ ਕਿ ਉਸੇ ਸਮੇਂ ਟੀ ਵੀ ਉੱਤੇ ਫਾਂਸੀ ਦਾ ਸੀਨ ਆਇਆ ਤਾਂ ਬੱਚੀ ਨੇ ਇਸ ਨੂੰ ਦੋਹਰਾਉਣਾ ਸ਼ੁਰੂ ਕੀਤਾ। ਘਰ ਵਿੱਚ ਕੋਈ ਵੱਡਾ ਮੌਜੂਦ ਨਹੀਂ ਸੀ, ਇਸ ਲਈ ਉਸ ਨੂੰ ਕਿਸੇ ਨੇ ਏਦਾਂ ਕਰਨ ਤੋਂ ਨਹੀਂ ਰੋਕਿਆ। ਬੱਚੀ ਨੇ ਸੀਰੀਅਲ ਦੇਖਦੇ ਹੋਏ ਪਹਿਲਾਂ ਸਟੂਲ ਲਾਇਆ, ਫਿਰ ਕਮਰੇ ਵਿੱਚ ਰੱਸੀ ਦਾ ਫਾਹਾ ਬਣਾਇਆ ਤੇ ਸੀਰੀਅਲ ਵਿੱਚ ਅਗਲਾ ਸੀਨ ਸਟੂਲ ਨੂੰ ਪੈਰ ਮਾਰ ਕੇ ਸੁੱਟਣ ਦਾ ਸੀ, ਬੱਚੀ ਨੇ ਉਸੇ ਤਰ੍ਹਾਂ ਕੀਤਾ ਅਤੇ ਫਾਂਸੀ ਉੱਤੇ ਲਟਕ ਗਈ। ਪਹਿਲਾਂ ਨਾਲ ਬੈਠੇ ਪਰਿਵਾਰ ਦੇ ਹੋਰ ਬੱਚੇ ਇਸ ਨੂੰ ਖੇਡ ਸਮਝਦੇ ਰਹੇ, ਪਰ ਜਦੋਂ ਕੁਝ ਦੇਰ ਤੱਕ ਉਹ ਨਹੀਂ ਬੋਲੀ ਤਾਂ ਬੱਚਿਆਂ ਨੇ ਚੀਕਣਾ ਸ਼ੁਰੂ ਕੀਤਾ। ਉਨ੍ਹਾਂ ਦਾ ਰੌਲਾ ਸੁਣ ਕੇ ਨੇੜੇ ਲੋਕ ਆਏ। ਮੀਡੀਆ ਰਿਪੋਰਟਾਂ ਅਨੁਸਾਰ ਹਾਦਸੇ ਦੇ ਸਮੇਂ ਮਾਤਾ-ਪਿਤਾ ਬਾਜ਼ਾਰ ਗਏ ਸਨ। ਗੁਆਂਢੀਆਂ ਨੇ ਫੋਨ ਉੱਤੇ ਉਨ੍ਹਾਂ ਨੂੰ ਸੂਚਨਾ ਦਿੱਤੀ। ਇਸ ਤੋਂ ਬਾਅਦ ਦੌੜੇ-ਦੌੜੇ ਮਾਤਾ-ਪਿਤਾ ਘਰ ਪਹੁੰਚੇ ਅਤੇ ਆ ਕੇ ਬੱਚੀ ਨੂੰ ਲੈ ਕੇ ਹਸਪਤਾਲ ਲੇ ਕੇ ਗਏ, ਪਰ ਗਰਦਨ ਦੀ ਹੱਡੀ ਟੁੱਟਣ ਕਾਰਨ ਉਸ ਦੀ ਰਸਤੇ ਵਿੱਚ ਹੀ ਮੌਤ ਹੋ ਗਈ।

## ਭਾਰਤੀ ਔਰਤ ਨੂੰ ਯੂ ਏ ਈ ਵਿੱਚ ਬੇਟੇ ਦੀ ਮੌਤ ਤੋਂ ਅੱਠ ਸਾਲ ਬਾਅਦ ਉਸ ਦੀ ਪੂੰਜੀ ਮਿਲੀ



ਦੁਬਈ, 26 ਜੂਨ (ਪੋਸਟ ਬਿਊਰੋ)- ਯੂ ਏ ਈ ਵਿੱਚ ਅਣਵਿਆਹੇ ਬੇਟੇ ਦੀ ਮੌਤ ਤੋਂ ਅੱਠ ਸਾਲ ਬਾਅਦ ਉਸ ਵੱਲੋਂ ਜਮ੍ਹਾਂ ਪੂੰਜੀ ਉਸ ਦੀ ਭਾਰਤੀ ਮਾਂ ਨੂੰ ਆਖਰ ਵਿੱਚ ਮਿਲ ਗਈ ਹੈ।

ਮੀਡੀਆ ਰਿਪੋਰਟ ਅਨੁਸਾਰ ਮੈਰੀਕੁਟੀ ਥੋਮਸ (78) ਦਾ 35 ਸਾਲਾ ਬੇਟਾ ਸ਼ੀਨੋ ਦੁਬਈ ਵਿੱਚ ਇੱਕ ਕੰਪਨੀ ਵਿੱਚ ਚੰਗੀ ਤਨਖਾਹ 'ਤੇ ਕੰਮ ਕਰਦਾ ਸੀ। ਆਪਣੀ ਮੌਤ ਤੋਂ ਪਹਿਲਾਂ ਉਹ ਜਮ੍ਹਾਂ ਕੀਤੇ ਪੈਸੇ ਨੂੰ ਕੇਰਲ ਵਿੱਚ ਆਪਣੇ ਵੱਡੇ ਭਰਾ ਤੇ ਮਾਤਾ ਲਈ ਛੱਡ ਗਿਆ। ਉਸ ਦਾ ਵੱਡਾ ਭਰਾ ਕੰਪਨੀ ਦੇ ਅਧਿਕਾਰੀਆਂ ਦੇ ਸੰਪਰਕ ਵਿੱਚ ਸੀ ਤੇ ਜਦੋਂ ਪਿਛਲੇ ਸਾਲ ਉਸ ਦੀ ਵੀ ਮੌਤ ਹੋ ਗਈ ਤਾਂ ਥੋਮਸ ਵੱਡੇ ਸਦਮੇ ਵਿੱਚ ਸੀ, ਇਸ ਕਾਰਨ ਉਹ ਕਾਗਜ਼ੀ ਕਾਰਵਾਈ ਨਹੀਂ ਕਰ ਸਕੀ। ਦੁਬਈ ਕੰਪਨੀ ਨੇ ਥੋਮਸ ਨੂੰ ਉਸ ਦੇ ਬੇਟੇ ਵੱਲੋਂ ਜਮ੍ਹਾਂ ਕੀਤੇ ਪੈਸੇ ਬਾਰੇ ਯਾਦ ਕਰਵਾਇਆ। ਰਿਪੋਰਟ ਦੇ ਮੁਤਾਬਕ ਕਰੀਬ 75 ਲੱਖ ਰੁਪਏ ਦੀ ਰਾਸ਼ੀ 'ਚੋਂ ਥੋਮਸ ਦਾ ਹਿੱਸਾ 33 ਲੱਖ ਰੁਪਏ ਬਣਦਾ ਸੀ। ਸੇਵਾ ਮੁਕਤ ਨਰਸ ਥੋਮਸ ਨੇ ਕਿਹਾ ਕਿ ਏਨੀ ਵੱਡੀ ਰਾਸ਼ੀ ਮੇਰੇ ਬੇਟੇ ਦੀ ਸਖਤ ਮਿਹਨਤ ਦੀ ਕਮਾਈ ਹੈ, ਉਹ ਮੇਰਾ ਹੀਰੋ ਹੈ, ਜਿਵੇਂ ਮੇਰਾ ਵੱਡਾ ਬੇਟਾ ਸੀ, ਜਿਹੜਾ ਇਸ ਦੁਨੀਆ ਵਿੱਚ ਨਹੀਂ ਹੈ।

# ਜਗਨ ਮੋਹਨ ਨੇ ਚੰਦਰਬਾਬੂ ਨਾਇਡੂ ਵਾਲੇ ਬੰਗਲੇ ਉੱਤੇ ਬੁਲਡੋਜ਼ਰ ਚੱਲਵਾ ਦਿੱਤਾ



ਅਮਰਾਵਤੀ, 26 ਜੂਨ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਦੇ ਅਮਰਾਵਤੀ ਵਾਲੇ ਘਰ ਦੇ ਨਾਲ ਲਗਦੀ ਇਮਾਰਤ 'ਪ੍ਰਜਾ ਵੇਦਿ-ਕਾ' ਨੂੰ ਬੁੱਧਵਾਰ ਤੜਕੇ ਤੋੜ ਦਿੱਤਾ ਗਿਆ। ਇਸ ਨੂੰ ਤੋੜਨ ਦਾ ਹੁਕਮ ਨਵੇਂ ਮੁੱਖ ਮੰਤਰੀ ਜਗਨ ਮੋਹਨ ਰੈੱਡੀ ਨੇ ਕੁਝ ਦਿਨ ਪਹਿਲਾਂ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਹ ਇਮਾਰਤ ਗੈਰ-ਕਾਨੂੰਨੀ ਹੈ ਤੇ ਅਜਿਹੀਆਂ ਸਭ ਇਮਾਰਤਾਂ ਨੂੰ ਡੇਗਣ ਦੀ ਮੁਹਿੰਮ ਹੇਠ ਸਭ ਤੋਂ ਪਹਿਲਾਂ ਇਸ ਨੂੰ ਤੋੜਿਆ ਜਾਵੇਗਾ।

ਵਰਨਣ ਯੋਗ ਹੈ ਕਿ ਇਹ ਇਮਾਰਤ ਚੰਦਰਬਾਬੂ ਨਾਇਡੂ ਦੀ ਸਰਕਾਰ ਵੇਲੇ ਕਰੀਬ 8 ਕਰੋੜ ਰੁਪਏ ਨਾਲ ਬਣੀ ਸੀ। ਨਾਇਡੂ ਦੇ ਬੰਗਲੇ ਨਾਲ ਦੀ ਇਸ ਬਿਲਡਿੰਗ ਦੇ ਕਾਨਫਰੰਸ ਹਾਲ ਵਿੱਚ ਸਰਕਾਰੀ ਅਫਸਰਾਂ ਨਾਲ ਬੈਠਕਾਂ ਕੀਤੀਆਂ ਜਾਂਦੀਆਂ ਸਨ ਤੇ ਏਥੇ ਸਾਬਕਾ ਮੁੱਖ ਮੰਤਰੀ ਨਾਇਡੂ ਲੋਕਾਂ ਨੂੰ ਮਿਲਦੇ ਸਨ। ਇਹ ਹਾਲ ਕਾਫੀ ਵੱਡਾ ਸੀ ਤੇ ਸਾਰੇ ਜ਼ਰੂਰੀ ਬੁਨਿਆਦੀ ਢਾਂਚੇ ਨਾਲ ਲੈਸ ਸੀ। ਅਮਰਾਵਤੀ ਵਿੱਚ ਕ੍ਰਿਸ਼ਨਾ ਨਦੀ ਕਿਨਾਰੇ ਬਣੇ ਨਾਇਡੂ ਦੇ ਬੰਗਲੇ ਅਤੇ ਇਸ ਇਮਾਰਤ ਦਾ ਦਰਵਾਜ਼ਾ ਵੀ ਇੱਕੋ ਸੀ। ਸਰਕਾਰ ਬਦਲਣ ਤੋਂ ਬਾਅਦ ਇਸ ਬਾਰੇ ਚਰਚਾ ਸੀ ਕਿ ਜੇ ਨਵੀਂ ਸਰਕਾਰ 'ਪ੍ਰਜਾ ਵੇਦਿਕਾ' ਇਮਾਰਤ ਦੀ ਵਰਤੋਂ ਕਰੇਗੀ ਤਾਂ ਚੰਦਰਬਾਬੂ ਨਾਇਡੂ ਉਸ ਬੰਗਲੇ ਵਿੱਚ ਕਦੋਂ ਤੱਕ ਰਹਿਣਗੇ। ਮੁੱਖ ਮੰਤਰੀ ਜਗਨ ਮੋਹਨ ਰੈੱਡੀ ਨੇ ਉਸ ਬਿਲਡਿੰਗ ਦੇ ਅੰਦਰ ਬੈਠਕ ਕਰ ਕੇ ਉਸੇ ਇਮਾਰਤ ਨੂੰ ਤੋੜਨ ਦਾ ਐਲਾਨ ਕੀਤਾ ਤੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਉਸ ਦਾ ਦਾਅਵਾ ਹੈ ਕਿ ਇਮ-ਾਰਤ ਗੈਰ-ਕਾਨੂੰਨੀ ਸੀ ਅਤੇ ਇਸ ਦੇ ਬਣਾਏ ਜਾਣ ਦੀ ਇਜਾਜ਼ਤ ਨਹੀਂ ਲਈ ਗਈ ਸੀ। ਜਗਨ ਮੋਹਨ ਰੈੱਡੀ ਦੇ ਮੁਤਾਬਕ ਸਿੰਜਾਈ ਵਿਭਾਗ ਦੇ ਐਗਜ਼ੀਕਿਊਟਿਵ ਇੰਜੀਨੀਅਰ ਨੇ ਇਸ ਇਮਾਰਤ ਦੀ ਇਜਾਜ਼ਤ ਨਹੀਂ ਸੀ ਲਈ ਅਤੇ ਨਦੀ ਨਾਲ ਜੁੜੇ ਨਿਯਮਾਂ ਦੀ ਉਲੰਘਣ ਕਰ ਕੇ ਇਸ ਦੀ ਉਸਾਰੀ ਕੀਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਮਾਰਤ ਬਣਾਉਣ ਦਾ ਟੈਂਡਰ ਵੀ ਨਹੀਂ ਦਿੱਤਾ ਗਿਆ। ਸ਼ੁਰੂ ਵਿੱਚ ਇਸ ਦੀ ਕੀਮਤ ਕਰੀਬ 5 ਕਰੋੜ ਰੁਪਏ ਲਾਈ ਗਈ, ਪਰ ਬਣਦੇ-ਬਣਦੇ ਇਸ ਵਿੱਚ 8 ਕਰੋੜ ਤੋਂ ਵੱਧ ਰੁਪਏ ਲੱਗ ਗਏ।

ਨਵੇਂ ਮੁੱਖ ਮੰਤਰੀ ਦੇ ਇਸ ਫੈਸਲੇ ਉੱਤੇ ਪ੍ਰਤੀਕਿਰਿਆ ਦਿੰਦੇ ਹੋਏ ਸਾਬਕਾ ਮੁੱਖ ਮੰਤਰੀ ਨਾਇਡੂ ਨੇ ਕਿਹਾ, 'ਇਸ ਖੂਬਸੂਰਤ ਇਮਾਰਤ ਨੂੰ ਤੋੜਨਾ ਇਕ ਬੇਵਕੂਫਾਨਾ ਫੈਸਲਾ ਹੈ। ਅਸੀਂ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਇਹ ਛੱਡ ਦੇਣ, ਤਾਂ ਇਸ ਦੀ ਵਰਤੋਂ ਵਿਰੋਧੀ ਧਿਰ ਦੇ ਨੇਤਾ ਵਜੋਂ ਅਸੀਂ ਕਰ ਸਕਾਂਗੇ। ਜੇ ਉਹ ਸਾਨੂੰ ਨਹੀਂ ਦੇਣਾ ਚਾਹੁੰਦੇ ਤਾਂ ਖੁਦ ਕਿਸੇ ਵੀ ਕੰਮ ਲਈ ਇਸ ਦੀ ਵਰਤੋਂ ਕਰ ਸਕਦੇ ਸਨ।

## ਮ੍ਰਿਤਕ ਐਲਾਨੇ ਜਾਣ ਦੇ 20 ਮਿੰਟ ਬਾਅਦ ਨੌਜਵਾਨ ਨੂੰ ਹੋਸ਼ ਆ ਗਿਆ, ਡਾਕਟਰ ਹੈਰਾਨ

ਵਾਸ਼ਿੰਗਟਨ, 26 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਮਿਸ਼ੀਗਨ ਤੋਂ ਇਕ ਹੈਰਾਨੀ ਵਾਲੀ ਖਬਰ ਆਈ ਹੈ। ਇੱਥੇ 20 ਸਾਲਾ ਨੌਜਵਾਨ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨਿਆ ਸੀ, ਉਹ 20 ਮਿੰਟ ਬਾਅਦ ਫਿਰ ਜ਼ਿੰਦਾ ਹੋ ਗਿਆ। ਅਸਲ ਵਿਚ ਲਿਵੋਨੀਆ ਦਾ ਰਹਿਣ ਵਾਲਾ ਇਹ ਨੌਜਵਾਨ ਜਦੋਂ ਧਾਤ ਦੀ ਪੌੜੀ ਲੈ ਕੇ ਜਾ ਰਿਹਾ ਸੀ ਤਾਂ ਨੰਗੀ ਤਾਰ ਨਾਲ ਟਕਰਾ ਗਈ। ਕਰੰਟ ਲੱਗਣ ਨਾਲ ਮਾਈਕਲ ਪਰੂਟ ਦੀ ਮੌਤ ਹੋ ਗਈ ਤੇ ਉਸ ਦੇ ਦਿਲ ਦੀ ਧੜਕਣ ਬੰਦ ਹੋ ਗਈ, ਪਰ ਕਰੀਬ 20 ਮਿੰਟ ਬਾਅਦ ਚਮਤਕਾਰੀ ਢੰਗ ਨਾਲ ਉਹ ਫਿਰ ਜ਼ਿੰਦਾ ਹੋ ਗਿਆ। ਚੰਗੀ ਗੱਲ ਇਹ ਸੀ ਕਿ ਇਸ ਹਾਦਸੇ ਵਿਚ ਮਾਈਕਲ ਦੇ ਦਿਮਾਗ ਨੂੰ ਨੁਕਸਾਨ ਨਹੀਂ ਪਹੁੰਚਿਆ।

ਬੀਤੀ 30 ਅਪ੍ਰੈਲ ਨੂੰ ਮਾਈਕਲ ਘਰ ਦੇ ਕੰਮ ਵਿਚ ਆਪਣੇ ਮਤਰੇਏ ਪਿਤਾ ਨਾਲ ਮਦਦ ਕਰ ਰਿਹਾ ਸੀ ਤਾਂ ਕਰੰਟ ਲੱਗਣ ਕਾਰਨ ਉਸ ਦੇ ਦਿਲ ਦੀ ਧੜਕਣ ਰੁਕ ਗਈ। ਇਸ ਦੌਰਾਨ ਉਸ ਨੂੰ ਨਾ ਦਰਦ ਹੋਇਆ ਤੇ ਨਾ ਇਹ ਯਾਦ ਹੈ ਕਿ ਉਹ ਕਰੰਟ ਲੱਗਣ ਪਿੱਛੋਂ ਜ਼ਮੀਨ ਉੱਤੇ ਡਿੱਗਾ ਸੀ। ਮਾਈਕਲ ਨੂੰ ਇੰਨਾ ਯਾਦ ਹੈ ਕਿ ਉਹ ਤੁਰ ਰਿਹਾ ਸੀ ਤੇ ਬਾਅਦ ਵਿਚ ਉਸ ਨੇ ਖੁਦ ਨੂੰ ਬਿਊਮੌਂਟ ਹਸਪਤਾਲ ਵਿਚ ਬਿਸਤਰੇ ਉੱਤੇ ਵੇਖਿਆ। ਡਾਕਟਰ ਚਾਰੇ ਪਾਸੀਂ ਉਸ ਨੂੰ ਘੇਰੀ ਖੜੇ ਸਨ। ਜਦੋਂ ਮਾਈਕਲ ਨੂੰ ਦੁਬਾਰਾ ਹੋਸ਼ ਆਇਆ ਤਾਂ ਖੁਦ ਨੂੰ ਹਲਕਾ ਮਹਿਸੂਸ ਕਰ ਰਿਹਾ ਸੀ ਤੇ ਬੈੱਡ ਦੀ ਰੈਲਿੰਗ ਫੜ ਕੇ ਪੂਰੀ ਤਾਕਤ ਨਾਲ ਹਿਲਾ ਰਿਹਾ ਸੀ ਅਤੇ ਉਸ ਦੀ ਦੇਖਭਾਲ ਕਰਨ ਵਾਲੀ ਟੀਮ ਨੇ ਉਸ ਨੂੰ ਫੜ ਰੱਖਿਆ ਸੀ। ਉਸ ਦੇ ਜ਼ਮੀਨ ਉੱਤੇ ਡਿੱਗਣ ਪਿੱਛੋਂ ਪੈਰਾ ਮੈਡੀਕਲ ਅਧਿਕਾਰੀਆਂ ਨੂੰ ਉਸ ਕੋਲ ਜਾਣ ਲਈ 4 ਮਿੰਟ ਦਾ ਸਮਾਂ ਲੱਗਾ ਸੀ। ਜਦੋਂ ਅਧਿਕਾਰੀ ਪਹੁੰਚੇ ਤਾਂ ਉਨ੍ਹਾਂ ਨੂੰ ਮਾਈਕਲ ਦੇ ਬਚਣ ਦੀ ਸੰਭਾਵਨਾ ਘੱਟ ਲੱਗਦੀ ਸੀ। ਉਸ ਦੇ ਦਿਲ ਦੀ ਧੜਕਣ ਬੰਦ ਸੀ। ਹਸਪਤਾਲ ਵਿਚ ਡਿਫੀਬ੍ਰਿਲੇਟਰ ਨਾਲ ਵਾਰ-ਵਾਰ ਕੋਸ਼ਿਸ਼ ਕਰਨ ਦੇ ਬਾਵਜੂਦ ਦਿਲ ਦੁਬਾਰਾ ਨਹੀਂ ਧੜਕ ਰਿਹਾ ਸੀ। ਅਖੀਰ ਕਰੀਬ 20 ਮਿੰਟ ਬਾਅਦ ਮਾਈਕਲ ਨੂੰ ਹੋਸ਼ ਆਇਆ। ਉਸ ਨੂੰ ਪੈਰ ਦੇ ਅੰਗੂਠੇ ਵਿਚ ਕੁਝ ਮਹਿਸੂਸ ਨਹੀਂ ਸੀ ਹੋ ਰਿਹਾ, ਜਿੱਥੇ ਕਰੰਟ ਲੱਗਾ ਸੀ, ਪਰ ਦਿਲ ਦੀ ਧੜਕਣ ਬੰਦ ਹੋਣ ਕਾਰਨ ਦਿਮਾਗ ਤੱਕ ਕਰੀਬ 20 ਮਿੰਟ ਤੱਕ ਖੂਨ ਤੇ ਆਕਸੀਜਨ ਨਾ ਪਹੁੰਚਣ ਦੇ ਬਾਵਜੂਦ ਦਿਮਾਗ ਠੀਕ ਤਰ੍ਹਾਂ ਕੰਮ ਕਰ ਰਿਹਾ ਸੀ।

# ਟੀ ਐਮ ਸੀ ਪਾਰਲੀਮੈਂਟ ਮੈਂਬਰ ਮਹੂਆ ਗੋਇਤਰਾ ਸਦਨ ਦੇ ਵਿੱਚ ਮੋਦੀ ਸਰਕਾਰ ਉਤੇ ਵਰ੍ਹ ਪਈ



ਨਵੀਂ ਦਿੱਲੀ, 26 ਜੂਨ (ਪੋਸਟ ਬਿਊਰੋ)- ਪਹਿਲੀ ਵਾਰ ਪਾਰਲੀਮੈਂਟ ਮੈਂਬਰ ਬਣੀ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੀ ਆਗੂ ਮਹੂਆ ਗੋਇਤਰਾ ਨੇ ਕੱਲ੍ਹ ਲੋਕ ਸਭਾ ਵਿੱਚ ਜ਼ੋਰਦਾਰ ਭਾਸ਼ਣ ਦਿੰਦਿਆਂ ਮੋਦੀ ਸਰਕਾਰ ਉੱਤੇ ਹਿਟਲਰੀ ਰੁਖ਼ ਧਾਰਨ ਦਾ ਦੋਸ਼ ਲਾਇਆ। ਪਾਰਲੀਮੈਂਟ ਵਿੱਚ ਆਪਣੇ ਪਲੇਠੇ ਭਾਸ਼ਣ ਦੀ ਸ਼ੁਰੂਆਤ ਜਨਤਾ ਦੇ ਫਤਵੇ ਨੂੰ ਮੰਨਣ ਨਾਲ ਕਰ ਕੇ ਕਿਹਾ ਕਿ ਲੋਕ ਸਭਾ ਵਿੱਚ ਸਰਕਾਰ ਦੇ ਭਾਰੀ ਬਹੁਮਤ ਨਾਲ ਤਾਨਾਸ਼ਾਹੀ ਰੁਝਾਨ ਸ਼ੁਰੂ ਹੋ ਗਏ ਹਨ।

ਟੀ ਐੱਮ ਸੀ ਪਾਰਟੀ ਦੀ ਪਾਰਲੀਮੈਂਟ ਮੈਂਬਰ ਨੇ ਬੁਲੰਦ ਆਵਾਜ਼ ਅਤੇ ਜੋਸ਼ ਨਾਲ ਦਿੱਤੇ ਭਾਸ਼ਣ ਵਿੱਚ ਹਾਕਮ ਧਿਰ ਤੇ ਵਿਰੋਧੀ ਧਿਰ ਨੂੰ ਖੁਦ ਨੂੰ ਸੁਣਨ ਲਈ ਮਜਬੂਰ ਕਰ ਦਿੱਤਾ। ਭਾਸ਼ਣ ਦੇ ਅੰਤ ਵਿੱਚ ਵਿਰੋਧੀ ਧਿਰ ਦੀ ਲਗਭਗ ਹਰ ਪਾਰਟੀ ਦੇ ਆਗੂ ਨੇ ਆ ਕੇ ਉਸ ਦਾ ਹੌਸਲਾ ਵਧਾਇਆ, ਜਿਸ ਦੀ ਸ਼ੁਰੂਆਤ ਟੀ ਐੱਮ ਸੀ ਦੇ ਸੀਨੀਅਰ ਨੇਤਾ ਸੋਗਤ ਰਾਏ ਨੇ ਕੀਤੀ, ਜੋ ਖੁਦ ਆਪਣੀ ਸੀਟ ਤੋਂ ਉਠ ਕੇ ਉਸ ਨੂੰ ਵਧਾਈ ਦੇਣ ਗਏ। ਉਸ ਪਿੱਛੋਂ ਟੀ ਡੀ ਪੀ, ਬੀ ਜੇ ਪੀ, ਡੀ ਐੱਮ ਕੇ, ਐੱਨ ਸੀ ਪੀ ਸਮੇਤ ਸਾਰੇ ਨੇਤਾ ਉਸ ਦੇ ਭਾਸ਼ਣ ਲਈ ਸਿਫਤ ਕਰਦੇ ਨਜ਼ਰ ਆਏ। ਟੀ ਐੱਮ ਸੀ ਦੀ ਮੈਂਬਰ ਦੇ ਤਿੱਖੇ ਭਾਸ਼ਣ ਵਿੱਚ ਹਾਕਮ ਧਿਰ ਨੇ ਕਈ ਵਾਰ ਰੋਕਣ ਅਤੇ ਇਤਰਾਜ਼ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੀ ਪ੍ਰਵਾਹ ਕੀਤੇ ਬੈਗਰ ਲਗਾਤਾਰ ਬੋਲਦਿਆਂ ਤੇ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਗੋਇਤਰਾ ਨੇ ਭਾਸ਼ਣ ਦੇ ਅਖੀਰ ਵਿੱਚ ਸਰਕਾਰ 'ਤੇ ਤਨਜ਼ ਕਰਦਿਆਂ ਕਿਹਾ ਕਿ:

ਜੋ ਅੱਜ ਸਾਹਿਬੇ ਮਸਨਦ ਹੈਂ, ਕੱਲ੍ਹ ਨਹੀਂ ਹੋਂਗੇ

ਕਿਰਾਏਦਾਰ ਹੈਂ, ਜਾਤੀ ਮਕਾਨ ਥੋੜ੍ਹੇ ਹੈ।

ਸਭੀ ਕਾ ਖੂਨ ਸ਼ਾਮਿਲ ਹੈ ਯਹਾਂ ਕੀ ਮਿੱਟੀ ਮੇਂ

ਕਿਸੀ ਕੇ ਬਾਪ ਕਾ ਹਿੰਦੁਸਤਾਨ ਥੋੜ੍ਹੇ ਹੈ।

# ਭ੍ਰਿਸ਼ਟਾਚਾਰ ਤੇ ਹਿੰਦੀ ਮੁੱਦੇ ਉਤੇ ਭਾਜਪਾ ਅਤੇ ਡੀ ਐਮ ਕੇ ਵਾਲੇ ਮੈਂਬਰ ਉਲਝੇ

ਨਵੀਂ ਦਿੱਲੀ, 26 ਜੂਨ (ਪੋਸਟ ਬਿਊਰੋ)- ਲੋਕ ਸਭਾ ਵਿੱਚ ਕੱਲ੍ਹ ਡੀ ਐੱਮ ਕੇ ਦੇ ਦਯਾਨਿਧੀ ਮਾਰਨ ਨੇ ਤਾਮਿਲ ਨਾਡੂ 'ਚ ਅੰਨਾ ਡੀ ਐੱਮ ਕੇ ਸਰਕਾਰ ਦੇ ਰਾਜ ਵਿੱਚ ਭ੍ਰਿਸ਼ਟਾਚਾਰ ਵਧਣ ਦਾ ਦੋਸ਼ ਲਾਉਂਦਿਆਂ ਕਾਵੇਰੀ ਨਦੀ ਜਲ ਦਾ ਮੁੱਦਾ ਪੇਸ ਕੀਤਾ। ਨਾਲ ਉਨ੍ਹਾਂ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੂੰ ਕਿਹਾ ਕਿ ਜਿਨ੍ਹਾਂ ਰਾਜਾਂ ਦੇ ਲੋਕਾਂ ਨੇ ਭਾਜਪਾ ਨੂੰ ਵੋਟ ਦਿੱਤਾ ਤੇ ਜਿਨ੍ਹਾਂ ਰਾਜਾਂ ਦੇ ਲੋਕਾਂ ਨੇ ਵੋਟ ਨਹੀਂ ਦਿੱਤਾ, ਉਨ੍ਹਾਂ ਸਾਰਿਆਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ।

ਡੀ ਐੱਮ ਕੇ ਮੈਂਬਰਾਂ ਦੀਆਂ ਕੁਝ ਟਿੱਪਣੀਆਂ ਬਾਰੇ ਭਾਜਪਾ ਅਤੇ ਡੀ ਐੱਮ ਕੇ ਮੈਂਬਰਾਂ ਦੇ ਟਕਰਾਅ ਦੀ ਸਥਿਤੀ ਬਣ ਗਈ। ਰਾਸ਼ਟਰਪਤੀ ਦੇ ਭਾਸ਼ਣ ਉੱਤੇ ਧੰਨਵਾਦ ਮਤੇ ਬਾਰੇ ਚਰਚਾ 'ਚ ਹਿੱਸਾ ਲੈਂਦਿਆਂ ਡੀ ਐੱਮ ਕੇ ਦੇ ਦਯਾਨਿਧੀ ਮਾਰਨ ਨੇ ਕਿਹਾ ਕਿ ਭਾਜਪਾ ਦੀ ਤਾਕਤ ਦਾ ਕਾਰਨ ਉਹ ਖੁਦ ਨਹੀਂ, ਵਿਰੋਧੀ ਧਿਰ ਦਾ ਕਮਜ਼ੋਰ ਹੋਣਾ ਹੈ। ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਨੂੰ ਜਿੱਤ ਦੀ ਖੁਸ਼ੀ ਦੀ ਥਾਂ ਇਸ ਨੂੰ ਨਿਮਰਤਾ ਨਾਲ ਮਨਜ਼ੂਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੇ ਆਪਣੇ ਭਾਸ਼ਣ ਵਿੱਚ ਭ੍ਰਿਸ਼ਟਾਚਾਰ ਦੀ ਗੱਲ ਕਹੀ ਸੀ ਅਤੇ ਦੇਸ਼ ਅੰਦਰ ਸਭ ਤੋਂ ਜ਼ਿਆਦਾ ਭ੍ਰਿਸ਼ਟਾਚਾਰ ਤਾਮਿਲ ਨਾਡੂ ਵਿੱਚ ਹੈ ਜਿੱਥੇ ਭਾਜਪਾ ਦੀ ਭਾਈਵਾਲ ਏ ਆਈ ਏ ਡੀ ਐੱਮ ਕੇ ਦੀ ਸਰਕਾਰ ਹੈ।

# ਚੰਗੀ ਸਿਹਤ ਲਈ ਹਫਤੇ ਵਿੱਚ ਦੋ ਘੰਟੇ ਕੁਦਰਤ ਦੀ ਗੋਦ ਵਿੱਚ ਰਹੋ

ਵਾਸ਼ਿੰਗਟਨ, 26 ਜੂਨ (ਪੋਸਟ ਬਿਊਰੋ)- ਚੰਗੀ ਸਿਹਤ ਸੁੱਖਾਂ ਦੀ ਚਾਬੀ ਹੈ ਤੇ ਸਿਹਤ ਨੂੰ ਨਰੋਆ ਰੱਖਣ ਲਈ ਕੁਦਰਤ ਦਾ ਅਹਿਮ ਯੋਗਦਾਨ ਹੈ। ਕਈ ਸਰਵੇ ਇਸ ਦੀ ਪੁਸ਼ਟੀ ਕਰ ਚੁੱਕੇ ਹਨ ਕਿ ਪਾਰਕ, ਜੰਗਲ ਆਦਿ ਥਾਵਾਂ ਵਿੱਚ ਪੈਦਲ ਚੱਲਣਾ ਅਤੇ ਹਰੇ-ਭਰੇ ਵਾਤਾਵਰਣ ਦੇ ਨੇੜੇ ਰਹਿਣਾ ਨਾ ਕੇਵਲ ਤਣਾਅ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ, ਬਲਕਿ ਬਲੱਡ ਪ੍ਰੈਸ਼ਰ ਨੂੰ ਘੱਟ ਕਰ ਕੇ ਦਮਾ, ਐਲਰਜੀ, ਸ਼ੂਗਰ ਅਤੇ ਦਿਲ ਦੇ ਰੋਗਾਂ ਦੇ ਖਤਰੇ ਨੂੰ ਵੀ ਘਟਾਉਂਦਾ ਹੈ।

ਦੁਨੀਆ ਭਰ ਦੇ ਡਾਕਟਰਾਂ ਨੇ ਆਪਣੇ ਮਰੀਜ਼ਾਂ ਨੂੰ ਬਿਹਤਰ ਸਿਹਤ ਲਈ ਕੁਦਰਤ ਦੇ ਕੋਲ ਸਮਾਂ ਬਿਤਾਉਣ ਦਾ ਸੁਝਾਅ ਦੇਣਾ ਸ਼ੁਰੂ ਕਰ ਦਿੱਤਾ ਹੈ। ਏਥੇ ਇੱਕ ਸਵਾਲ ਉਠਦਾ ਹੈ ਕਿ ਘਰੋਂ ਬਾਹਰ ਕੁਦਰਤ ਦੇ ਨੇੜੇ ਕਿੰਨਾ ਸਮਾਂ ਦੇਣਾ ਚਾਹੀਦਾ ਹੈ, ਜਿਸ ਤੋਂ ਸਿਹਤ ਦਾ ਲਾਭ ਹੋ ਸਕੇ। ਸਾਇੰਟਿਫਿਕ ਰਿਪੋਰਟਸ ਨਾਂਅ ਦੇ ਜਰਨਲ ਵਿੱਚ ਛਪੀ ਇੱਕ ਰਿਪੋਰਟ ਵਿੱਚ ਇਸ ਦਾ ਜਵਾਬ ਦਿੱਤਾ ਗਿਆ ਹੈ: ਹਫਤੇ ਵਿੱਚ 120 ਮਿੰਟ, ਯਾਨੀ ਬੱਸ ਦੋ ਘੰਟੇ। ਸਾਲ 2014 ਤੋਂ 2016 ਵਿਚਾਲੇ ਇੰਗਲੈਂਡ ਵਿੱਚ ਕਰੀਬ 20 ਹਜ਼ਾਰ ਲੋਕਾਂ 'ਤੇ ਕੀਤੇ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ। ਖੋਜਕਾਰਾਂ ਨੇ ਇਨ੍ਹਾਂ ਲੋਕਾਂ ਨੂੰ ਹਫਤੇ ਦੇ ਦੌਰਾਨ ਆਪਣੀਆਂ ਗਤੀਵਿਧੀਆਂ ਰਿਕਾਰਡ ਕਰਨ ਲਈ ਕਿਹਾ ਅਤੇ ਉਨ੍ਹਾਂ ਤੋਂ ਮਿਲੇ ਡਾਟਾ ਦਾ ਵਿਸ਼ਲੇਸ਼ਣ ਕਰ ਕੇ ਇਹ ਨਤੀਜਾ ਕੱਢਿਆ। ਇਸ ਵਿੱਚ ਸਾਹਮਣੇ ਆਇਆ ਕਿ ਜਿਨ੍ਹਾਂ ਲੋਕਾਂ ਨੇ ਹਫਤੇ ਵਿੱਚ ਦੋ ਜਾਂ ਉਸ ਤੋਂ ਵੱਧ ਘੰਟੇ ਕੁਦਰਤ ਦੇ ਕਰੀਬ ਬਿਤਾਏ, ਉਨ੍ਹਾਂ ਦੀ ਸਿਹਤ ਅਜਿਹਾ ਨਾ ਕਰਨ ਵਾਲਿਆਂ ਦੇ ਮੁਕਾਬਲੇ ਬਿਹਤਰ ਸੀ। ਸਰਵੇ ਵਿੱਚ ਇਹ ਵੀ ਪਤਾ ਲੱਗਾ ਕਿ ਹਫਤੇ ਵਿੱਚ 60 ਤੋਂ 90 ਮਿੰਟ ਕੁਦਰਤ ਦੇ ਨੇੜੇ ਬਿਤਾਉਣ ਦਾ ਜ਼ਿਆਦਾ ਪ੍ਰਭਾਵ ਨਹੀਂ ਪੈਂਦਾ, ਜਦ ਕਿ ਪੰਜ ਘੰਟੇ ਤੋਂ ਵੱਧ ਸਮਾਂ ਬਿਤਾਉਣ 'ਤੇ ਵੀ ਕੋਈ ਜ਼ਿਆਦਾ ਲਾਭ ਨਹੀਂ ਹੁੰਦਾ।







# ਸੰਪਾਦਕੀ

## 2019 ਚੋਣਾਂ : ਵਣਜਾਰੇ ਜੋ ਮੁੜ ਵਾਅਦਿਆਂ ਦੇ ਹੋਕੇ ਨਹੀਂ ਦੇਣਗੇ?

ਅਕਤੂਬਰ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਦੇ ਮੱਦੇਨਜ਼ਰ ਦੋ ਗੱਲਾਂ ਦਿਲਚਸਪ ਪਰੀਪੇਖ ਪੇਸ਼ ਕਰਦੀਆਂ ਹਨ। ਬੀਤੇ ਦਿਨੀਂ Angus Reid Institute ਵੱਲੋਂ ਇੱਕ ਸਰਵੇਖਣ ਕਰਵਾਇਆ ਗਿਆ ਜਿਸਦੇ ਨਤੀਜਿਆਂ ਬਾਰੇ ਕਿਸੇ ਵੀ ਸਿਆਸੀ ਪਾਰਟੀ ਦਾ ਨੇਤਾ ਵੇਖਣਾ ਜਾਂ ਸੁਣਨਾ ਪਸੰਦ ਨਹੀਂ ਕਰੇਗਾ। ਇਸ ਸਰਵੇਖਣ ਮੁਤਾਬਕ 64% ਕੈਨੇਡੀਅਨ ਦਾ ਮੰਨਣਾ ਹੈ ਕਿ ਸਿਆਸਤਦਾਨ ਭਰੋਸੇਯੋਗ ਲੋਕ ਨਹੀਂ ਹੁੰਦੇ ਅਤੇ ਇੱਕ ਤਿਹਾਈ ਸੋਚਦੇ ਹਨ ਕਿ ਸਿਆਸਤਦਾਨ ਸਿਰਫ਼ ਅਤੇ ਸਿਰਫ਼ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਨੂੰ ਹੀ ਲੋਕ-ਸੇਵਾ ਸਮਝਦੇ ਹਨ। ਜਦੋਂ ਮੁਕਾਬਲਾ ਫੈਡਰਲ ਅਤੇ ਪ੍ਰੋਵਿੰਸ਼ੀਅਲ ਸਿਆਸਤਦਾਨਾਂ ਦਰਮਿਆਨ ਕਰਨ ਦਾ ਹੋਵੇ ਤਾਂ ਕੈਨੇਡੀਅਨਾਂ ਨੂੰ ਫੈਡਰਲ ਸਿਆਸਤਦਾਨਾਂ ਉੱਤੇ ਹੋਰ ਵੀ ਘੱਟ ਵਿਸ਼ਵਾਸ਼ ਹੈ। ਇੱਕ ਹੋਰ ਗੱਲ ਨੂੰ ਕੈਨੇਡੀਅਨ ਪਰੈੱਸ ਨੇ ਚੁੱਕਿਆ ਹੈ ਕਿ ਆਉਣ ਵਾਲੀਆਂ ਚੋਣਾਂ ਵਿੱਚ 68 ਐਮ ਪੀ ਦੁਬਾਰਾ ਚੋਣ ਨਹੀਂ ਲੜਨਗੇ ਜਿਹਨਾਂ ਨੇ 2015 ਵਿੱਚ ਸੀਟਾਂ ਜਿੱਤੀਆਂ ਸਨ। ਜੇ ਇਹਨਾਂ ਵਿੱਚੋਂ 5 ਸਵਰਗਵਾਸ ਹੋਏ ਐਮ ਪੀਆਂ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਅਗਲੀਆਂ ਚੋਣਾਂ ਵਿੱਚ 2015 ਵਿੱਚ ਜਿੱਤਣ ਵਾਲੇ 73 ਚਿਹਰੇ ਦੁਬਾਰਾ ਵਿਖਾਈ ਨਹੀਂ ਦੇਣਗੇ।

ਆਪਣੇ ਜੇਤੂ ਘੋੜਿਆਂ ਨੂੰ ਦੁਬਾਰਾ ਰੇਸ ਵਿੱਚ ਨਾ ਦੌੜਾ ਸੱਕਣ ਦੀ ਦੌੜ ਵਿੱਚ ਐਨ ਡੀ ਪੀ ਸੱਭ ਤੋਂ ਅੱਗੇ ਹੈ ਜਿਸਦੇ 33% ਐਮ ਪੀ ਪੈਰ ਪਿਛਾਂਹ ਖਿੱਚ ਚੁੱਕੇ ਹਨ। ਸਾਲ 2000 ਤੋਂ ਬਾਅਦ ਐਨ ਡੀ ਪੀ ਲਈ ਇਹ ਪਹਿਲੀ ਵਾਰ ਹੈ ਕਿ ਐਨੀ ਗਿਣਤੀ ਵਿੱਚ (23%) ਅਨੁਭਵੀ ਉਮੀਦਵਾਰਾਂ ਤੋਂ ਹੱਥ ਧੋਣਾ ਪੈ ਰਿਹਾ ਹੈ। ਇਹ ਵੇਖਦੇ ਹੋਏ ਕਿ ਇਤਿਹਾਸਕ ਰੂਪ ਵਿੱਚ ਪੁਰਾਣੇ ਐਮ ਪੀਆਂ ਦੇ ਜਿੱਤਣ ਦੇ ਆਸਾਰ ਵੱਧ ਹੁੰਦੇ ਹਨ, ਐਨ ਡੀ ਪੀ ਲਈ ਸਥਿਤੀ ਥੋੜੀ ਵੱਧ ਚੁਣੌਤੀ ਪੂਰਣ ਹੈ ਪਰ ਕੰਜ਼ਰਵੇਟਿਵ ਅਤੇ ਲਿਬਰਲ ਵੀ ਕੋਈ ਬਹੁਤਾ ਪਿੱਛੇ ਨਹੀਂ ਹਨ। ਕੰਜ਼ਰਵੇਟਿਵਾਂ ਲਈ ਇਹ ਗਿਣਤੀ 23% ਅਤੇ ਲਿਬਰਲਾਂ ਦੇ ਕੇਸ ਵਿੱਚ 14% ਹੈ। ਨੈਨੋਜ਼ ਰੀਸਰਚ ਮੁਤਾਬਕ ਕੰਜ਼ਰਵੇਟਿਵਾਂ ਅਤੇ ਲਿਬਰਲਾਂ ਦੀ ਹਰਮਨ ਪਿਆਰਤਾ ਵਿੱਚ ਜੋ ਵਕਫ਼ਾ ਪਹਿਲਾਂ ਵੇਖਣ ਨੂੰ ਮਿਲਦਾ ਸੀ, ਉਹ ਕਾਫ਼ੀ ਘੱਟ ਹੋ ਚੁੱਕਾ ਹੈ ਅਤੇ ਦੋਵੇਂ ਪਾਰਟੀਆਂ 33% ਦੀ ਰੇਂਜ ਵਿੱਚ ਘੁੰਮਦੀਆਂ ਹਨ। ਐਨ ਐਨ ਸੀ ਲਾਵ-ਾਲਿਨ ਮਸਲੇ ਦੀ ਗਰਮੀ ਪਿੱਛੇ ਰਹਿ ਜਾਣ ਕਾਰਣ ਲਿਬਰਲਾਂ ਦੀ ਗੁੱਡੀ ਮੁੜ ਲੀਹ ਚੜਦੀ ਵਿਖਾਈ ਦੇਂਦੀ ਹੈ। ਐਨ ਡੀ ਪੀ ਅਤੇ ਗਰੀਨ ਪਾਰਟੀ ਕਰਮਵਾਰ 17% ਅਤੇ 10% ਉੱਤੇ ਹਨ।

ਜਦੋਂ ਗੱਲ ਵੱਡੀ ਗਿਣਤੀ ਵਿੱਚ ਐਮ ਪੀਆਂ ਦੇ ਦੁਬਾਰਾ ਨਾ ਲੜਨ ਦੀ ਆਉਂਦੀ ਹੈ ਤਾਂ ਖਿਆਲ ਐਡਮਿੰਟਨ ਸਟਰਾਥੋਨਾ ਤੋਂ ਐਨ ਡੀ ਪੀ ਦੀ ਲਿੰਡਾ ਡੰਕਨ ਵੱਲ ਜਾਂਦਾ ਹੈ। ਉਸਨੇ 2008 ਵਿੱਚ 25 ਸਾਲਾਂ ਬਾਅਦ ਅਲਬਰਟਾ ਵਿੱਚ ਐਨ ਡੀ ਪੀ ਲਈ ਪਹਿਲੀ ਵਾਰ ਸੀਟ ਜਿੱਤੀ ਸੀ। ਐਨਾ ਹੀ ਨਹੀਂ ਸਗੋਂ ਇਸ ਰਾਈਡਿੰਗ ਤੋਂ ਚੁਣੇ ਜਾਣ ਵਾਲੀ ਲਿੰਡਾ ਡੰਕਨ ਕਿਸੇ ਵੀ ਪਾਰਟੀ ਦੀ ਪਹਿਲੀ ਔਰਤ ਉਮੀਦਵਾਰ ਸੀ। ਉਸ ਵੇਲੇ ਆਪਣੀ ਜਿੱਤ ਉੱਤੇ ਉਹ ਐਨੀ ਖੁਸ਼ ਹੋਈ ਸੀ ਕਿ ਕੈਨੇਡਾ ਦੀ ਵਿਜ਼ਟ ਉੱਤੇ ਆਈ ਮੈਕਸੀਕੋ ਦੀ ਫੁੱਟਬਾਲ ਟੀਮ ਨਾਲ ਜਾ ਕੇ ਪੱਬ ਵਿੱਚ ਖੂਬ ਨੱਚੀ ਸੀ ਕਿਉਂਕਿ ਉਸਨੂੰ ਲੱਗਦਾ ਸੀ ਕਿ ਮੈਕਸੀਕੋ ਵਾਲੇ ਉਸਦੀ ਖੁਸ਼ੀ ਨੂੰ ਵੱਧ ਮਾਨਣਗੇ ਕਿਉਂਕਿ ਐਨ ਡੀ ਪੀ ਮੈਕਸੀਕਨਾਂ ਵਾਂਗੂੰ ਸੋਸ਼ਲਿਸਟ ਲੋਕਾਂ ਦੀ ਪਾਰਟੀ ਹੈ। ਫੇਰ ਉਹ 2011 ਅਤੇ 2015 ਵਿੱਚ ਚੁਣੀ ਗਈ ਅਤੇ ਇਸ ਵਾਰ ਉਸਨੇ ਖੁਸ਼ੀ 2 ਘਰ ਬੈਠਣ ਦਾ ਫੈਸਲਾ ਕਰ ਲਿਆ ਹੈ।

ਲਿੰਡਾ ਡੰਕਨ ਇੱਕਲੀ ਨਹੀਂ ਸਗੋਂ ਉਸ ਵਰਗੇ ਹੋਰ ਕਿੰਨੇ ਹੀ ਕੈਨੇਡੀਅਨ ਸਿਆਸਤਦਾਨ ਹਨ ਜਿਹੜੇ ਮਨ ਦੀ ਖੁਸ਼ੀ ਜਾਂ ਪਰਿਵਾਰਕ ਰੁਝੇਵਿਆਂ ਕਾਰਣ ਚੋਣਾਂ ਲੜਨ ਤੋਂ ਕਿਨਾਰਾ ਕਰ ਜਾਂਦੇ ਹਨ। ਇਸਦੇ ਉਲਟ ਬਹੁ-ਗਿਣਤੀ ਦੇਸੀ ਸਿਆਸਤਦਾਨਾਂ ਵਿੱਚ ਅਜਿਹਾ ਰੁਝਾਨ ਨਹੀਂ ਪਾਇਆ ਜਾਂਦਾ। ਬੇਸ਼ੱਕ ਰਾਜ ਗਰੇਵਾਲ ਅਤੇ ਦਰਸ਼ਨ ਸਿੰਘ ਕੰਗ ਇਸ ਵਾਰ ਚੋਣਾਂ ਵਿੱਚ ਸ਼ਾਇਦ ਹੀ ਵਿਖਾਈ ਦੇਣ ਪਰ ਉਹਨਾਂ ਦੇ ਚੋਣ ਨਾ ਲੜਨ ਦੇ ਕਾਰਣ ਨਿੱਜੀ ਨਹੀਂ ਸਗੋਂ ਪਾਰਟੀ ਨਾਲ ਪੈਦਾ ਹੋਏ ਸਬੰਧ ਹੋਣਗੇ। ਕੀ ਕਾਰਣ ਹੋ ਸਕਦੇ ਹਨ ਕਿ ਦੇਸੀ ਸਿਆਸਤਦਾਨ ਆਪਣੇ ਵੋਟਰਾਂ ਨੂੰ ਤਾਂ ਕੈਨੇਡੀਅਨ ਕਦਰਾਂ ਕੀਮਤਾਂ ਦੀਆਂ ਗੱਲਾਂ ਸਿਖਾਉਂਦੇ ਨਹੀਂ ਥੱਕਦੇ ਪਰ ਖੁਦ ਆਪਣੇ ਸਾਥੀ ਕੈਨੇਡੀਅਨ ਸਿਆਸਤਦਾਨਾਂ ਵੱਲੋਂ ਪਾਈਆਂ ਪੈੜਾਂ ਉੱਤੇ ਚੱਲਣ ਤੋਂ ਇਨਕਾਰੀ ਹੋ ਜਾਂਦੇ ਹਨ।

ਜਿਵੇਂ Angus Reid Institute ਦਾ ਸਰਵੇਖਣ ਦੱਸਦਾ ਹੈ ਕਿ 64% ਕੈਨੇਡੀਅਨ ਸਿਆਸਤਦਾਨਾਂ ਦਾ ਯਕੀਨ ਨਹੀਂ ਕਰਦੇ, ਜੇ ਉਸੇ ਤਰਜ਼ ਉੱਤੇ ਸਿਰਫ਼ ਅਤੇ ਸਿਰਫ਼ ਦੇਸੀ ਸਿਆਸਤਦਾਨਾਂ ਦਾ ਸਰਵੇਖਣ ਕਰਵਾਇਆ ਜਾਵੇ ਤਾਂ ਹੋ ਸਕਦਾ ਹੈ ਕਿ ਇਹਨਾਂ ਬਾਰੇ ਲੋਕਾਂ ਦੀ ਰਾਏ ਵੱਖਰੀ ਹੀ ਹੋਵੇ!

## ਲਾਲ ਕਿਲ੍ਹੇ ਵਿੱਚ ਮੁਮਤਾਜ ਮਹਿਲ ਦਾ ਹਮਾਮ ਸਵਾ ਦੋ ਸੌ ਸਾਲ ਪਿੱਛੋਂ ਦੱਬਿਆ ਲੱਭਾ

ਨਵੀਂ ਦਿੱਲੀ, 26 ਜੂਨ (ਪੋਸਟ ਬਿਊਰੋ)- ਭਾਰਤੀ ਪੁਰਾਤੱਤਵ ਸਰਵੇਖਣ (ਏ ਐੱਸ ਆਈ) ਨੇ ਸ਼ਾਹਜਹਾਂ ਦੀ ਸਭ ਤੋਂ ਪਿਆਰੀ ਬੇਗ਼ਮ ਮੁਮਤਾਜ ਮਹਿਲ ਦੇ ਨੁਕਸਾਨੇ ਗਏ ਹਮਾਮ ਨੂੰ ਲੱਭ ਲਿਆ ਹੈ। ਇਹ ਕਰੀਬ ਸਵਾ ਦੋ ਸੌ ਸਾਲ ਤੋਂ ਜ਼ਮੀਨ ਵਿੱਚ ਦੱਬਿਆ ਪਿਆ ਸੀ। ਇਹ ਮੁਮਤਾਜ ਮਹਿਲ ਦੇ ਮਹੱਲ ਦੇ ਸੱਜੇ ਪਾਸੇ ਕਰੀਬ 25 ਮੀਟਰ ਦੂਰ ਹੈ। ਇਸ ਦੇ ਆਸ-ਪਾਸ ਉਸਾਰੀ ਹੋਈ ਸੀ, ਜਿਸ ਨੂੰ ਤੋੜਿਆ ਗਿਆ ਤਾਂ ਇਹ ਹਮਾਮ ਲੱਭ ਪਿਆ ਹੈ।

ਏ ਐੱਸ ਆਈ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਉਸਾਰੀ ਤੋੜਨ ਪਿੱਛੋਂ ਇਕ ਥਾਂ ਉੱਤੇ ਜ਼ਮੀਨ ਵਿੱਚ ਕੁਝ ਹਿੱਸਾ ਧੱਸਿਆ ਹੋਇਆ ਮਿਲਿਆ। ਸਫ਼ਾਈ ਕਰਾਈ ਤਾਂ ਜ਼ਮੀਨ ਵਿੱਚ ਕਰੀਬ 12 ਫੁੱਟ ਗਹਿਰਾ ਹਮਾਮ ਮਿ-ਲਿਆ ਹੈ, ਜਿਸ ਦੀ ਚੌੜਾਈ ਕਰੀਬ 15 ਫੁੱਟ ਤੇ ਲੰਬਾਈ 40 ਫੁੱਟ ਦੇ ਕਰੀਬ ਹੈ। ਇਸ ਵਿੱਚ ਗਰਮ ਤੇ ਠੰਢੇ ਪਾਣੀ ਨਾਲ ਨਹਾਉਣ ਲਈ ਵੱਖ-ਵੱਖ ਚੈਨਲ ਹਨ। ਦੋਵਾਂ ਪਾਸਿਉਂ ਆਉਣ ਜਾਣ ਲਈ ਰਸਤੇ ਹਨ। ਅਧਿਕਾਰੀ ਨੇ ਦੱਸਿਆ ਕਿ ਮੁਮਤਾਜ ਮਹਿਲ ਕਾਰਨ ਲਾਲ ਕਿਲ੍ਹੇ ਦਾ ਇਹ ਹਿੱਸਾ ਅਤਿ ਸੰਵੇਦਨਸ਼ੀਲ ਸੀ ਅਤੇ ਏਥੇ ਬਾਹਰੀ ਲੋਕਾਂ ਨੂੰ ਆਉਣ ਦੀ ਆਗਿਆ ਨਹੀਂ ਸੀ। ਇਸ ਲਈ ਪੂਰੀ ਸੰਭਾਵਨਾ ਹੈ ਕਿ ਇਹ ਮੁਮਤਾਜ ਮਹਿਲ ਦਾ ਸ਼ਾਹੀ ਹਮਾਮ ਹੋਵੇਗਾ। ਉਨ੍ਹਾਂ ਕਿਹਾ ਕਿ ਮੋਤੀ ਮਸਜਿਦ ਕੋਲ ਜੋ ਸ਼ਾਹੀ ਹਮਾਮ ਹੈ, ਉਹ ਮੁਮਤਾਜ ਮਹਿਲ ਦੇ ਮਹੱਲ ਤੋਂ ਬਹੁਤ ਦੂਰ ਹੈ। ਇਸ ਦਾ ਸੰਭਾਲ ਕਾਰਜ ਕਰਵਾਇਆ ਜਾਵੇਗਾ। ਏ ਐੱਸ ਆਈ ਦੇ ਅਧਿਕਾਰੀ ਦਸਤਾਵੇਜ਼ਾਂ ਵਿੱਚ ਇਹ ਲੱਭ ਰਹੇ ਹਨ ਕਿ ਇਸ ਹਮਾਮ ਦਾ ਕੋਈ ਸਬੂਤ ਅਤੇ ਡਿਜ਼ਾਈਨ ਮਿਲ ਜਾਵੇ। ਹਮਾਮ ਬੁਰੀ ਤਰ੍ਹਾਂ ਨੁਕਸਾਨਿਆ ਪਿਆ ਹੈ। ਇਸ ਦੇ ਇੱਕ ਹਿੱਸੇ ਵਿੱਚ ਨਹਾਉਣ ਦੇ ਲਈ ਬੈਠਣ ਨੂੰ ਪੱਥਰ ਦੀਆਂ ਸਿਰਫ਼ ਦੋ ਸੀਟਾਂ ਬਚੀਆਂ ਹਨ। ਦੀਵਾਰਾਂ ਵਿੱਚੋਂ ਕੀਮਤੀ ਪੱਥਰ ਕੱਢ ਲਏ ਗਏ ਤੇ ਛੱਤ ਤੋੜੀ ਗਈ ਹੈ।

ਵਿਰਾਸਤ ਨੂੰ ਬਚਾਉਣ ਵਿੱਚ ਲੱਗੀ ਸੰਸਥਾ ਵਿਰਾਸਤ ਦੇ ਪ੍ਰਧਾਨ ਅਤੇ ਵਕੀਲ ਲਖਵਿੰਦਰ ਸਿੰਘ ਕਹਿੰਦੇ ਹਨ ਕਿ 1857 ਵਿੱਚ ਜਦੋਂ ਅੰਗਰੇਜ਼ਾਂ ਨੇ ਲਾਲ ਕਿਲ੍ਹੇ ਉੱਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਏਥੇ ਬੜੀ ਤੋੜਭੰਨ ਕੀਤੀ ਸੀ। ਓਦੋਂ ਇਸ ਨੂੰ ਤੋੜ ਦਿੱਤਾ ਗਿਆ ਹੋਵੇਗਾ ਤੇ ਇਸ ਦੇ ਕੀਮਤੀ ਪੱਥਰ ਕੱਢ ਲਏ ਹੋਣਗੇ। ਲਾਲ ਕਿਲ੍ਹੇ ਵਿੱਚ ਮੁਮਤਾਜ ਮਹਿਲ ਦੇ ਮਹੱਲ ਦਾ ਸੰਭਾਲ ਕੰਮ ਛੇਤੀ ਪੂਰਾ ਹੋਣ ਵਾਲਾ ਹੈ। ਇਹ ਕੰਮ 112 ਸਾਲ ਬਾਅਦ ਕਰਾਇਆ ਗਿਆ ਹੈ। ਇਸ ਤੋਂ ਪਹਿਲਾਂ ਇਸ ਮਹੱਲ ਦਾ 1907 ਵਿੱਚ ਸੰਭਾਲ ਕਾਰਜ ਹੋਇਆ ਸੀ। ਇਸ ਵਿੱਚ 1919 ਤੋਂ ਅਜਾਇਬ ਘਰ ਚੱਲ ਰਿਹਾ ਸੀ, ਜਿਸ ਨੂੰ ਏ ਐੱਸ ਆਈ ਨੇ ਮਾਰਚ 2018 ਵਿੱਚ ਤਾਲਾ ਲਾ ਦਿੱਤਾ ਸੀ। ਓਦੋਂ ਤੋਂ ਇਸ ਦਾ ਸੰਭਾਲ ਕੰਮ ਕਰਨ ਦੀ ਯੋਜਨਾ ਬਣ ਰਹੀ ਸੀ। ਮਹੱਲ ਦੇ ਵਿਚਾਲੇ ਵਾਟਰ ਚੈਨਲ ਦੇ ਪੂਰੇ ਸਬੂਤ ਨਹੀਂ ਮਿਲੇ। ਇਸ ਲਈ ਇਸ ਹਿੱਸੇ ਨੂੰ ਰੇਤ ਨਾਲ ਬੰਦ ਕਰ ਕੇ ਫਰਸ਼ ਬਰਾਬਰ ਕੀਤਾ ਜਾਵੇਗਾ। ਇਸ ਦਾ ਮਕਸਦ ਇਹ ਹੈ ਕਿ ਭਵਿੱਖ ਵਿੱਚ ਲੋੜ ਪੈਣ ਉੱਤੇ ਇਸ ਨੂੰ ਖੋਲ੍ਹਿਆ ਜਾ ਸਕੇਗਾ। ਇਹ ਮਹੱਲ ਲਾਲ ਕਿਲ੍ਹਾ ਵਿੱਚ ਦੱਖਣੀ ਤੇ ਪੂਰਬੀ ਕੋਨੇ ਵਾਲੇ ਹਿੱਸੇ ਵਿੱਚ ਹੈ।

## ਚੀਨ ਨਾਲ ਉਲਝਿਆ ਮਸਲਾ ਸੁਲਝਾਉਣ ਦੀ ਉਮੀਦ ਨਾਲ ਟਰੂਡੋ ਜਾਪਾਨ ਰਵਾਨਾ

...ਪੰਨਾ 1 ਦਾ ਬਾਕੀ

ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਬੁਲਾਰੇ ਐਡਮ ਆਸਟਿਨ ਨੇ ਆਖਿਆ ਕਿ ਇਸ ਮਾਮਲੇ ਵਿੱਚ ਕੋਈ ਵੀ ਸਿਆਸੀ ਦਖ਼ਲਅੰਦਾਜ਼ੀ ਨਹੀਂ ਹੈ। ਕੈਨੇਡਾ ਦੀ ਵਚਨਬੱਧਤਾ ਅਨੁਸਾਰ ਸਿਰਫ ਸਰਕਾਰੀ ਅਧਿਕਾਰੀ ਹੀ ਇਸ ਸਬੰਧੀ ਫੈਸਲੇ ਲੈ ਰਹੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਉੱਤੇ ਦਬਾਅ ਵਧਾਉਣ ਲਈ ਚੀਨ ਵੱਲੋਂ ਕੈਨੇਡਾ ਦੇ ਮੀਟ ਉਤਪਾਦਾਂ ਨੂੰ ਹਲਕੀ ਕੁਆਲਿਟੀ ਦਾ ਦੱਸਦਿਆਂ ਹੋਇਆਂ ਇਸ ਦੇ ਐਕਸਪੋਰਟ ਉੱਤੇ ਰੋਕ ਲਾ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਚੀਨ ਕੈਨੇਡੀਅਨ ਕੈਨੋਲਾ, ਪੀਜ਼ ਤੇ ਸੋਇਆਬੀਨਜ਼ ਦੀ ਖੇਪ ਵੀ ਰੋਕ ਚੁੱਕਿਆ ਹੈ।

ਇੰਟਰਨੈਸ਼ਨਲ ਟਰੇਡ ਮੰਤਰੀ ਜਿੰਮ ਕਾਰ ਦਾ ਕਹਿਣਾ ਹੈ ਕਿ ਇਸ ਮੌਕੇ ਕੈਨੇਡਾ ਦੇ ਬ੍ਰੈਂਡ ਨੂੰ ਖਰਾਬ ਕਰਨ ਦੀ ਚੀਨ ਦੀ ਕੋਸ਼ਿਸ਼ ਬਾਰੇ ਉਹ ਨਹੀਂ ਸੋਚ ਰਹੇ। ਇਨ੍ਹਾਂ ਉਤਪਾਦਾਂ ਵਿਚਲੀਆਂ ਖਾਮੀਆਂ ਦੱਸਣ ਲਈ ਕਿਸੇ ਨੂੰ ਠੋਸ ਸਬੂਤ ਨਾਲ ਸਾਹਮਣੇ ਆਉਣਾ ਹੋਵੇਗਾ। ਇੱਕ ਸਰਕਾਰੀ ਬੁਲਾਰੇ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸਰਕਾਰ ਨੇ ਇਸ ਤਰ੍ਹਾਂ ਕੈਨੇਡਾ ਦੇ ਉਤਪਾਦਾਂ ਲਈ ਗਲਤ ਸਰਟੀਫਿਕੇਟ ਜਾਰੀ ਕਰਨ ਦੇ ਮਾਮਲੇ ਦੀ ਜਾਂਚ ਲਈ ਆਰਸੀਐਮਪੀ ਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਸੱਦਿਆ ਹੈ।

## ਵਾਈਸ ਐਡਮਿਰਲ ਮਾਰਕ ਨੌਰਮਨ ਹੋਣਗੇ ਸੇਵਾਮੁਕਤ

...ਪੰਨਾ 1 ਦਾ ਬਾਕੀ

ਇਸ ਦੀ ਥਾਂ ਉੱਤੇ ਨੌਰਮਨ ਤੇ ਸਰਕਾਰ ਵੱਲੋਂ ਬੁੱਧਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਆਪਣੇ ਪਰਿਵਾਰ, ਆਪਣੀ ਚੇਨ ਆਫ ਕਮਾਂਡ ਤੇ ਕਾਉਂਸਲ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਵਾਈਸ ਐਡਮਿਰਲ ਨੇ ਕੈਨੇਡੀਅਨ ਆਰਮਡ ਫੋਰਸਿਜ਼ ਤੋਂ ਰਿਟਾਇਰ ਹੋਣ ਦਾ ਫੈਸਲਾ ਕੀਤਾ ਹੈ। ਇਸ ਬਿਆਨ ਵਿੱਚ ਇਹ ਖੁਲਾਸਾ ਵੀ ਕੀਤਾ ਗਿਆ ਹੈ ਕਿ ਨੌਰਮਨ ਦੇ ਵਕੀਲਾਂ ਵੱਲੋਂ ਸਰਕਾਰ ਨਾਲ ਦੋਵਾਂ ਧਿਰਾਂ ਨੂੰ ਮਨਜ਼ੂਰ ਸਹਿਮਤੀ ਬਣਾਈ ਗਈ ਹੈ, ਜਿਸ ਦੇ ਵੇਰਵੇ ਗੁਪਤ ਰੱਖੇ ਗਏ ਹਨ।

ਬੁੱਧਵਾਰ ਨੂੰ ਨੌਰਮਨ ਦੇ ਵਕੀਲਾਂ ਵੱਲੋਂ ਇਸ ਮਾਮਲੇ ਵਿੱਚ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਨੌਰਮਨ ਦੇ ਰਿਟਾਇਰ ਹੋਣ ਦੀ ਕੋਈ ਤਰੀਕ ਵੀ ਅਜੇ ਤੈਅ ਨਹੀਂ ਕੀਤੀ ਗਈ ਹੈ।

## ਅਲਬਰਟਾ ’ਚ ਪੁਲਿਸ ਅਧਿਕਾਰੀ ਵੱਲੋਂ ਗੋਲੀ ਮਾਰ ਕੇ ਮਹਿਲਾ ਦਾ ਕਤਲ, ਜਾਂਚ ਜਾਰੀ

...ਪੰਨਾ 1 ਦਾ ਬਾਕੀ

ਛੇ ਸਾਲ ਤੋਂ ਪੁਲਿਸ ਫੋਰਸ ਨਾਲ ਕੰਮ ਕਰ ਰਹੇ ਸਬੰਧਤ ਅਧਿਕਾਰੀ ਨੂੰ ਵੀ ਮੌਕੇ ਉੱਤੇ ਮੈਡੀਕਲ ਸਹਾਇਤਾ ਮੁਹੱਈਆ ਕਰਵਾਈ ਗਈ। ਅਧਿਕਾਰੀ ਨੂੰ 30 ਦਿਨ ਦੀ ਪ੍ਰਸ਼ਾਸਕੀ ਛੁੱਟੀ ਦਿੱਤੀ ਜਾਵੇਗੀ। ਪੁਲਿਸ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਸਬੰਧਤ ਅਧਿਕਾਰੀ ਨੂੰ ਪੁਲਿਸ ਸਰਵਿਸ ਤੇ ਯੂਨੀਅਨ ਦਾ ਪੂਰਾ ਸਾਥ ਹਾਸਲ ਹੈ।

ਬੁੱਧਵਾਰ ਸਵੇਰੇ ਵਾਪਰੇ ਇਸ ਗੋਲੀਕਾਂਡ ਤੋਂ ਪਤਾ ਲੱਗਦਾ ਹੈ ਕਿ ਉਸ ਦਿਨ ਕੋਈ ਰੁਟੀਨ ਕਾਲਜ਼ ਨਹੀਂ ਸਨ। ਇਸ ਰਲੀਜ਼ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਜਦੋਂ ਲੋੜ ਪੈਣ ਉੱਤੇ ਜਨਤਾ ਵੱਲੋਂ ਸਾਡੇ ਪੁਲਿਸ ਅਧਿਕਾਰੀਆਂ ਨੂੰ ਕਾਲ ਕੀਤੀ ਜਾਂਦੀ ਹੈ ਤਾਂ ਸਾਨੂੰ ਆਪਣੀ ਕਮਿਊਨਿਟੀ ਨੂੰ ਸੇਫ ਰੱਖਣ ਲਈ ਉੱਥੇ ਪਹੁੰਚਣਾ ਪੈਂਦਾ ਹੈ। ਪਰ ਕਈ ਵਾਰੀ ਅਧਿਕਾਰੀ ਖੁਦ ਦੀ ਜਾਨ ਨੂੰ ਖਤਰਾ ਵੇਖਦੇ ਹੋਏ, ਮੌਕੇ ਦੀ ਲੋੜ ਮੁਤਾਬਕ ਖੁਦ ਨੂੰ ਬਚਾਉਣ ਲਈ ਫੌਰੀ ਕੋਈ ਫੈਸਲਾ ਲੈਣ ਲਈ ਮਜਬੂਰ ਹੁੰਦੇ ਹਨ।

## ਕੈਲਾਸ਼ ਮਾਨਸਰੋਵਰ ਦੇ ਤੀਰਥ ਯਾਤਰੀ ਨੇਪਾਲ ਵਿੱਚ ਫਸ ਗਏ

### * ਟੂਰ ਅਪਰੇਟਰਾਂ ਉੱਤੇ ਦੋਸ਼ ਲਾਏ ਗਏ

ਕਾਠਮੰਡੂ, 26 ਜੂਨ, (ਪੋਸਟ ਬਿਊਰੋ)- ਇਸ ਵਾਰੀ ਕੈਲਾਸ਼ ਮਾਨ-ਸਰੋਵਰ ਯਾਤਰਾ ਤੋਂਮੁੜਦੇ ਹੋਏ ਕਰੀਬ 200 ਭਾਰਤੀ ਸ਼ਰਧਾਲੂ ਕੁਝ ਪ੍ਰਾਈਵੇਟ ਟੂਰ ਅਪਰੇਟਰਜ਼ ਦੇ ਗਲਤ ਪ੍ਰਬੰਧ ਕਾਰਨ ਨੇਪਾਲ ਦੇ ਹੁਮਲਾ ਜ਼ਿਲੇ ਵਿੱਚ ਫਸ ਗਏ ਦੱਸੇ ਜਾਂਦੇ ਹਨ। ਇਨ੍ਹਾਂ ਤੀਰਥਯਾਤਰੀਆਂ ਨੇ ਟੂਰ ਅਪਰੇਟਰਜ਼ ਉੱਤੇ ਫਸਾ ਦੇਣ ਦਾ ਦੋਸ਼ ਲਾਇਆ ਹੈ। ਵਰਨਣ ਯੋਗ ਹੈ ਕਿ ਹਰ ਸਾਲ ਵੱਡੀ ਗਿਣਤੀ ਵਿੱਚ ਭਾਰਤੀ ਲੋਕ ਕੈਲਾਸ਼ ਮਾਨਸਰੋਵਰ ਦੀ ਤੀਰਥਯਾਤਰਾ ਲਈ ਜਾਂਦੇ ਹਨ, ਜਿੱਥੇ ਉਨ੍ਹਾਂ ਨੂੰ ਤੰਗ ਰਾਹਾਂਤੋਂ ਲੰਘਣਾ ਪੈਂਦਾ ਹੈ। ਭਗਵਾਨ ਸ਼ਿਵ ਦੇ ਨਿਵਾਸ ਸਥਾਨ ਗਿਣੇ ਜਾਣ ਵਾਲੇ ਕੈਲਾਸ਼ ਮਾਨਸਰੋਵਰ ਦੇ ਰੂਪ ਵਿੱਚ ਇਹ ਹਿੰਦੂ ਧਰਮ ਦੇ ਲੋਕਾਂਲਈ ਵੀ ਖਾਸ ਮਹੱਤਵ ਪੂਰਨ ਹੈ ਅਤੇ ਜੈਨ ਅਤੇ ਬੁੱਧ ਧਰਮ ਦੇ ਲੋਕਾਂ ਲਈ ਵੀ ਇਹ ਧਾਰਮਿਕ ਮਹੱਤਵ ਵਾਲਾ ਅਸਥਾਨ ਹੈ।

ਇਸ ਵਾਰ ਓਥੇ ਗਏ ਤੀਰਥਯਾਤਰੀ ਅਜੇ ਤੱਕ ਨੇਪਾਲ-ਚੀਨ ਸਰਹੱਦ ਦੇ ਕੋਲ ਹਿਲਸਾ ਕਸਬੇ ਵਿੱਚਅਟਕੇ ਹੋਏ ਹਨ, ਜਿੱਥੇ ਉਹ ਲੋਕ ਤਿੱਬਤ ਦੇ ਬੁਰਾਂਗ ਤੋਂ ਪਹੁੰਚੇ ਤੇ ਹੈਲੀਕਾਪਟਰ ਉੱਤੇ ਸਿਮੀਕੋਟ ਨੂੰ ਰਵਾਨਾ ਹੋਣਾ ਸੀਤਾਂ ਕਿ ਨੇਪਾਲ ਗੰਜ ਵੱਲ ਜਾ ਸਕਦੇ। ਕੁਝ ਲੋਕਾਂ ਨੇ ਓਥੋਂ ਫੋਨ ਉੱਤੇ ਦੱਸਿਆ ਕਿ ਸਾਨੂੰ ਮਿਥੇ ਸਮੇਂ ਤੋਂਵੱਧ ਰੁਕਣਾ ਪੈ ਰਿਹਾ ਹੈ, ਕਿਉਂਕਿ ਸਾਡੇ ਤੋਂ ਪਹਿਲੇ ਜਥੇ ਦੇ ਲੋਕਾਂ ਨੂੰ ਟੂਰ ਅਪਰੇਟਰਜ਼ ਨੇ ਮਿਥੇ ਸਮੇਂ ਤੋਂਵੱਧ ਰੋਕੀ ਰੱਖਿਆ ਸੀ। ਉਹ ਇਥੇ ਤਿੰਨ ਦਿਨ ਫਸੇ ਰਹੇ ਅਤੇ ਅੱਜ ਉਨ੍ਹਾਂ ਦੇ ਨਿਕਲਣ ਪਿੱਛੋਂ ਸਾਡੇ ਨਿਕਲਣ ਦੀ ਆਸ ਹੈ। ਉਨ੍ਹਾਂ ਦੱਸਿਆ ਕਿ ਹਿਲਸਾ ਵਿੱਚ ਯਾਤਰੀਆਂ ਦੀ ਗਿਣਤੀ ਮੁਤਾਬਕ ਸਹੂਲਤਾਂ ਘੱਟ ਹਨ, ਪਰ ਟੂਰ ਅਪਰੇਟਰਜ਼ਕਿਸੇ ਵੀ ਸਵਾਲ ਦਾ ਜਵਾਬ ਤੱਕ ਨਹੀਂ ਦੇ ਰਹੇ।

ਦੂਸਰੇ ਪਾਸੇ ਭਾਰਤ ਵਿੱਚਬੈਠੇ ਹੋਏਟੂਰ ਅਪਰੇਟਰਜ਼ ਦਾ ਕਹਿਣਾ ਹੈ ਕਿ ਕੁਝ ਲੋਕਾਂ ਨੂੰ ਮਿਥੇ ਸਮੇਂ ਤੋਂਵੱਧ ਲਈ ਇਸ ਕਰ ਕੇ ਰੋਕਣਾ ਪਿਆ ਕਿ ਹਿਲਸਾ ਤੇ ਸਿਮੀਕੋਟ ਦੇ ਵਿਚਾਲੇ ਹੈਲੀਕਾਪਟਰ ਸੇਵਾ ਖਰਾਬ ਮੌਸਮ ਕਾਰਨ ਰੋਕਣੀ ਪਈ ਸੀਂ। ਉਨ੍ਹਾਂ ਨੇ ਕਿਹਾ ਕਿ ਸਾਡਾ ਕਸੂਰ ਨਹੀਂ, ਏਥੇ ਉਡਾਣਾਂ ਪੂਰੀ ਤਰ੍ਹਾਂ ਮੌਸਮ ਉੱਤੇ ਨਿਰਭਰ ਹਨ।

## ਕੁਵੈਤ ਵਿੱਚ ਨੌਕਰੀ ਬਹਾਨੇ 700 ਨੌਜਵਾਨਾਂ ਨਾਲ 17.50 ਕਰੋੜ ਦੀ ਠੱਗੀ

ਗੁਰਦਾਸਪੁਰ, 26 ਜੂਨ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਇੱਕ ਏਜੰਟ ਵੱਲੋਂ ਲਗਭਗ 700 ਲੋਕਾਂ ਨਾਲ ਕੁਵੈਤ ਭੇਜਣ ਦੇ ਨਾਂਅ 'ਤੇ 25000-25000 ਰੁਪਏ ਦੀ ਠੱਗੀ ਕਰਨ ਦਾ ਪਤਾ ਲੱਗਾ ਹੈ। ਇਹ ਏਜੰਟ ਠੱਗੀ ਮਾਰਨ ਪਿੱਛੋਂ ਹਰਦੋਛੰਨੀ ਰੋਡ ਵਿਖੇ ਚੱਲਦਾ ਦਫਤਰ ਬੰਦ ਕਰ ਗਿਆ ਤੇ ਨੌਜਵਾਨ ਧੱਕੇ ਖਾਣ ਲਈ ਮਜ਼ਬੂਰ ਹਨ।

ਕੱਲ੍ਹ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਨੂੰ ਮਿਲਣ ਆਏ 50 ਤੋਂ ਵੱਧ ਪੀੜਤ ਨੌਜਵਾਨਾਂ, ਜਿਨ੍ਹਾਂ ਵਿੱਚ ਜਗਰੂਪ ਸਿੰਘ ਪੁੱਤਰ ਸਤਨਾਮ ਸਿੰਘ, ਸ਼ਮਸ਼ੇਰ ਸਿੰਘ ਪੁੱਤਰ ਪ੍ਰਤਾਪ ਸਿੰਘ, ਲਵਦੀਪ ਸਿੰਘ ਪੁੱਤਰ ਭਗਵਾਨ ਸਿੰਘ ਪਿੰਡ ਸਾਂਘਣਾ ਜ਼ਿਲ੍ਹਾ ਅੰਮ੍ਰਿਤਸਰ, ਗੁਰਵਿੰਦਰ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਖਟਕੜ ਸ਼ਾਮਲ ਸਨ, ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਇੱਕ ਇਸ਼ਤਿਹਾਰ ਜਾਰੀ ਹੋਇਆ ਸੀ ਕਿ ਕੁਵੈਤ ਦੀ ਇੱਕ ਕੰਸਟਰੱਕਸ਼ਨ ਕੰਪਨੀ ਵਿੱਚ ਕਾਰੀਗਰਾਂ ਦੀ ਲੋੜ ਹੈ, ਜਿਸ ਵਿੱਚ ਲਿਖਿਆ ਸੀ ਕਿ ਓਥੇ ਨੌਜਵਾਨਾਂ ਨੂੰ ਸਿਰਫ ਨੌਂ ਮਹੀਨੇ ਕੰਮ ਮਿਲੇਗਾ ਤੇ ਇਸ ਦਾ ਸਾਰਾ ਖਰਚਾ 25 ਹਜ਼ਾਰ ਰੁਪਏ ਆਵੇਗਾ, ਜਿਸ ਵਿੱਚ ਵੀਜ਼ਾ, ਹਵਾਈ ਸਫਰ ਟਿਕਟ ਸ਼ਾਮਲ ਸੀ। ਇਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਗੁਰਦਾਸਪੁਰ ਵਿਖੇ ਚੱਲਦੇ ਦਫਤਰ ਵਿਖੇ ਲੋਕਾਂ ਨੇ ਫਾਰਮ ਭਰੇ ਤੇ ਦਫਤਰ ਦੇ ਕਹਿਣ ਮੁਤਾਬਕ ਪੰਜ-ਛੇ-ਸੱਤ ਜੂਨ ਨੂੰ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਹੋਰ ਜ਼ਿਲ੍ਹਿਆਂ ਦੇ ਲਗਭਗ ਸੱਤ ਸੌ ਨੌਜਵਾਨਾਂ ਨੇ 25000-25000 ਰੁਪਏ ਜਮ੍ਹਾ ਕਰਾਏ ਤੇ ਸਾਰਿਆਂ ਨੂੰ ਵੀਜ਼ਾ ਅਤੇ ਹਵਾਈ ਜਹਾਜ਼ ਦੀ ਟਿਕਟ ਦੇ ਦਿੱਤੀ ਕੇ ਸਾਡੀ ਫਲਾਈਟ 11 ਜੂਨ ਨੂੰ ਦੱਸੀ ਗਈ। 10 ਜੂਨ ਨੂੰ ਵਟਸਐਪ ਅਤੇ ਕੰਪਨੀ ਵੱਲੋਂ ਮੈਸਿਜ ਮਿਲਿਆ ਕਿ ਤੁਹਾਡੀ ਫਲਾਈਟ ਦੀ ਤਰੀਕ ਟਿਕਟ 'ਤੇ ਗਲਤ ਲਿਖੀ ਹੈ ਅਤੇ ਨਵੀਂ ਤਰੀਕ ਬਾਰੇ ਜਲਦੀ ਹੀ ਜਾਣਕਾਰੀ ਦਿੱਤੀ ਜਾਵੇਗੀ। ਇਨ੍ਹਾਂ ਲੋਕਾਂ ਨੇ ਦੱਸਿਆ ਕਿ ਜਦੋਂ ਅਸੀਂ ਪਤਾ ਕਰਨ ਆਏ ਤਾਂ ਹਰਦੋਛੰਨੀ ਰੋਡ ਵਿਖੇ ਚੱਲਦਾ ਦਫਤਰ ਬੰਦ ਮਿਲਿਆ ਅਤੇ ਮੋਬਾਈਲ ਵੀ ਬੰਦ ਮਿਲੇ। ਅਸੀਂ ਅਧਿਕਾਰੀਆਂ ਤੱਕ ਪਹੁੰਚ ਕੀਤੀ, ਪਰ ਕਿਸੇ ਨੇ ਨਹੀਂ ਸੁਣੀ। ਜਿਹੜਾ ਵਿਅਕਤੀ ਹਰਦੋਛੰਨੀ ਰੋਡ ਗੁਰਦਾਸਪੁਰ ਵਿਖੇ ਸਾਰਾ ਲੈਣ-ਦੇਣ ਕਰਦਾ ਸੀ, ਉਸ ਨੂੰ ਸਾਰੇ ਰਛਪਾਲ ਉਰਫ ਕਾਲੀਆ ਕਹਿੰਦੇ ਸਨ, ਪਰ ਇਹ ਰਛਪਾਲ ਉਰਫ ਕਾਲੀਆ ਵੀ ਸਿਰਫ ਵਟਸਐਪ ਕਾਲ ਰਿਸੀਵ ਕਰਦਾ ਹੈ ਕਿਉਂਕਿ ਵਟਸਐਪ ਕਾਲ ਰਿਕਾਰਡ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਪੀੜਤਾਂ ਨੇ ਦੱਸਿਆ ਕਿ ਇਸ ਤਰੀਕੇ ਨਾਲ ਇਹ ਏਜੰਟ 17 ਕਰੋੜ 50 ਲੱਖ ਦੀ ਠੱਗੀ ਮਾਰ ਕੇ ਫਰਾਰ ਹੋ ਗਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਫਰੈਂਚ ਦੀ ਭਾਣਜੀ ਵੱਲੋਂ ਦਿੱਤੇ ਅਸਤੀਫੇ ਤੋਂ ਬਾਅਦ ਫੋਰਡ ਵੱਲੋਂ ਸਾਰੀਆਂ ਨਿਯੁਕਤੀਆਂ ਦਾ ਮੁਲਾਂਕਣ ਕਰਨ ਦੇ ਹੁਕਮ

...ਪੰਨਾ 1 ਦਾ ਬਾਕੀ

ਇਸ ਤਰ੍ਹਾਂ ਦੇ ਭਾਈ ਭਤੀਜਾਵਾਦ ਨਾਲ “ਅੰਨ੍ਹਾਂ ਵੰਡੇ ਰਿਓੜੀਆਂ ਮੁੜ ਮੁੜ ਆਪਣਿਆਂ ਨੂੰ” ਵਾਲੀ ਕਹਾਵਤ ਸਹੀ ਸਿੱਧ ਹੁੰਦੀ ਹੈ। ਇਸ ਨਾਲ ਜਿੱਥੇ ਫੋਰਡ ਦੇ ਨਜ਼ਦੀਕੀ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਹਰ ਪਾਸਿਓਂ ਖੁੱਲ੍ਹੇ ਗੱਫੇ ਮਿਲ ਰਹੇ ਹਨ ਉੱਥੇ ਹੀ ਓਨਟਾਰੀਓ ਵਾਸੀਆਂ ਤੇ ਆਮ ਜਨਤਾ ਨੂੰ ਕਟੌਤੀਆਂ ਤੇ ਧੱਕੇ ਮਿਲ ਰਹੇ ਹਨ।

ਦੂਜੇ ਪਾਸੇ ਪ੍ਰੀਮੀਅਰ ਦੇ ਆਫਿਸ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਰਿਸ਼ਤੇਦਾਰੀ ਤੋਂ ਫੋਰਡ ਬਿਲਕੁਲ ਅਣਜਾਣ ਸਨ ਤੇ ਉਨ੍ਹਾਂ ਆਪਣੇ ਅਮਲੇ ਨੂੰ ਇਸ ਤਰ੍ਹਾਂ ਦੀ ਗਲਤੀ ਨਾ ਦੁਹਰਾਉਣ ਦੀ ਤਾਕੀਦ ਕੀਤੀ ਹੈ। ਇੱਕ ਸੂਤਰ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਪ੍ਰੀਮੀਅਰ ਨੂੰ ਜਿਵੇਂ ਹੀ ਇਸ ਮਾਮਲੇ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਇਸ ਗਲਤੀ ਨੂੰ ਸੁਧਾਰਨ ਦੀ ਹਦਾਇਤ ਦਿੱਤੀ। ਇਸ ਉੱਤੇ ਕੈਥਰੀਨ ਪਾਲ ਵੱਲੋਂ ਵੀ ਫੌਰੀ ਅਸਤੀਫਾ ਦੇ ਦਿੱਤਾ ਗਿਆ।

ਇੱਕ ਹੋਰ ਸਰਕਾਰੀ ਸੂਤਰ ਅਨੁਸਾਰ ਫੋਰਡ ਇਸ ਮਾਮਲੇ ਪ੍ਰਤੀ ਕਾਫੀ ਸੰਜੀਦਾ ਹਨ ਤੇ ਉਨ੍ਹਾਂ ਫਰੈਂਚ ਵੱਲੋਂ ਅਤੀਤ ਵਿੱਚ ਕੀਤੀਆਂ ਗਈਆਂ ਜਾਂ ਭਵਿੱਖ ਵਿੱਚ ਕੀਤੀਆਂ ਜਾਣ ਵਾਲੀਆਂ ਨਿਯੁਕਤੀਆਂ, ਜਿਸ ਕਿਸੇ ਫਾਈਲ ਉੱਤੇ ਉਹ ਕੰਮ ਕਰ ਰਹੇ ਸਨ ਉਸ ਦਾ ਮੁਲਾਂਕਣ ਕਰਨ ਤੇ ਉਸ ਦੀਆਂ ਸਾਰੀਆਂ ਈਮੇਲਜ਼ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ।

## ਬਿਲਡਰਾਂ ਤੇ ਅਫਸਰ ਮਾਫੀਆ ਉੱਤੇ ਸ਼ਿਕੰਜਾ ਕੱਸਣ ਦੀ ਤਿਆਰੀ

ਚੰਡੀਗੜ੍ਹ, 26 ਜੂਨ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਨੇ ਜ਼ੀਰਕਪੁਰ ਨਗਰ ਕੌਂਸਲ ਦੀ ਹੱਦ 'ਚ ਪੈਂਦੀਆਂ ਨਾਜਾਇਜ਼ ਕਲੋਨੀਆਂ ਨੂੰ ਰੈਗੂਲਰ ਕਰਾਉਣ ਲਈ ਸਰਗਰਮ ਪ੍ਰਾਪਰਟੀ ਮਾਫੀਆ ਤੇ ਲੋਕਲ ਬਾਡੀਜ਼ ਵਿਭਾਗ ਦੇ ਕਈ ਅਫਸਰਾਂ ਦੀ ਸਾਂਝ ਦੇ ਬਾਰੇ ਜਾਂਚ ਤੇਜ਼ ਕਰ ਦਿੱਤੀ ਹੈ। ਮਾਫੀਆ ਦੇ ਤਾਰ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਇੱਕ ਨੇੜੂ ਨਾਲ ਵੀ ਜੁੜੇ ਹੋਣ ਦੀ ਜਾਂਚ ਲਈ ਵਿਜੀਲੈਂਸ ਸਰਗਰਮ ਹੋ ਗਈ ਹੈ, ਪਰ ਅਜੇ ਤੱਕ ਇਸ ਦਾ ਕੋਈ ਪੁਖਤਾ ਸਬੂਤ ਨਹੀਂ ਲੱਗਿਆ। ਕੌਂਸਲ ਦੇ ਈ ਓ ਗਰੀਸ਼ ਵਰਮਾ ਦੇ ਮੋਬਾਈਲ ਕਾਲਾਂ ਦੀ ਵੀ ਘੋਖ ਕੀਤੀ ਜਾ ਰਹੀ ਹੈ। ਇਸ ਸੰਬੰਧ ਵਿੱਚ ਬਿਊਰੋ ਦੇ ਮੋਹਾਲੀ ਵਿਚਲੇ ਹੈੱਡਕੁਆਰਟਰ ਵਿੱਚ ਨਗਰ ਕੌਂਸਲ ਜ਼ੀਰਕਪੁਰ, ਡੇਰਾਬਸੀ ਸਮੇਤ ਲੋਕਲ ਬਾਡੀਜ਼ ਵਿਭਾਗ ਦੇ ਕਈ ਅਫਸਰਾਂ ਤੋਂ ਪੁੱਛਗਿੱਛ ਕਰ ਕੇ ਕਈ ਪ੍ਰੋਜੈਕਟਾਂ ਦੇ ਰਿਕਾਰਡ ਦੀ ਪੜਤਾਲ ਕੀਤੀ ਗਈ ਹੈ। ਨਗਰ ਕੌਂਸਲ ਜ਼ੀਰਕਪੁਰ ਦੇ ਈ ਓ ਗਰੀਸ਼ ਅਫਸਰਾਂ ਤੇ ਇੱਕ ਬਿਲਡਰਾਂ ਤੋਂ ਤਕਰੀਬਨ ਪੰਜ ਘੰਟੇ ਪੁੱਛਗਿੱਛ ਕੀਤੀ ਹੈ। ਵਿਜੀਲੈਂਸ ਵੱਲੋਂ ਜ਼ੀਰਕਪੁਰ ਨਗਰ ਕੌਂਸਲ ਦੇ ਦਫਤਰ ਵਿੱਚ ਛਾਪੇ ਨੂੰ ਭਾਵੇਂ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਨੇੜੂਆਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ, ਪਰ ਇਸ ਪਿੱਛੇ ਮਮਲਾ ਨਾਜਾਇਜ਼ ਕਲੋਨੀਆਂ ਦੇ ਨਕਸ਼ੇ ਪਾਸ ਕਰਨ ਤੇ ਕਈ ਅਫਸਰਾਂ ਦੀ ਵੱਡੇ ਬਿਲਡਰਾਂ ਨਾਲ ਮਿਲੀਭੁਗਤ ਹੋਣ ਦਾ ਦੱਸਿਆ ਜਾ ਰਿਹਾ ਹੈ।


















# ਭਾਰਤੀ ਸਮਾਜ ਅਤੇ ਔਰਤ

-ਮੂਰਤੀ ਕੌਰ-

ਭਾਰਤੀ ਸਮਾਜ ਵਿੱਚ 'ਇਨਸਾਨੀਅਤ' ਨਾਂ ਦੇ ਧਰਮ ਦੀ ਹੋਂਦ ਮਨਫੀ ਹੁੰਦੀ ਜਾ ਰਹੀ ਹੈ। ਜਿਥੇ ਔਰਤ ਨੂੰ ਦੇਵੀ ਦੇ ਰੂਪ ਵਿੱਚ ਪੂਜਿਆ ਜਾਂਦਾ ਹੈ, ਉਥੇ ਜਿਉਂਦੀ ਜਾਗਦੀ ਔਰਤ ਦੀ ਜ਼ਿੰਦਗੀ ਤਰਸ ਯੋਗ ਬਣੀ ਹੋਈ ਹੈ। ਮੱਧ ਵਰਗੀ ਤੇ ਨੀਵੀਂ ਸ਼੍ਰੇਣੀ ਦੀਆਂ ਔਰਤਾਂ ਦੀ ਸਥਿਤੀ ਹੋਰ ਨਾਜ਼ੁਕ ਹੈ। ਸਾਡੇ ਸਮਾਜ ਵਿੱਚ ਔਰਤ ਨੂੰ ਮਨੁੱਖ ਨਹੀਂ, ਬਲਕਿ ਵਰਤਣ ਦੀ ਸ਼ੈਅ ਸਮਝਿਆ ਜਾਂਦਾ ਹੈ। 21ਵੀਂ ਸਦੀ ਵਿੱਚ ਦੇਸ਼ ਦੀ ਤਰੱਕੀ ਦੀ ਕਹਾਣੀ ਅਧੂਰਾ ਸੱਚ ਹੈ, ਕਿਉਂਕਿ ਇਥੇ ਔਰਤ ਹੋਣਾ ਸਰਾਪ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਔਰਤ ਪੜ੍ਹ ਲਿਖ ਕੇ ਆਜ਼ਾਦ ਜੀਵਨ ਬਤੀਤ ਕਰ ਰਹੀ ਹੈ, ਪਰ ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਕੁਝ ਹੋਰ ਹੀ ਬਿਆਨ ਕਰਦੀਆਂ ਹਨ। ਕੀ ਇਹ ਸੱਤਾਮਈ ਧਿਰਾਂ ਵੱਲੋਂ ਸਿਰਜਿਆ ਭੁਲੇਖਾ ਨਹੀਂ ਜਿਸ ਨੂੰ ਸਮਾਜ ਦਾ ਹਰ ਵਰਗ ਪ੍ਰਸ਼ਨ ਕਰਨ ਦੀ ਥਾਂ ਅੱਖਾਂ ਬੰਦ ਕਰਕੇ ਮੰਨੀ ਬੈਠਾ ਹੈ? ਕੀ ਔਰਤ ਸਮਾਜ ਵਿੱਚ ਬਿਨਾਂ ਕਿਸੇ ਡਰ ਦੇ ਆਜ਼ਾਦ ਵਿਚਰ ਸਕਦੀ ਹੈ? ਕੀ ਸਮਾਜ ਵਿੱਚ ਔਰਤ ਨੂੰ ਬਰਾਬਰ ਅਧਿਕਾਰ ਮਿਲਦੇ ਹਨ? ਸਮਾਜ ਅੰਦਰ ਔਰਤ ਨਾਲ ਨਿੱਤ ਦਿਹਾੜੇ ਵਾਪਰਦੀਆਂ ਘਟਨਾਵਾਂ ਨਾਲ ਔਰਤ ਦੀ ਹੋਣੀ ਦਾ ਦਰਦ ਕਿਸੇ ਤੋਂ ਲੁਕਿਆ ਨਹੀਂ ਹੈ।

2012 ਵਿੱਚ ਇਕ ਕੁੜੀ ਨਾਲ ਦਿੱਲੀ ਵਿੱਚ ਗੈਂਗਰੇਪ ਹੁੰਦਾ ਹੈ, ਜਿਸ ਪਿੱਛੋਂ ਉਸ ਦੀ ਹਾਲਤ ਇੰਨੀ ਨਾਜ਼ੁਕ ਹੋ ਜਾਂਦੀ ਹੈ ਕਿ ਉਹ ਆਪਣੀ ਜ਼ਿੰਦਗੀ ਦੀ ਜੰਗ ਹਾਰ ਜਾਂਦੀ ਹੈ। ਇਸ ਪਿੱਛੋਂ ਜੰਮੂ ਕਸ਼ਮੀਰ ਵਿੱਚ ਜਨਵਰੀ 2018 ਵਿੱਚ ਅੱਠ ਸਾਲਾ ਬੱਚੀ ਆਸਿਫਾ ਨੂੰ ਬਲਾਤਕਾਰ ਪਿੱਛੋਂ ਮਾਰ ਦਿੱਤਾ ਗਿਆ। ਅਜਿਹੀ ਹੀ ਇਕ ਘਟਨਾ ਪਿਛਲੇ ਦਿਨੀਂ ਸੰਗਰੂਰ ਜ਼ਿਲੇ ਦੇ ਛੋਟੇ ਜਿਹੇ ਸ਼ਹਿਰ ਧੂਰੀ ਵਿੱਚ ਵਾਪਰ ਗਈ ਹੈ। ਇਸ ਘਟਨਾ ਦਾ ਸਥਾਨ ਕੋਈ ਹੋਰ ਨਹੀਂ, ਬਲਕਿ ਵਿੱਦਿਆ ਦਾ ਮੰਦਰ (ਸਕੂਲ) ਹੈ। ਘਟਨਾ ਦਾ ਸ਼ਿਕਾਰ ਹੋਈ ਬੱਚੀ ਦੀ ਉਮਰ ਸਿਰਫ ਚਾਰ ਤੋਂ ਲੈ ਕੇ ਪੰਜ ਸਾਲ ਵਿਚਕਾਰ ਹੈ। ਸਕੂਲ ਬੱਸ ਦੇ ਕੰਡਕਟਰ ਨੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ।

ਔਰਤਾਂ/ ਬੱਚੀਆਂ ਨਾਲ ਜਦੋਂ ਇਕ ਵਾਰ ਅਜਿਹੀ ਘਟਨਾ ਵਾਪਰ ਜਾਂਦੀ ਹੈ, ਫਿਰ ਉਸ ਨੂੰ ਪਤਾ ਨਹੀਂ ਕਿੰਨੇ ਹੀ ਮਾਨਸਿਕ ਕਸ਼ਟ ਭੋਗਣੇ ਪੈਂਦੇ ਹਨ, ਜੋ ਜ਼ਿੰਦਗੀ ਭਰ ਨਾਲ ਚੱਲਦੇ ਹਨ। ਅਜਿਹਾ ਵਾਪਰਨ ਪਿੱਛੋਂ ਕਾਨੂੰਨੀ ਪ੍ਰਕਿਰਿਆ ਦੌਰਾਨ ਭਾਵੇਂ ਉਸ ਦੀ ਪਛਾਣ ਨੂੰ ਲੁਕਾ ਕੇ ਰੱਖਿਆ ਜਾਂਦਾ ਹੈ, ਪਰ ਜਿਸ ਸਮਾਜ ਦਾ ਉਹ ਹਿੱਸਾ ਹੈ, ਉਸ ਦੀਆਂ ਨਜ਼ਰਾਂ ਤੋਂ ਉਸ ਨੂੰ ਬਚਾਇਆ ਜਾ ਸਕਦਾ ਹੈ? ਕੀ ਬਲਾਤਕਾਰ ਪੀੜਤ ਪਹਿਲਾਂ ਵਾਂਗ ਸਮਾਜ ਵਿੱਚ ਵਿਚਰ ਸਕਦੀ ਹੈ? ਕੀ ਸਮਾਜ ਇਸ ਹਾਦਸੇ ਪਿੱਛੋਂ ਉਸ ਨੂੰ ਅਪਣਾਉਣ ਲਈ ਤਿਆਰ ਹੋਵੇਗਾ?

ਇਨ੍ਹਾਂ ਘਟਨਾਵਾਂ ਨੂੰ ਵੇਖ ਕੇ ਲੱਗਦਾ ਹੈ ਕਿ ਸਾਡਾ ਸਮਾਜ ਕਿੰਨਾ ਨਿੱਘਰ ਚੁੱਕਾ ਹੈ। ਸਾਡੀਆਂ ਨਿੱਕੀਆਂ ਬੱਚੀਆਂ ਸਮੇਤ ਔਰਤ ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਧਾਰਮਿਕ ਸਥਾਨਾਂ, ਕੰਮ ਕਰਨ ਦੀਆਂ ਥਾਵਾਂ, ਸਫਰ ਆਦਿ ਵਿੱਚ ਅਨੇਕਾਂ ਵਾਰ ਸਰੀਰਿਕ ਤੇ ਮਾਨਸਿਕ ਤਸ਼ੱਦਦ ਦਾ ਸਾਹਮਣਾ ਕਰਨਾ ਪੈਂਦਾ ਹੈ।



ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੀ 2013 ਦੀ ਰਿਪੋਰਟ ਅਨੁਸਾਰ 2012 ਦੌਰਾਨ 24,923 ਬਲਾਤਕਾਰ ਦੇ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ 98 ਪ੍ਰਤੀਸ਼ਤ ਕੇਸ ਪੀੜਤਾਂ ਦੇ ਜਾਣ ਪਛਾਣ ਵਾਲਿਆਂ ਨੇ ਕੀਤੇ ਸਨ। ਇਸ ਰਿਪੋਰਟ ਤੋਂ ਪਤਾ ਚੱਲਦਾ ਹੈ ਕਿ ਔਰਤਾਂ ਆਪਣੇ ਸੰਗੀ ਸਾਥੀਆਂ ਤੇ ਜਾਣਨ ਵਾਲਿਆਂ ਤੋਂ ਹੀ ਸੁਰੱਖਿਅਤ ਨਹੀਂ। ਇਸ ਤੋਂ ਇਲਾਵਾ ਅਜਿਹੀਆਂ ਬਹੁਤ ਘਟਨਾਵਾਂ ਹਨ, ਜਿਨ੍ਹਾਂ ਨੂੰ ਸਮਾਜ ਵਿੱਚ ਇੱਜ਼ਤ ਦਾ ਸਵਾਲ ਸੋਚ ਕੇ ਅੰਦਰ ਹੀ ਦਬਾਅ ਲਿਆ ਜਾਂਦਾ ਹੈ। ਅਜਿਹੀਆਂ ਘਟਨਾਵਾਂ ਵਾਪਰਨ ਪਿੱਛੇ ਬਹੁਤ ਸਾਰੇ ਛੋਟੇ ਵੱਡੇ ਕਾਰਨਾਂ ਸਮੇਤ ਅਸਲ ਕਾਰਨ ਇਹ ਹੈ ਕਿ ਸਾਡਾ ਸਮਾਜ ਇੰਨੇ ਪਿੱਛੜੇਪਣ ਦਾ ਸ਼ਿਕਾਰ ਹੈ ਕਿ ਉਹ ਨਾਰੀ ਦੀ ਮਨੁੱਖੀ ਹੋਂਦ, ਉਸ ਦੀ ਖੁਦਮੁਖਤਾਰੀ ਅਤੇ ਆਜ਼ਾਦ ਹਸਤੀ ਨੂੰ ਕਬੂਲ ਕਰਨ ਲਈ ਤਿਆਰ ਹੀ ਨਹੀਂ ਹੋਇਆ। ਦੇਸ਼ ਵਿੱਚ ਔਰਤਾਂ ਖਿਲਾਫ ਸਖਤ ਕਾਨੂੰਨ ਹੋਣ ਦੇ ਬਾਵਜੂਦ ਇਹ ਘਟਨਾਵਾਂ ਠੱਲ੍ਹ ਨਹੀਂ ਰਹੀਆਂ, ਸਗੋਂ ਇਨ੍ਹਾਂ ਵਿੱਚ ਰੋਜ਼ ਵਾਧਾ ਹੋ ਰਿਹਾ ਹੈ। ਇਸ ਦਾ ਇਕ ਕਾਰਨ ਦੋਸ਼ੀਆਂ 'ਤੇ ਲੰਬਾ ਸਮਾਂ ਅਦਾਲਤਾਂ ਵਿੱਚ ਕਾਰਵਾਈ ਦਾ ਚੱਲਣਾ ਹੈ, ਜਿਸ ਕਾਰਨ ਪੀੜਤਾਂ ਨੂੰ ਨਿਆਂ ਲਈ ਲੰਬਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ।

ਸਮੇਂ ਦੀ ਲੋੜ ਹੈ ਕਿ ਲੜਕੀਆਂ ਦਾ ਪਾਲਣ ਪੋਸ਼ਣ ਇਸ ਢੰਗ ਨਾਲ ਕੀਤਾ ਜਾਵੇ ਕਿ ਉਹ ਸਿਰਫ ਮਰਦ ਦੇ ਹੱਥਾਂ ਦੀ ਕਠਪੁਤਲੀ ਨਾ ਬਣੀ ਰਹੇ, ਬਲਕਿ ਆਪਣੀ ਸੁਰੱਖਿਆ ਲਈ ਲੜਨ ਦੇ ਯੋਗ ਵੀ ਹੋਵੇ। ਪਰਵਾਰਕ ਮੈਂਬਰਾਂ ਤੇ ਸਕੂਲਾਂ ਆਦਿ ਵਿੱਚ ਬੱਚਿਆਂ ਨੂੰ ਇਹ ਸਿੱਖਿਆ ਦਿੱਤੀ ਜਾਵੇ ਕਿ ਜੇ ਕੋਈ ਗਲਤ ਤਰੀਕੇ ਨਾਲ ਉਨ੍ਹਾਂ ਦੇ ਸਰੀਰਿਕ ਅੰਗਾਂ ਨੂੰ ਛੋਹੇ ਤਾਂ ਬੇਝਿਜਕ ਦੂਜਿਆਂ ਨਾਲ ਇਹ ਗੱਲ ਸਾਂਝੀ ਕਰਨ। ਬਲਾਤਕਾਰ ਪੀੜਤ ਪ੍ਰਤੀ ਸਮਾਜ ਨੂੰ ਆਪਣਾ ਨਜ਼ਰੀਆ ਬਦਲਣ ਦੀ ਲੋੜ ਹੈ ਕਿਉਂਕਿ ਇਸ ਘਟਨਾ ਲਈ ਪੀੜਤਾ ਦਾ ਕੋਈ ਕਸੂਰ ਨਹੀਂ ਹੁੰਦਾ। ਸਰਕਾਰਾਂ ਨੂੰ ਇਨ੍ਹਾਂ ਘਟਨਾਵਾਂ ਦੇ ਹੱਲ ਲਈ ਯੋਗ ਕਦਮ ਉਠਾਉਣੇ ਚਾਹੀਦੇ ਹਨ। ਨਿਆਂ ਪ੍ਰਣਾਲੀ ਵਿੱਚ ਸੁਧਾਰ ਕਰਕੇ ਦੋਸ਼ੀਆਂ ਨੂੰ ਤੁਰੰਤ ਸਜ਼ਾ ਦਾ ਵਿਧਾਨ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਅਜਿਹੀ ਘਟਨਾ ਨੂੰ ਅੰਜ਼ਾਮ ਦੇਣ ਤੋਂ ਪਹਿਲਾਂ ਵਿਅਕਤੀ ਸੋਚਣ ਲਈ ਮਜਬੂਰ ਹੋਵੇ।

# ਵਿਅੰਗ

## ਤੂੰ ਵੀ ਬਦਲ...

-ਕੇ ਐੱਲ ਗਰਗ-

ਸਾਡੀ ਪਤਨੀ ਅਕਸਰ ਹੀ ਸਾਨੂੰ ਮੁਫਤ ਸਲਾਹ ਦਿੰਦੀ ਰਹਿੰਦੀ ਹੈ। ਉਹ ਕਹਿੰਦੀ ਹੈ; 'ਇਹੋ ਜਿਹੇ ਨੇਕ ਮਸ਼ਵਰੇ ਤਾਂ ਬੰਦੇ ਨੂੰ ਲੱਖੀਂ ਨਾ ਕਰੋੜੀਂ। ਅਸੀਂ ਮੁਫਤ ਦੇ ਰਹੇ ਹਾਂ। ਆਪਣੀ ਰਿਸ਼ਤੇਦਾਰੀ ਦਾ ਲਿਹਾਜ਼ ਕਰ ਰਹੇ ਹਾਂ, ਵਰਨਾ...।"

ਬੱਸ ਉਸ ਦੀ ਇਹੋ 'ਵਰਨਾ' ਕਈ ਵਾਰੀ ਸਾਡੇ ਲਈ 'ਮਰਨਾ' ਸਿੱਧ ਹੁੰਦੀ ਹੈ ਅਤੇ ਉਸ ਨੂੰ ਜਰਨਾ ਸਾਡੇ ਵਰਗੇ ਜੜ ਪ੍ਰਾਣੀ ਲਈ ਜਾਨ ਜੋਖੋਂ ਵਿੱਚ ਪਾਉਣ ਬਰਾਬਰ ਹੁੰਦਾ ਹੈ। 'ਜੜ' ਸ਼ਬਦ ਵੀ ਉਹ ਕਈ ਵਾਰੀ ਸਾਡੇ ਲਈ ਇਸਤੇਮਾਲ ਕਰ ਲੈਂਦੀ ਹੈ। "ਤੁਸੀਂ ਨਾ ਬਦਲਣਾ, ਸਾਰਾ ਜ਼ਮਾਨਾ ਬਦਲੀ ਜਾਂਦੈ, ਪਰ ਜੜ੍ਹ ਪ੍ਰਾਣੀ ਨੇ ਭਲਾ ਕੀ ਬਦਲਣਾ ਹੋਇਆ? ਬਿਲਕੁਲ ਪੱਥਰ ਦਿਲ ਹੋ ਤੁਸੀਂ, ਜੇ ਤਰੱਕੀ ਕਰਨੀ ਐਂ ਤਾਂ ਜ਼ਮਾਨੇ ਨਾਲ ਚੱਲੋ, ਕਦਮ ਤਾਲ ਕਰਦੇ ਹੋਏ, ਨਹੀਂ ਤਾਂ ਮਾਲ ਗੱਡੀ ਵਾਂਗ ਝਿਕ-ਝਿਕ ਕਰਦੇ ਰਹੋਗੇ ਸਾਰੇ ਉਮਰ, ਬਦਲੋ ਥੋੜ੍ਹਾ-ਥੋੜ੍ਹਾ।"

ਬੱਸ ਇਹ ਬਦਲਣਾ ਹੀ ਸਾਡੇ ਲਈ ਮੁਸੀਬਤ ਬਣਿਆ ਹੋਇਆ ਹੈ। ਸਾਡੇ ਕੋਈ ਵੀ ਗੱਲ ਪਚਦੀ ਹੀ ਨਹੀਂ। ਅਸੀਂ ਹਰੇਕ ਗੱਲ, ਭਟੁੱਕ-ਭਟੁੱਕ, ਜੋ ਵੀ ਸਾਹਮਣੇ ਆ ਜਾਵੇ, ਉਸ ਨੂੰ ਦੱਸ ਦਿੰਦੇ ਹਾਂ। ਕੋਈ ਭੇਤ ਵਾਲੀ ਗੱਲ ਵੀ ਗੁੱਝੀ ਨਹੀਂ ਰੱਖਦੇ। ਪਤਨੀ ਨੂੰ ਸਾਡੀ ਇਸ ਆਦਤ ਤੋਂ ਬੜੀ ਖੁੰਦਕ ਚੜ੍ਹਦੀ ਹੈ।

"ਰੋਟੀ ਵੀ ਤਾਂ ਧੜੀ-ਧੜੀ ਪਚਾਉਨੈ ਈ ਆਂ, ਅਹਿ ਭੋਰਾ ਕੁ ਗੱਲ ਨੀਂ ਥੋਡੇ ਪਚਦੀ। ਕਿੰਨੀ ਵਾਰੀ ਕਿਹੈ ਬਈ ਥੋੜ੍ਹਾ-ਬਹੁਤ ਓਹਲਾ ਰੱਖਣਾ ਚਾਹੀਦਾ ਹੈ। ਕਿਸੇ ਗੱਲ ਦਾ ਭੇਤ ਵੀ ਰੱਖਣਾ ਚਾਹੀਦਾ ਹੈ। ਐਵੇਂ ਨੀਂ ਜਣੇ-ਖਣੇ ਨੂੰ ਢਿੱਡ ਦੀ ਗੱਲ ਦੱਸੀ ਜਾਈਦੀ।"

ਅਸੀਂ ਚੰਗੀ ਨੀਂਦ ਸੌਂਦੇ ਹਾਂ। ਢਿੱਡ 'ਚ ਕੋਈ ਗੱਲ ਜੁ ਨਹੀਂ ਹੁੰਦੀ ਸੌਣ ਲੱਗਿਆਂ। ਸਾਡੇ ਖਿਆਲ ਵਿੱਚ ਬਹੁਤ ਲੋਕਾਂ ਨੂੰ ਨੀਂਦ ਨਾ ਆਉਣ ਦੀ ਵਜ੍ਹਾ ਵੀ ਸ਼ਾਇਦ ਇਹੋ ਲੁਕ-ਲੁਕਾਈ ਹੋਵੇ, ਪਰ ਪਤਨੀ ਦਾ ਆਪਣਾ ਹੀ ਤਰਕ ਹੈ।

"ਦੋ ਘੜੀ ਨਾ ਸੌਂਵੋਗੇ ਤਾਂ ਕੀ ਆਖਿਰ ਆਉਂਦੀ ਹੈ। ਗੱਲ ਢਕੀ-ਢਕਾਈ ਰਹਿੰਦੀ ਐਨਾ। ਬੰਦਾ ਕੁੰਭਕਰਨ ਵਾਂਗ ਦਿਨ ਰਾਤ ਘੁਰਾੜੇ ਤਾਂ ਮਾਰਦਾ ਈ ਰਹਿੰਦੈ।"

ਉਹ ਨੀਂਦ ਨਾਲੋਂ ਭੇਤ ਰੱਖਣ ਨੂੰ ਤਰਜੀਹ ਦਿੰਦੀ ਹੈ। ਜ਼ਮਾਨਾ ਜੁ ਬਦਲ ਗਿਆ। ਬਦਲੇ ਜ਼ਮਾਨੇ ਦੀ ਮਾਰ ਸਭ ਤੋਂ ਵੱਧ ਸਾਨੂੰ ਪੈਂਦੀ ਹੈ। ਅਸੀਂ ਉਸ ਮੁਜਬ ਬਦਲ ਜੁ ਨਹੀਂ ਰਹੇ। ਸਾਡੇ ਪੁੱਤਰ ਨੂੰ ਕੋਈ ਖਾਨਦਾਨੀ ਬੰਦੇ ਦੇਖਣ ਆਏ। ਅਸੀਂ ਜੋ ਕੁਝ ਉਹ ਸੀ, ਸਾਰਾ ਕੁਝ ਸੱਚੋ ਸੱਚ ਦੱਸ ਦਿੱਤਾ। ਕੋਈ ਓਹਲਾ ਨੀਂ ਰੱਖਿਆ। "ਤਨਖਾਹ ਥੋੜ੍ਹੀ ਹੈ ਮੁੰਡੇ ਦੀ..।"

ਕੁੜੀ ਵਾਲਿਆਂ ਨੇ ਆਖਿਆ। "ਅਸੀਂ ਕਿਹੜਾ ਮਰ ਗਏ ਆਂ ਅਜੇ। ਇੱਕ ਮੁੰਡੇ ਨੂੰ ਰੋਟੀ ਨਾ ਖੁਆ ਸਕਦੇ। ਨਾਲੇ ਜੋ ਹੈ, ਥੋਡੇ ਸਾਹਮਣੇ ਐ।"

ਅਸੀਂ ਕਹਿ ਦਿੱਤਾ; "ਕਦੇ ਤਾਂ ਮਰੋਗੇ ਈ। ਜਿਉਂਦੇ ਤਾਂ ਭਗਵਾਨ ਰਾਮ ਕ੍ਰਿਸ਼ਨ ਨੀਂ ਰਹੇ। ਨਾਲੇ ਸਾਡੀ ਧੀ ਸਾਰਾ ਦਿਨ ਥੋਡੇ ਹੱਥ ਵੱਲ ਝਾਕਦੀ ਰਿਹਾ ਕਰੂ, ਵਿਆਹ ਤੋਂ ਪਿੱਛੋਂ।"

"ਉਦੋਂ ਤਾਈਂ ਇਹ ਵੀ ਕਰ ਈ ਲਊ ਕੁਸ਼ ਨਾ ਕੁਛ।"

ਸਾਡੀ ਪਤਨੀ ਨੂੰ ਸਾਡਾ ਇਹੋ ਅੰਦਾਜ਼ ਹੀ ਸੁਖਾਵਾਂ ਨੀਂ ਲੱਗਦਾ।

"ਜੇ ਤਨਖਾਹ ਭੋਰਾ ਵਧ ਦੱਸ ਦਿੰਦੇ ਫੇਰ ਕੀ ਆਫਤ ਆ ਜਾਣੀ ਸੀ। ਚੰਗਾ ਰਿਸ਼ਤਾ ਕਦੇ ਕਦਾਈਂ ਹੀ ਕਿਸਮਤ ਨਾਲ ਮਿਲਦੈ। ਬਹੁਤਾ ਹਰੀਸ਼ ਚੰਦਰ ਬਣਨਾ ਵੀ ਮਾੜਾ ਹੁੰਦੈ।"

"ਬਾਅਦ ਵਿਚ ਕਿਹੜਾ ਪਤਾ ਨਾ ਲੱਗਦਾ। ਫੇਰ ਝੂਠੇ ਵੱਜਣਾ ਸੀ ਆਪਾਂ।"

"ਬਾਅਦ ਦੀ ਬਾਅਦ 'ਚ ਦੇਖੀ ਜਾਂਦੀ। ਇੱਕ ਵਾਰੀ ਵੱਛੀ ਵਾੜੇ 'ਚ ਆ ਜਾਂਦੀ, ਫੇਰ ਉਹਦੇ ਰਿੰਝਣ ਨੂੰ ਕੀਹਨੇ ਪੁੱਛਣਾ ਸੀ।"

"ਅਸੀਂ ਨੀਂ ਇਹ ਪਾਪ ਕਰ ਸਕਦੇ।" ਕਹਿ ਅਸੀਂ ਗਰਮੀ ਖਾ ਕੇ ਪੱਖੀ ਝੱਲਣ ਲੱਗ ਜਾਂਦੇ ਹਾਂ।

"ਦੁਨੀਆਦਾਰੀ ਸਿੱਖੋ ਦੁਨੀਆਦਾਰੀ। ਕੁਝ ਬਦਲੋ ...ਇਉਂ ਨੀਂ ਗ੍ਰਿਹਿਸਥ ਦੀਆਂ ਗੱਡੀਆਂ ਰਿੜ੍ਹਦੀਆਂ ਹੁੰਦੀਆਂ।"

ਪਤਨੀ ਪਾਪ ਨੂੰ ਦੁਨੀਆਦਾਰੀ ਦੱਸਦੀ ਹੈ। ਸਾਰਾ ਜ਼ਮਾਨਾ ਉਸ ਨਾਲ ਸਹਿਮਤ ਹੈ, ਪਰ ਮੇਰੇ ਜਿਹੇ 'ਜੜ੍ਹ ਪ੍ਰਾਣੀ' ਦੁਨੀਆਦਾਰੀ ਨੂੰ ਨਹੀਂ ਸਮਝ ਰਹੇ। ਚੰਗੀ ਭਲੀ ਰਿੜ੍ਹ ਰਹੀ ਦੁਨੀਆਦਾਰੀ ਦੇ ਰਾਹ ਵਿੱਚ ਡੱਕਾ ਬਣੇ ਰਹਿੰਦੇ ਹਨ।

ਸਾਡਾ ਗੁਆਂਢੀ ਦਲਾਲੀ ਕਰਦਾ ਹੈ। ਕੋਲਿਆਂ ਦੀ ਦਲਾਲੀ ਦੀ ਥਾਂ ਝੂਠ ਦੀ ਦਲਾਲੀ। ਵੇਚਣ ਵਾਲੇ ਨੂੰ ਘੱਟ ਅਤੇ ਖਰੀਦਣ ਵਾਲੇ ਨੂੰ ਵੱਧ ਕੀਮਤ ਦੱਸਦਾ ਹੈ। ਕਿਸੇ ਨੂੰ ਕੁਝ ਦੱਸਦਾ ਹੈ ਤੇ ਕਿਸੇ ਨੂੰ ਕੁਝ। ਘਰ ਲਹਿਰਾਂ-ਬਹਿਰਾਂ ਹਨ। ਸਾਡੀ ਪਤਨੀ ਉਸ ਦੀ ਮਿਸਾਲ ਘੜੀ-ਮੁੜੀ ਦਿੰਦੀ ਹੈ; 'ਦੇਖ ਲੈ ਨੌਸਰਬਾਜ ਨੂੰ। ਭੋਰਾ ਕੁ ਜ਼ੁਬਾਨ ਨੂੰ ਇਧਰ ਓਧਰ ਕਰਨ ਨਾਲ ਲੱਖਾਂ ਰੁਪਏ ਕਮਾਈ ਜਾਂਦੈ। ਜ਼ਨਾਨੀ ਗਹਿਣਿਆਂ ਨਾਲ ਲੱਦੀ ਪਈ ਐ। ਨਿਆਣੇ ਅੱਡ ਐਸ਼ ਕਰਦੇ ਆ। ਇੱਕ ਅਸੀਂ ਆਂ।" ਉਹ ਲੰਮਾ ਹਉਕਾ ਖਿੱਚ ਕੇ ਆਖਦੀ ਹੈ।

"ਉਹ ਸਭ ਗਹਿਣੇ ਗਿਲਟ ਦੇ ਆ। ਝੂਠੀ ਲਾਹਨਤ ਦੇ ਆ। ਆਪਾਂ ਕੋਲ ਸੱਚ ਦਾ ਗਹਿਣਾ ਐ। ਖਰਾ ਚੌਦਾਂ ਕੈਰਟ ਦਾ।"

ਪਤਨੀ ਨੂੰ ਬਾਕੀ ਦੁਨੀਆਦਾਰਾਂ ਵਾਂਗ ਸਾਡੀ ਗੱਲ ਵਿਹੁ ਵਰਗੀ ਜਾਪਦੀ ਹੈ। ਉਹ ਤਿੜਕ ਕੇ ਆਖਦੀ ਹੈ; "ਉਸ ਨੂੰ ਜੇ ਤੁਸੀਂ ਗਿਲਟ ਕਹਿੰਦੇ ਹੋ ਤਾਂ ਸਾਨੂੰ ਗਿਲਟ ਈ ਮਾਕ ਆ। ਤੁਸੀਂ ਆਪਣਾ ਚੌਦਾਂ ਕੈਰਟ ਰੱਖੋ ਆਪਣੇ ਕੋਲ ਸੰਭਾਲ ਕੇ।"

ਸਾਡੇ ਵਾਲ ਸਾਨੂੰ ਉਮਰ ਤੋਂ ਪਹਿਲਾਂ ਧੋਖਾ ਦੇ ਗਏ। ਜਵਾਨ ਮੁੰਡੇ ਕੁੜੀਆਂ ਦੇ 'ਅੰਕਲ' ਜਿਹੇ ਚੁੱਭਵੇਂ ਬੋਲ ਸੁਣਨੇ ਪੈਂਦੇ ਆ। ਕੋਈ ਕੋਈ 'ਬਾਬਾ' ਕਹਿ ਕੇ ਵੀ ਸਾਡੇ ਜ਼ਖਮਾਂ 'ਤੇ ਲੂਣ ਛਿੜਕ ਜਾਂਦੀ ਹੈ। ਪਤਨੀ ਦਾ ਵੱਖਰਾ ਹੀ ਵਿਰਲਾਪ ਹੈ: "ਬਹੁਤ ਸ਼ਰਮ ਆਉਂਦੀ ਐ ਜੀ ਲੋਕਾਂ ਦੀਆਂ ਸੁਣ-ਸੁਣ ਕੇ। ਮੇਰੀਆਂ ਫਰੈਂਡਜ਼ ਮੇਰੇ ਨਾਲ ਪੂਰੀ ਹਮਦਰਦੀ ਜਤਾਉਂਦੀਆਂ ਹਨ। ਕਹਿੰਦੀਆਂ ਹਨ, 'ਮਿਸਿਜ਼ ਸੱਚ ਪ੍ਰਸਾਦ, ਥੋਡੀ ਜੋੜੀ ਦਾ ਕੋਈ ਮੇਲ ਨੀਂ ਆਪਸ ਵਿੱਚ। ਕਿੱਥੇ ਤੁਸੀਂ ਤੇ ਕਿੱਥੇ ਬੁੱਢਾ ਜਿਹਾ ਥੋਡਾ ਘਰਵਾਲਾ। ਥੋਡੇ ਮਾਪਿਆਂ ਨੇ ਕੀ ਦੇਖਿਆ ਸੀ ਭਲਾ। ਦੋ-ਚਾਰ ਰੁਪਏ ਦੀ ਮਹਿੰਦੀ ਫੂਕ ਲਿਆ ਕਰੋ ਸਿਰ ਨੂੰ ਤਾਂ ਇਹ ਗੱਲਾਂ ਨਾ ਸੁਣਨੀਆਂ ਪੈਣ। ਜੇ ਢਾਈ ਰੁਪਏ ਵਿੱਚ ਬੰਦੇ ਦਾ ਹੁਲੀਆ ਬਦਲਦਾ ਹੋਵੇ ਤਾਂ ਰੱਬ ਤੋਂ ਹੋਰ ਕੀ ਲੈਣਾ? ਬਦਲ ਜੋ ਤੁਸੀਂ ਵੀ ਜ਼ਮਾਨੇ ਨਾਲ। ਨਹੀਂ ਤਾਂ ਪਛਤਾਓਗੇ ਹੱਥ ਮਲ ਮਲ ਕੇ।"

ਪਤਨੀ ਦੇ ਅਲਟੀਮੇਟਮ ਤੋਂ ਸੱਚਮੁੱਚ ਘਬਰਾਹਟ ਹੁੰਦੀ ਹੈ ਸਾਨੂੰ। ਇਹ ਮੁਹਾਵਰਾ ਸਾਨੂੰ ਭੋਰਾ ਸੂਟ ਨੀਂ ਕਰਦਾ।"

"ਪਰ ਅਸੀਂ ਮੁਲੱਮਿਆਂ ਦੇ ਸਖਤ ਖਿਲਾਫ ਹਾਂ।" ਅਸੀਂ ਹੱਸ ਕੇ ਆਖਦੇ ਹਾਂ।

"ਸਾਨੂੰ ਕੀ, ਫੇਰ ਨਾ ਕਿਹੋ ਬਈ ਦੱਸਿਆ ਨੀ ਸੀ।"

ਪਤਨੀ ਦੇ ਇਸ ਅਲਟੀਮੇਟਮ ਦੇ ਬਾਵਜੂਦ ਮੁਲੱਮਾ, ਗਿਲਟ ਸਾਨੂੰ ਮਾਫਕ ਨਹੀਂ ਆਉਂਦਾ। ਦੁਨੀਆ ਪਾਰ ਲੰਘਦੀ ਜਾਂਦੀ ਹੈ, ਪਰ ਅਸੀਂ ਭਗਤ ਕਬੀਰ ਜੀ ਦੀ ਬਾਣੀ ਗਾਉਂਦੇ ਹਾਂ, ਕੰਢੇ 'ਤੇ ਖਲੋਤੇ ਉਡੀਕ ਰਹੇ ਹਾਂ:

"ਸੱਚ ਕੀ ਨਈਆ ਪਾਰ ਲਗਾਵੇ,
ਜਨ ਤੂੰ ਬਿਰਥਾ ਹੀ ਘਬਰਾਵੇ।"

# ਚੰਨੀ ਮੁਫਤ ਵਿੱਚ ਮਾਸਟਰਨੀ ਬਣ ਗਈ

-ਬਹਾਦਰ ਸਿੰਘ ਗੋਸਲ

ਜਦੋਂ 1947 ਵਿੱਚ ਦੇਸ਼ ਆਜ਼ਾਦ ਹੋਇਆ ਤਾਂ ਪੇਂਡੂ ਖੇਤਰ ਵਾਲੇ ਲੋਕਾਂ ਵਿੱਚ ਅਥਾਹ ਖੁਸ਼ੀ ਪਾਈ ਗਈ ਸੀ। ਉਸ ਸਮੇਂ ਪੰਜਾਬ ਦੇ ਸਾਰੇ ਪਿੰਡ ਬੜੇ ਪਛੜੇ ਹੋਏ ਸਨ। ਲੋਕਾਂ ਦੇ ਕੱਚੇ ਘਰ, ਕੱਚੀਆਂ ਗਲੀਆਂ, ਸੜਕਾਂ ਦਾ ਨਾਂਅ ਨਿਸ਼ਾਨ ਨਹੀਂ ਸੀ। ਸਿਖਿਆ ਤੇ ਸਿਹਤ ਸਹੂਲਤਾਂ ਲੋਕਾਂ ਦੀ ਪਹੁੰਚ ਤੋਂ ਦੂਰ ਸਨ। ਬਿਜਲੀ ਦਾ ਨਾਂਅ ਤੱਕ ਨਹੀਂ ਸੀ ਸੁਣਿਆ। ਇਸ ਹਾਲਤ ਵਿੱਚ ਆਜ਼ਾਦੀ ਦਾ ਆਉਣਾ ਲੋਕਾਂ ਲਈ ਖੁਸ਼ ਗਵਾਰ ਸੀ ਤੇ ਉਨ੍ਹਾਂ ਦੀਆਂ ਉਮੀਦਾਂ ਦੇ ਸੁਫਨੇ ਉੱਚੀਆਂ ਉੱਚੀਆਂ ਉਡਾਰੀਆਂ ਮਾਰ ਰਹੇ ਸਨ। ਦੇਸ਼ ਵਿੱਚ ਆਪਣੀ ਸਰਕਾਰ ਬਣੀ ਤਾਂ ਉਸ ਨੇ ਸਭ ਤੋਂ ਵੱਧ ਸਮਾਜਕ ਭਲਾਈ ਦਾ ਜ਼ੋਰ ਦੇਣਾ ਸ਼ੁਰੂ ਕੀਤਾ। ਨਵੇਂ ਬਹੁਤ ਸਾਰੇ ਮਹਿਕਮੇ ਖੁੱਲ੍ਹ ਗਏ। ਸਿਖਿਆ, ਸਿਹਤ, ਮੁਰੱਬੇਬੰਦੀ, ਖੇਤੀ ਸੁਧਾਰਾਂ ਨੂੰ ਪਹਿਲ ਮਿਲਣ ਲੱਗੀ, ਪਰ ਕਿਉਂਕਿ ਪੜ੍ਹੇ ਲਿਖੇ ਲੋਕ ਬੜੇ ਘੱਟ ਸਨ, ਸਕੂਲਾਂ ਨੂੰ ਅਧਿਆਪਕਾਂ ਦੀ ਲੋੜ ਸੀ ਤੇ ਡਾਕਟਰ, ਅਤੇ ਪਟਵਾਰੀ ਵੱਡੀ ਗਿਣਤੀ ਵਿੱਚ ਚਾਹੀਦੇ ਸਨ, ਇਸ ਲਈ ਸਭ ਤੋਂ ਵੱਧ ਜ਼ੋਰ ਸਕੂਲੀ ਸਿਖਿਆ ਉੱਤੇ ਦਿੱਤਾ ਗਿਆ। ਬਹੁਤ ਸਾਰੀਆਂ ਥਾਵਾਂ ਉਤੇ ਨਵੇਂ ਸਕੂਲ ਖੋਲ੍ਹੇ ਗਏ। ਇਥੋਂ ਤੱਕ ਕਿ ਪੁਰਾਣੇ ਮਿਡਲ ਪਾਸ ਜਾਂ ਫਿਰ ਲੋੜ ਦੇ ਅਨੁਸਾਰ ਚਾਰ-ਪੰਜ ਜਮਾਤਾਂ ਪਾਸ ਵਿਅਕਤੀਆਂ ਨੂੰ ਹੀ ਅਧਿਆਪਕ ਲਾ ਦਿੱਤਾ ਗਿਆ। ਇਸ ਤਰ੍ਹਾਂ ਮਾਸਟਰਾਂ ਦੀ ਗਿਣਤੀ ਵੀ ਬੜੀ ਵਧ ਗਈ। ਪਿੰਡਾਂ ਵਿੱਚ ਪਟਵਾਰੀ, ਮਾਸਟਰ ਤੇ ਸਿਹਤ ਕਰਮਚਾਰੀਆਂ ਦੀ ਚੰਗੀ ਪੁੱਛ ਪੈਣ ਲੱਗੀ।

ਸਮਾਜ ਇੱਕ ਨਵੀਂ ਤਬਦੀਲੀ ਦਾ ਕਦਮ ਪੁੱਟ ਰਿਹਾ ਸੀ। ਆਪਣੀ ਪੁਲਸ ਤੇ ਆਪਣੇ ਮੁਲਾਜ਼ਮ ਹੋਣ ਕਾਰਨ ਲੋਕਾਂ ਦੇ ਮਨਾਂ ਵਿੱਚ ਅੰਗਰੇਜ਼ੀ ਪੁਲਸ ਤੇ ਅੰਗਰੇਜ਼ੀ ਜ਼ੁਲਮਾਂ ਦਾ ਡਰ ਲਗਾਤਾਰ ਦੂਰ ਹੋ ਰਿਹਾ ਸੀ। ਉਨ੍ਹਾਂ ਦਿਨਾਂ ਵਿੱਚ ਲੜਕੀਆਂ ਨਹੀਂ ਸਨ ਪੜ੍ਹਦੀਆਂ ਤੇ ਉਨ੍ਹਾਂ ਵੱਲੋਂ ਸਰਕਾਰੀ ਨੌਕਰੀ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸਮਾਜ ਵਿੱਚ ਮੁਲਾਜ਼ਮਾਂ ਦੀਆਂ ਜਾਂ ਸਰਕਾਰੀ ਕਰਿੰਦਿਆਂ ਦੀਆਂ ਘਰ ਵਾਲੀਆਂ ਦੀ ਚੰਗੀ ਵੁੱਕਤ ਹੋ ਗਈ। ਜੇ ਕਿਸੇ ਔਰਤ ਦਾ ਘਰ ਵਾਲਾ ਪੁਲਸ ਵਿੱਚ ਹੌਲਦਾਰ ਹੁੰਦਾ ਤਾਂ ਉਹ ਔਰਤ ਵੀ ਹੌਲਦਾਰਨੀ ਅਖਵਾਉਂਦੀ, ਜੇ ਘਰ ਵਾਲਾ ਪਟਵਾਰੀ ਹੁੰਦਾ ਤਾਂ ਉਸ ਦੀ ਘਰ ਵਾਲੀ ਵੀ ਪਟਵਾਰਨ ਕਹਿ ਕੇ ਬੁਲਾਈ ਜਾਂਦੀ। ਇਸ ਤਰ੍ਹਾਂ ਇਨ੍ਹਾਂ ਔਰਤਾਂ ਦਾ ਸਮਾਜ ਵਿੱਚ ਰੁਤਬਾ ਆਪਣੇ ਆਪ ਉਚਾ ਹੋ ਜਾਂਦਾ। ਪਿੰਡਾਂ ਵਿੱਚ ਵੀ ਜਾਗ੍ਰਤੀ ਦਾ ਦੌਰ ਸ਼ੁਰੂ ਹੋ ਚੁੱਕਾ ਸੀ ਤੇ ਹਰ ਪੱਖੋਂ ਸਮਾਜ ਤਰੱਕੀ ਕਰ ਰਿਹਾ ਸੀ, ਇਥੋਂ ਤੱਕ ਕਿ ਸਭਿਆਚਾਰਕ ਖੇਤਰ ਵਿੱਚ ਵੀ ਨਵੇਂ ਸਮਾਜਕ ਗੀਤ ਆਉਣ ਲੱਗੇ। ਨਵੇਂ ਨਵੇਂ ਮੁਲਾਜ਼ਮਾਂ ਬਾਰੇ ਲੋਕ ਗੀਤ ਜਾਂ ਮੁਹਾਵਰੇ ਲੋਕਾਂ ਦੀ ਜ਼ੁਬਾਨ 'ਤੇ ਆ ਗਏ, ਜਿਵੇਂ :

"ਤੂੰ ਕਾਹਦਾ ਪਟਵਾਰੀ, ਮੁੰਡਾ ਮੇਰਾ ਰੋਵੇ ਅੰਬ ਨੂੰ"।

ਤਕਰੀਬਨ ਹਰ ਤਰ੍ਹਾਂ ਦੇ ਮੁਲਾਜ਼ਮਾਂ ਬਾਰੇ ਨਵੇਂ ਨਵੇਂ ਸਭਿਆਚਾਰਕ ਗੀਤ ਸਾਹਮਣੇ ਆਏ। ਇਹੀ ਕਾਰਨ ਸੀ ਕਿ ਜਦੋਂ ਵੀ ਕੋਈ ਲੜਕਾ ਸਰਕਾਰੀ ਨੌਕਰੀ 'ਤੇ ਲੱਗ ਜਾਂਦਾ ਤਾਂ ਉਸ ਦੇ ਵਿਆਹ ਲਈ ਚੰਗੇ ਘਰਾਂ ਦੇ ਤੇ ਚੰਗੀਆਂ ਸੋਹਣੀਆਂ ਮੁਟਿਆਰਾਂ ਦੇ ਰਿਸ਼ਤੇ ਆਉਣ ਲੱਗਦੇ। ਹਜ਼ਾਰਾਂ ਪਰਵਾਰ ਤਰੱਕੀਆਂ ਦੀਆਂ ਮੰਜ਼ਲਾਂ ਪਾਰ ਕਰਨ ਲੱਗੇ। ਲੋਕਾਂ ਦੇ ਮਨਾਂ ਵਿੱਚ ਇਹ ਗੱਲ ਘਰ ਕਰ ਗਈ ਕਿ ਕਿਸੇ ਵੀ ਮੁਲਾਜ਼ਮ ਨੂੰ ਸਰਕਾਰ ਵੱਲੋਂ ਨਿਰੰਤਰ ਤੇ ਬੰਨ੍ਹਵੀਂ ਤਨਖਾਹ ਮਿਲਦੀ ਹੈ ਭਾਵੇਂ ਕਿ ਉਨ੍ਹਾਂ ਦਿਨਾਂ ਵਿੱਚ ਇਹ ਤਨਖਾਹ ਬਹੁਤ ਘੱਟ ਹੁੰਦੀ ਸੀ।

ਇਸੇ ਤਰ੍ਹਾਂ ਪਿੰਡਾਂ ਵਿੱਚ ਫੌਜ ਵਿੱਚ ਭਰਤੀ ਹੋਣ ਲਈ ਨੌਜਵਾਨਾਂ ਵਿੱਚ ਕਾਫੀ ਉਤਸ਼ਾਹ ਵੇਖਣ ਨੂੰ ਮਿਲਦਾ ਸੀ। ਪੱਕੀ ਸਰਕਾਰੀ ਨੌਕਰੀ ਹੋਣ ਕਾਰਨ ਮੁਟਿਆਰਾਂ ਦਾ ਫੌਜੀਆਂ ਨਾਲ ਵਿਆਹ ਕਰਾਉਣ ਦਾ ਰੁਝਾਨ ਵਧ ਗਿਆ ਤੇ ਵਿਆਹ ਤੋਂ ਬਾਅਦ ਫੌਜਣ ਦਾ ਅਹੁਦਾ ਵੀ ਆਪਣੇ ਆਪ ਮਿਲ ਜਾਂਦਾ। ਗੱਲ ਠੀਕ ਸੀ। ਨਾਲੇ ਦੇਸ਼ ਸੇਵਾ ਤੇ ਨਾਲੇ ਚੰਗਾ ਰੁਜ਼ਗਾਰ। ਫੌਜੀਆਂ ਅਤੇ ਉਨ੍ਹਾਂ ਦੀਆਂ ਪਤਨੀਆਂ ਬਾਰੇ ਵੀ ਕਈ ਸਭਿਆਚਾਰਕ ਗੀਤ ਸਾਹਮਣੇ ਆਏ। ਜਿਵੇਂ :

ਵੱਸਣਾ ਫੌਜੀ ਦੇ, ਭਾਵੇਂ ਸਣੇ ਬੂਟ ਲੱਤ ਮਾਰੇ।

ਪਿੰਡਾਂ ਵਿੱਚ ਮਾਸਟਰ ਦੀ ਨੌਕਰੀ ਨੂੰ ਚੰਗੀ ਤੇ ਵੱਧ ਸਤਿਕਾਰ ਯੋਗ ਸਮਝਿਆ ਜਾਂਦਾ ਸੀ, ਭਾਵੇਂ ਉਨ੍ਹਾਂ ਦਿਨਾਂ ਵਿੱਚ ਅਧਿਆਪਕ ਬੜੇ ਘੱਟ ਪੜ੍ਹੇ ਲਿਖੇ ਹੁੰਦੇ ਸਨ। ਲੜਕੀਆਂ ਵਾਲੇ ਆਪਣੀ ਧੀ ਲਈ ਵਰ ਲੱਭਣ ਸਮੇਂ ਅਧਿਆਪਕ ਨੂੰ ਪਹਿਲ ਦੇਂਦੇ। ਬਾਅਦ ਵਿੱਚ ਸਮੇਂ ਸਮੇਂ ਉੱਤੇ ਅਧਿਆਪਕਾਂ ਦੀਆਂ ਵੱਧ ਆਸਾਮੀਆਂ ਆਉਣ ਨਾਲ ਸਰਕਾਰ ਨੇ ਅਧਿਆਪਕਾਂ ਲਈ ਕਈ ਕੋਰਸ ਕਰਾਉਣੇ ਸ਼ੁਰੂ ਕੀਤੇ। ਇਸ ਲਈ ਅੱਠ-ਨੌਂ ਮਹੀਨਿਆਂ ਦੇ ਕੋਰਸ ਅਤੇ ਟਰੇਨਿੰਗ ਤੋਂ ਬਾਅਦ ਸਕੂਲਾਂ ਵਿੱਚ ਅਧਿਆਪਕ ਨਿਯੁਕਤ ਕੀਤੇ ਜਾਣ ਲੱਗੇ। ਜਦੋਂ ਕੋਈ ਲੜਕਾ ਕੋਈ ਕੋਰਸ ਪਾਸ ਕਰ ਕੇ ਅਧਿਆਪਕ ਲੱਗਦਾ ਤਾਂ ਤੁਰੰਤ ਲੜਕੀਆਂ ਦੇ ਰਿਸ਼ਤੇ ਲਈ ਚੱਕਰ ਸ਼ੁਰੂ ਕਰ ਦਿੰਦੇ। ਕਿਸੇ ਲੜਕੇ ਦਾ ਕਿਸੇ ਮੁਟਿਆਰ ਨਾਲ ਵਿਆਹ ਹੋ ਜਾਂਦਾ ਤਾਂ ਪਿੰਡ ਵਿੱਚ ਉਹ ਮੁਟਿਆਰ ਮੁਫਤ ਵਿੱਚ ਮਾਸਟਰਨੀ ਹੋ ਜਾਂਦੀ। ਪਿੰਡ ਦੀਆਂ ਦੂਜੀਆਂ ਔਰਤਾਂ ਉਸ ਨੂੰ ਮਾਸਟਰਨੀ ਕਹਿੰਦੀਆਂ, ਭਾਵੇਂ ਉਹ ਬਿਲਕੁਲ ਅਨਪੜ੍ਹ ਹੁੰਦੀ। ਉਸ ਦੇ ਘਰ ਵਾਲਾ ਆਪਣੀ ਘਰ ਵਾਲੀ ਨੂੰ ਮਖੌਲ ਵਿੱਚ ਇਹ ਜ਼ਰੂਰ ਕਹਿੰਦਾ ਕਿ :

ਚੰਨੀ ਸੋਹਣੀ, ਚੰਨ ਵਰਗੀ, ਮੁਫਤ ਵਿੱਚ ਮਾਸਟਰਨੀ ਬਣ ਗਈ।

ਇਸ ਤਰ੍ਹਾਂ ਦਾ ਸੀ ਉਨ੍ਹਾਂ ਦਿਨਾਂ ਵਿੱਚ ਪੇਂਡੂ ਖੇਤਰ ਦਾ ਮਾਹੌਲ। ਜੇ ਅਸੀਂ ਅੱਜ ਦੀ ਗੱਲ ਕਰੀਏ ਤਾਂ ਵੱਡੇ ਸ਼ਹਿਰਾਂ ਵਿੱਚ ਕੀ, ਪਿੰਡਾਂ ਵਿੱਚ ਵੀ ਮਰਦ ਅਧਿਆਪਕ ਘੱਟ ਹਨ ਤੇ ਔਰਤ ਅਧਿਆਪਕਾਵਾਂ ਮਰਦਾਂ ਤੋਂ ਵੱਧ ਹਨ। ਇਥੋਂ ਤੱਕ ਕਿ ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਔਰਤ ਅਧਿਆਪਕਾਵਾਂ ਦੀ ਗਿਣਤੀ 95 ਫੀਸਦੀ ਤੋਂ ਉਪਰ ਵੇਖੀ ਜਾਂਦੀ ਹੈ। ਅਜਿਹਾ ਦੇਸ਼ ਵਿੱਚ ਆਜ਼ਾਦੀ ਤੋਂ ਬਾਅਦ ਲੜਕੀਆਂ ਨੂੰ ਪੜ੍ਹਾਉਣ ਦੇ ਰੁਝਾਨ ਨਾਲ ਹੋਇਆ ਹੈ। ਅੱਜਕੱਲ੍ਹ ਔਰਤਾਂ ਮੁਫਤ ਵਿੱਚ ਨਹੀਂ, ਮਰਦਾਂ ਵਾਂਗ ਪੂਰੀ ਪੜ੍ਹਾਈ ਤੇ ਲੋੜੀਂਦੇ ਕੋਰਸ ਕਰਨ ਤੋਂ ਬਾਅਦ ਅਧਿਆਪਕਾਵਾਂ ਦੀਆਂ ਪੋਸਟਾਂ 'ਤੇ ਨਿਯੁਕਤ ਹੁੰਦੀਆਂ ਹਨ, ਪਰ ਫਿਰ ਵੀ ਸਾਨੂੰ ਆਪਣਾ ਪੁਰਾਣਾ ਸਭਿਆਚਾਰ ਤੇ ਵਿਰਸਾ ਭੁੱਲਣਾ ਨਹੀਂ ਚਾਹੀਦਾ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



# BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005



ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ਼ ਦਿਤੀ ਜਾਂਦੀ ਹੈ

Open Seven Days

- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-



Karnail Singh

416.670.3173 | 905.799.7333
27 Edvac Dr, Brampton, ON L6S 5X8



# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative



(416) 970-5005

Century 21 President Realty Inc Brokerage

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਦੇਸ਼ ਨੂੰ ਚਾਹੀਦਾ ਹੈ ਵਿਰੋਧੀ ਧਿਰ ਦਾ 'ਮਜ਼ਬੂਤ ਨੇਤਾ'

-ਕਰਨ ਥਾਪਰ

ਪੱਛਮ ਦੇ ਜਮਹੂਰੀ ਦੇਸ਼ਾਂ 'ਚ ਵਿਰੋਧੀ ਧਿਰ ਦਾ ਨੇਤਾ ਇਕ ਮਹੱਤਵ ਪੂਰਨ ਵਿਅਕਤੀ ਹੁੰਦਾ ਹੈ। ਉਸ ਨੂੰ ਪ੍ਰਾਈਮ ਮਨਿਸਟਰ ਇਨ ਵੇਟਿੰਗ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਬ੍ਰਿਟੇਨ 'ਚ ਜੇਰੇਮੀ ਕਾਰਬਿੰਸ ਦੇ ਸਵਾਲ ਪ੍ਰਧਾਨ ਮੰਤਰੀ ਦੇ ਪ੍ਰਸ਼ਨ ਕਾਲ ਦਾ ਅਹਿਮ ਹਿੱਸਾ ਹੁੰਦੇ ਹਨ। ਥੈਰੇਸਾ ਮੇਅ ਅਤੇ ਪ੍ਰੈਸ ਦੋਵੇਂ ਉਨ੍ਹਾਂ ਨੂੰ ਗੰਭੀਰਤਾ ਨਾਲ ਲੈਂਦੇ ਹਨ। ਭਾਰਤ ਇਸ ਪੱਖੋਂ ਵੱਖਰੀ ਤਰ੍ਹਾਂ ਦਾ ਲੋਕਤੰਤਰ ਹੈ। ਸਾਡੀ ਸਮੱਸਿਆ ਏਥੋਂ ਸ਼ੁਰੂ ਹੁੰਦੀ ਹੈ ਕਿ ਇਸ ਨਾਲ ਇਥੇ ਇਸ ਗੱਲ ਬਾਰੇ ਸਥਿਤੀ ਸਪੱਸ਼ਟ ਨਹੀਂ ਕਿ ਵਿਰੋਧੀ ਧਿਰ ਦਾ ਨੇਤਾ ਕੌਣ ਹੋਣਾ ਚਾਹੀਦਾ ਹੈ। ਜਿਥੋਂ ਤੱਕ ਕਾਨੂੰਨ ਦਾ ਸਵਾਲ ਹੈ, ਉਥੇ ਇਸ ਦਾ ਜਵਾਬ ਸਪੱਸ਼ਟ ਹੈ। ਬਹੁਤ ਸਾਰੇ ਲੋਕ ਸਭਾ ਸਪੀਕਰਾਂ ਨੇ ਇਸ ਮਾਮਲੇ ਨੂੰ ਉਲਝਾ ਦਿੱਤਾ ਤੇ ਇਸ ਸਬੰਧ 'ਚ ਮਿਸਾਲਾਂ ਇਸ ਉਲਝਣ ਨੂੰ ਹੋਰ ਵਧਾ ਦਿੰਦੀਆਂ ਹਨ ਅਤੇ ਕਿਉਂਕਿ ਇਹ ਸਰਕਾਰ ਅਤੇ ਕਾਂਗਰਸ ਨੂੰ ਵੀ ਅਨੁਕੂਲ ਲੱਗਦਾ ਹੈ, ਅਜਿਹੀ ਹਾਲਤ 'ਚ ਸੰਭਾਵਨਾ ਇਹੋ ਹੈ ਕਿ ਫਿਲਹਾਲ ਇਹੀ ਸਥਿਤੀ ਜਾਰੀ ਰਹੇਗੀ।

ਵਿਰੋਧੀ ਧਿਰ ਦੇ ਨੇਤਾ ਨਾਲ ਜੁੜਿਆ ਇਕੋ-ਇਕ ਕਾਨੂੰਨ ਸੈਲਰੀਜ਼ ਐਂਡ ਅਲਾਊਂਸਿਜ਼ ਆਫ ਲੀਡਰਜ਼ ਆਫ ਅਪੋਜ਼ੀਸ਼ਨ ਇਨ ਪਾਰਲੀਆਮੈਂਟ ਐਕਟ ਆਫ 1977 ਹੈ। ਇਹ ਕਹਿੰਦਾ ਹੈ ਕਿ ਵਿਰੋਧੀ ਧਿਰ ਦਾ ਨੇਤਾ 'ਸਦਨ ਵਿੱਚ ਅਪੋਜ਼ੀਸ਼ਨ ਦੀ ਉਸ ਪਾਰਟੀ ਦਾ ਨੇਤਾ ਹੁੰਦਾ ਹੈ, ਜੋ ਗਿਣਤੀ_ਵੱਚ ਸਭ ਤੋਂ ਵੱਡੀ ਹੋਵੇ ਅਤੇ ਉਸ ਨੂੰ ਇਸ ਰੂਪ 'ਚ ਲੋਕ ਸਭਾ ਸਪੀਕਰ ਵੱਲੋਂ ਮਾਨਤਾ ਦਿੱਤੀ ਗਈ ਹੋਵੇ।' ਇਹ ਬਿਲਕੁਲ ਸਪੱਸ਼ਟ ਹੈ। ਇਸ ਦੇ ਬਾਵਜੂਦ 1984 'ਚ ਇਹ ਕਿਹਾ ਗਿਆ ਕਿ ਵਿਰੋਧੀ ਧਿਰ ਦੇ ਨੇਤਾ ਦਾ ਦਰਜਾ ਹਾਸਲ ਕਰਨ ਲਈ ਕਿਸੇ ਪਾਰਟੀ ਨੂੰ ਲੋਕ ਸਭਾ ਦੀਆਂ ਕੁੱਲ ਸੀਟਾਂ ਦੀ 10 ਫੀਸਦੀ ਗਿਣਤੀ ਹਾਸਲ ਕਰਨੀ ਪਵੇਗੀ। ਇਹ ਸ਼ਰਤ ਕਿੱਥੋਂ ਆਈ? ਲੋਕ ਸਭਾ ਦੇ ਸਾਬਕਾ ਜਨਰਲ ਸਕੱਤਰ ਪੀ ਡੀ ਟੀ ਆਚਾਰੀ ਦੱਸਦੇ ਹਨ ਕਿ ਇਸ ਦੀ ਸ਼ੁਰੂਆਤ 1950 ਦੇ ਦਹਾਕੇ 'ਚ ਲੋਕ ਸਭਾ ਸਪੀਕਰ ਮਾਵਲੰਕਰ ਦੇ ਇਕ ਨਿਰਦੇਸ਼ ਨਾਲ ਹੋਈ। ਇਸ ਵਿੱਚ ਇਸ ਗੱਲ ਨੂੰ ਭੁਲਾ ਦਿੱਤਾ ਗਿਆ ਕਿ ਉਹ ਨਿਰਦੇਸ਼ ਕਿਸੇ ਵਿਸ਼ੇਸ਼ ਸੰਦਰਭ ਵਿੱਚ ਸੀ। ਇਸ ਦਾ ਉਦੇਸ਼ ਚਰਚਾ ਅਤੇ ਪਾਰਲੀਮੈਂਟ 'ਚ ਕਮਰੇ ਅਲਾਟ ਕਰਨ ਲਈ 'ਪਾਰਟੀਆਂ' ਅਤੇ 'ਗਰੁੱਪਾਂ' ਦਾ ਫਰਕ ਕਰਨਾ ਸੀ, ਜਿਸ ਦਾ ਮਤਲਬ ਉਸ ਸ਼ਰਤ ਦੇ ਤੌਰ ਉੱਤੇ ਕਦੇ ਨਹੀਂ ਸੀ, ਜਿਸ ਨਾਲ ਇਹ ਤੈਅ ਕੀਤਾ ਜਾਵੇ ਕਿ ਕਿਹੜੀ ਪਾਰਟੀ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਲਈ ਦਾਅਵਾ ਕਰ ਸਕਦੀ ਹੈ। ਜੇ ਇਸ ਧਾਰਨਾ ਨੂੰ ਇਹ ਤੈਅ ਕਰਨ ਵਾਲੀ ਸ਼ਰਤ ਮੰਨ ਵੀ ਲਿਆ ਜਾਵੇ ਤਾਂ 1985 'ਚ ਪਾਸ ਕੀਤੇ ਗਏ ਸੰਵਿਧਾਨ ਦੇ 10ਵੇਂ ਸ਼ਡਿਊਲ ਨਾਲ ਇਹ ਖਤਮ ਹੋ ਜਾਂਦੀ ਹੈ, ਜਿਸ ਵਿੱਚ ਦਲ ਵਿਰੋਧੀ ਵਿਵਸਥਾਵਾਂ ਦਿੱਤੀਆਂ ਗਈਆਂ ਹਨ। ਇਸ ਸ਼ਡਿਊਲ ਅਨੁਸਾਰ ਹਰ ਪਾਰਟੀ ਨੂੰ ਪਾਰਟੀ ਮੰਨਿਆ ਜਾਵੇਗਾ, ਭਾਵੇਂ ਉਸ ਦਾ ਸਾਈਜ਼ ਕੋਈ ਵੀ ਹੋਵੇ, ਇਥੋਂ ਤੱਕ ਕਿ ਇਕ ਮੈਂਬਰ ਵਾਲੀ ਪਾਰਟੀ ਵੀ ਪਾਰਟੀ ਮੰਨੀ ਜਾਵੇਗੀ।

ਬਦਕਿਸਮਤੀ ਇਹ ਹੈ ਕਿ ਇਸ ਸਬੰਧ 'ਚ ਕਾਨੂੰਨ ਸਪੱਸ਼ਟ ਹੈ ਪਰ ਵੱਖ-ਵੱਖ ਲੋਕ ਸਭਾ ਸਪੀਕਰਾਂ ਵੱਲੋਂ ਇਸ ਦੀ ਵਿਆਖਿਆ ਉਲਝਣ ਭਰੀ ਅਤੇ ਵਿਰੋਧਾਭਾਸੀ ਹੈ। 1984 'ਚ ਬਲਰਾਮ ਜਾਖੜ ਨੇ ਤੇਲਗੂ ਦੇਸ਼ਮ ਪਾਰਟੀ ਨੂੰ ਵਿਰੋਧੀ ਧਿਰ ਦੇ ਨੇਤਾ ਦਾ ਦਰਜਾ ਦੇਣ ਤੋਂ ਨਾਂਹ ਕਰਨ ਲਈ ਇਹ 10 ਫੀਸਦੀ ਦਾ ਤਰਕ ਦਿੱਤਾ, ਜੋ ਓਦੋਂ ਦੂਜੀ ਸਭ ਤੋਂ ਵੱਡੀ ਪਾਰਟੀ ਸੀ। 2014 'ਚ ਸੁਮਿੱਤਰਾ ਮਹਾਜਨ ਨੇ ਕਾਂਗਰਸ ਨੂੰ ਇਹ ਅਹੁਦਾ ਦੇਣ ਤੋਂ ਇਸੇ ਆਧਾਰ 'ਤੇ ਮਨ੍ਹਾ ਕੀਤਾ। ਮੈਨੂੰ ਹੈਰਾਨੀ ਨਹੀਂ ਹੋਵੇਗੀ, ਜੇ ਓਮ ਬਿਰਲਾ ਵੀ 2019 'ਚ ਉਹੀ ਫੈਸਲਾ ਲੈਣ। ਹਾਲਾਂਕਿ ਕੁਝ ਮੀਲ ਦੂਰ ਦਿੱਲੀ ਵਿਧਾਨ ਸਭਾ ਦੇ ਸਪੀਕਰ ਰਾਮਨਿਵਾਸ ਗੋਇਲ ਨੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਨੂੰ ਵਿਰੋਧੀ ਧਿਰ ਦੇ ਨੇਤਾ ਦਾ ਦਰਜਾ ਦਿੱਤਾ ਹੈ, ਜਿਥੇ ਉਸ ਦੇ ਸਿਰਫ ਤਿੰਨ ਮੈਂਬਰ ਹਨ ਅਤੇ ਉਹ 70 ਮੈਂਬਰੀ ਵਿਧਾਨ ਸਭਾ 'ਚ ਸਿਰਫ ਪੰਜ ਫੀਸਦੀ ਬਣਦੇ ਹਨ।

ਕਾਂਗਰਸ ਨੇ ਐਲਾਨ ਕੀਤਾ ਹੈ ਕਿ ਉਹ ਇਸ ਅਹੁਦੇ ਦਾ ਦਾਅਵਾ ਨਹੀਂ ਕਰਨਾ ਚਾਹੁੰਦੀ। ਰਣਦੀਪ ਸੂਰਜੇਵਾਲਾ ਦਾ ਕਹਿਣਾ ਹੈ ਕਿ ਪਾਰਟੀ ਮੰਨਦੀ ਹੈ ਕਿ ਉਹ ਇਸ ਦੀ ਪਾਤਰ ਨਹੀਂ ਹੈ, ਕਾਨੂੰਨ ਇਹ ਕਹਿੰਦਾ ਹੈ ਕਿ ਉਹ ਪਾਤਰ ਹੈ। ਸ਼ਾਇਦ ਅਜਿਹਾ ਇਸ ਲਈ ਹੈ ਕਿ ਕਾਂਗਰਸ ਨਹੀਂ ਚਾਹੁੰਦੀ ਕਿ ਜੇ ਰਾਹੁਲ ਗਾਂਧੀ ਇਸ ਅਹੁਦੇ ਤੋਂ ਇਨਕਾਰ ਕਰਦੇ ਹਨ ਤਾਂ ਕੋਈ ਦੂਜਾ ਉਸ ਨੂੰ ਹਾਸਲ ਕਰੇ। ਇਸ ਦੇ ਬਾਵਜੂਦ ਕਾਂਗਰਸ ਯੂ ਪੀ ਏ ਦੇ ਨੇਤਾ ਵਜੋਂ ਖੁਦ ਨੂੰ ਪੇਸ਼ ਕਰਕੇ ਆਪਣਾ ਦਾਅਵਾ ਮਜ਼ਬੂਤ ਕਰ ਸਕਦੀ ਸੀ, ਜਿਸ ਵਿੱਚ ਚੋਣਾਂ ਤੋਂ ਪਹਿਲਾਂ ਗੱਠਜੋੜ ਦੇ ਤਹਿਤ ਯੂ ਪੀ ਏ ਦੇ 92 ਲੋਕ ਸਭਾ ਮੈਂਬਰ ਹਨ। ਜੇ ਚੋਣਾਂ ਤੋਂ ਪਹਿਲਾਂ ਦਾ ਗੱਠਜੋੜ ਬਹੁਮਤ ਹਾਸਲ ਕਰਨ 'ਤੇ ਸਰਕਾਰ ਲਈ ਦਾਅਵਾ ਕਰ ਸਕਦਾ ਹੈ ਤਾਂ ਅਜਿਹਾ ਗੱਠਜੋੜ 10 ਫੀਸਦੀ ਤੋਂ ਵੱਧ ਸੀਟਾਂ ਹੋਣ 'ਤੇ ਵਿਰੋਧੀ ਧਿਰ ਦੇ ਨੇਤਾ ਦੇ ਲਈ ਦਾਅਵਾ ਕਿਉਂ ਨਹੀਂ ਕਰ ਸਕਦਾ? ਪਰ ਸ਼ਾਇਦ ਇਸ ਬਾਰੇ ਕਿਸੇ ਨੇ ਵਿਚਾਰ ਨਹੀਂ ਕੀਤਾ। ਮੈਂ ਲੋਕ ਸਭਾ ਸਪੀਕਰਾਂ 'ਤੇ ਟਿੱਪਣੀ ਦੇ ਨਾਲ ਆਪਣੀ ਗੱਲ ਖਤਮ ਕਰਨੀ ਚਾਹਾਂਗਾ। ਉਨ੍ਹਾਂ ਨੇ ਯੋਗ ਢੰਗ ਨਾਲ ਕੰਮ ਕਰਨ ਦੀ ਥਾਂ ਰਾਜਨੀਤੀ ਕੀਤੀ ਹੈ। ਇਹ ਗੱਲ ਕਾਂਗਰਸ ਅਤੇ ਭਾਜਪਾ ਦੋਵਾਂ ਦੇ ਲੋਕ ਸਭਾ ਸਪੀਕਰਾਂ 'ਤੇ ਲਾਗੂ ਹੁੰਦੀ ਹੈ। ਹਰ ਮੌਕੇ 'ਤੇ ਉਨ੍ਹਾਂ ਨੇ ਲੋਕਤੰਤਰ ਦੀ ਰੱਖਿਆ ਲਈ ਉਚਿਤ ਕਦਮ ਨਹੀਂ ਚੁੱਕੇ। ਅਸਲੀਅਤ ਇਹ ਹੈ ਕਿ ਸਾਨੂੰ ਇਕ ਰਸਮੀ ਵਿਰੋਧੀ ਧਿਰ ਦੇ ਨੇਤਾ ਦੀ ਲੋੜ ਹੈ ਅਤੇ ਸਰਕਾਰ ਜਿੰਨੀ ਮਜ਼ਬੂਤ ਹੋਵੇਗੀ, ਓਨੀ ਹੀ ਜ਼ਿਆਦਾ ਉਸ ਦੀ ਜ਼ਰੂਰਤ ਹੈ। ਪ੍ਰਧਾਨ ਮੰਤਰੀ ਦੇ ਭਰੋਸੇ ਭਰੇ ਮਿੱਠੇ ਸ਼ਬਦਾਂ ਦਾ ਸਵਾਗਤ ਹੈ ਪਰ ਇਹ ਕਾਫੀ ਨਹੀਂ ਹਨ।

# ਰੂਹਾਨੀ ਰੁਤਬੇ ਦੀ ਬਾਤ ਹੈ ਜੁਗਨੀ

-ਸੁਖਵੀਰ ਸਿੰਘ ਕੰਗ

ਜੁਗਨੀ ਪੰਜਾਬੀ ਲੋਕ ਗੀਤਾਂ ਦੀ ਪ੍ਰਮੁੱਖ ਸ਼ੈਲੀ ਹੈ, ਜੋ ਪੰਜਾਬੀ ਗੀਤ ਅਤੇ ਸੰਗੀਤ ਪ੍ਰੇਮੀਆਂ ਵਿੱਚ ਬਹੁਤ ਹਰਮਨ ਪਿਆਰੀ ਹੈ। ਇਸ ਨੂੰ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿੱਚ ਚਾਹ ਕੇ ਗਾਇਆ ਅਤੇ ਸੁਣਿਆ ਜਾਂਦਾ ਹੈ। ਅਲਗੋਜ਼ਿਆਂ ਦੇ ਸੁਰ ਦੀ ਚਾਸ਼ਣੀ 'ਚ ਭਿੱਜੀ ਜੁਗਨੀ ਹਰ ਸੰਗੀਤ ਰਸੀਏ ਦਾ ਮਨ ਮੋਹ ਲੈਂਦੀ ਹੈ। ਪੰਜਾਬੀ ਗਾਇਕੀ ਦੇ ਇਸ ਸੂਹੇ ਰੰਗ ਦਾ ਪਿਛੋਕੜ ਤੇ ਇਤਿਹਾਸ ਬਹੁਤ ਪੁਰਾਣਾ ਹੈ। ਇਹ ਪੰਜਾਬੀ ਤੋਂ ਇਲਾਵਾ ਮੁਲਤਾਨੀ, ਫਾਰਸੀ, ਅਰਬੀ ਆਦਿ ਭਾਸ਼ਾਵਾਂ ਵਿੱਚ ਵੀ ਪ੍ਰਚੱਲਤ ਹੈ। ਜੁਗਨੀ ਗਾਉਣ ਵਾਲੇ ਪੁਰਾਣੇ ਅਤੇ ਜੱਦੀ ਪੁਸ਼ਤੀ ਗਾਇਕਾਂ ਨੂੰ ਸੁਣਨ 'ਤੇ ਇਹ ਆਭਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਜੁਗਨੀ ਇਨਸਾਨੀ ਰੂਪ ਦੀ ਗੱਲ ਹੈ, ਇਹ ਜ਼ਿੰਦਗੀ ਦਾ ਸਾਰ ਹੈ ਅਤੇ ਰੱਬ ਦੇ ਨਾਂ ਦੀ ਤਸ਼ਬੀਹ ਹੈ:

ਅੱਵਲ ਨਾਮ ਅੱਲ੍ਹਾ ਦਾ ਲਈਏ,<br>
ਫੇਰ ਦਰੂਦ ਨਬੀ ਨੂੰ ਕਹੀਏ,<br>
ਹਰ ਦਮ ਆਜਿਜ਼ੀ ਦੇ ਵਿੱਚ ਰਹੀਏ,<br>
ਓ ਪੀਰ ਮੇਰਿਆ ਓ ਜੁਗਨੀ ਕਹਿੰਦੀ ਆ<br>
ਨਾਮ ਅਲੀ ਦਾ ਲੈਂਦੀ ਆ..

ਗੀਤਾਂ ਤੇ ਦੰਦ ਕਥਾਵਾਂ ਵਿੱਚ ਸਾਂਭੀ ਜੁਗਨੀ ਦੇ ਆਰੰਭ ਅਤੇ ਪਿਛੋਕੜ ਬਾਰੇ ਕੋਈ ਪ੍ਰਮਾਣਕ ਤੱਥ ਨਹੀਂ ਮਿਲਦੇ, ਪਰ ਇਸ ਦੀ ਪੁਰਾਣੀ ਗਾਇਕੀ ਦੇ ਕੇਂਦਰੀ ਭਾਵ ਨੂੰ ਮਹਿਸੂਸ ਕਰਕੇ ਅਤੇ ਇਸ ਸਬੰਧੀ ਪੜ੍ਹੇ ਸੁਣੇ ਬਿਰਤਾਤਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਜੁਗਨੀ ਹਜ਼ਾਰਾਂ ਸਾਲ ਪਹਿਲਾਂ ਹੋਂਦ ਵਿੱਚ ਆ ਚੁੱਕੀ ਸੀ। ਪੁਰਾਣੇ ਸਮੇਂ ਤੋਂ ਸਿੱਧ, ਯੋਗੀ, ਪੀਰ ਤੇ ਫਕੀਰ ਆਪਣੇ ਗਲੇ ਵਿੱਚ ਧਾਤ ਦਾ ਕੈਪਸੂਲ ਨੁਮਾ ਤਵੀਤ ਧਾਗੇ ਜਾਂ ਮਾਲਾ ਵਿੱਚ ਪਰੋ ਕੇ ਧਾਰਨ ਕਰਕੇ ਰੱਖਦੇ ਸਨ ਜੋ ਉਨ੍ਹਾਂ ਦੀ ਸਾਧਨਾ, ਯੋਗ ਤੇ ਫਕੀਰੀ ਦੀ ਕਮਾਈ ਤੇ ਰੂਹ ਹੁੰਦਾ ਸੀ। ਇਸ ਨੂੰ ਯੋਗ ਗ੍ਰਹਿਣੀ ਕਿਹਾ ਜਾਂਦਾ ਸੀ ਜੋ ਅੱਗੇ ਚੱਲ ਕੇ ਯੋਗਿਨੀ ਅਤੇ ਫਿਰ ਜੁਗਨੀ ਬਣ ਗਈ। ਕੁਝ ਯੋਗੀ ਜਾਂ ਫਕੀਰ ਇਸ ਨੂੰ ਡੌਲੇ ਨਾਲ ਬੰਨ੍ਹ ਲੈਂਦੇ ਸਨ। ਯੋਗੀ ਆਪਣੇ ਚੇਲਿਆਂ ਨੂੰ ਯੋਗ ਵਿੱਦਿਆ ਵਿੱਚ ਨਿਪੁੰਨ ਹੋਣ 'ਤੇ ਉਨ੍ਹਾਂ ਨੂੰ ਯੋਗ ਦੇਣ ਵੇਲੇ ਉਨ੍ਹਾਂ ਦੇ ਗਲ ਵਿੱਚ ਇਹ ਯੋਗਿਨੀ ਧਾਰਨ ਕਰਾਉਂਦੇ ਸਨ, ਭਾਵ ਇਹ ਯੋਗ ਗ੍ਰਹਿਣ ਅਤੇ ਨਿਪੁੰਨ ਯੋਗੀ ਦੇ ਚਿੰਨ੍ਹ ਵਜੋਂ ਪ੍ਰਚੱਲਿਤ ਹੋਈ। ਇਸੇ ਤਰ੍ਹਾਂ ਹੀ ਇਸਲਾਮ ਦੀ ਸੰਗੀਤ ਪ੍ਰੇਮੀ ਸੰਪਰਾਦਾਏ ਸੂਫੀ ਮਤ ਵਿੱਚ ਇਸੇ ਤਰ੍ਹਾਂ ਪੀਰ ਮੁਰਸ਼ਦ ਆਪਣੇ ਸਭ ਤੋਂ ਯੋਗ ਸ਼ਾਗਿਰਦ ਨੂੰ ਜਦੋਂ ਆਪਣੀ ਗੱਦੀ ਦਿੰਦੇ ਜਾਂ ਖਾਸ ਅਵਸਥਾ ਵਿੱਚ ਪੁੱਜਣ ਵਾਲੇ ਦਰਵੇਸ਼ ਨੂੰ ਫਕੀਰੀ ਬਖਸ਼ਦੇ ਤਾਂ ਉਹ ਵੀ ਆਪਣੀ ਯੋਗਿਨੀ ਭਾਵ ਰੂਹ ਉਸ ਨੂੰ ਧਾਰਨ ਕਰਨਾ ਦਿੰਦੇ ਸਨ। ਇਸ ਤਰ੍ਹਾਂ ਯੋਗਿਨੀ ਅੱਗੇ ਤੋਂ ਅੱਗੇ ਚੱਲਦੀ ਰਹਿੰਦੀ ਸੀ। ਕਠਿਨ ਸਾਧਨਾ 'ਤੇ ਮਿਲੀ ਯੋਗਿਨੀ ਇਕ ਰੁਤਬਾ ਮੰਨੀ ਜਾਂਦੀ ਸੀ। ਇਸ ਮੌਕੇ ਜਸ਼ਨ ਮਨਾਏ ਜਾਂਦੇ ਸਨ, ਜਿਨ੍ਹਾਂ ਵਿੱਚ ਰੱਬ, ਅੱਲ੍ਹਾ, ਪੀਰ, ਮੁਰਸ਼ਦ ਜਾਂ ਗੁਰੂ ਦੀ ਸਿਫਤ ਸਲਾਹ ਦਾ ਗਾਇਨ ਵੀ ਹੁੰਦਾ ਸੀ। ਇਸ ਤਰ੍ਹਾਂ ਜੁਗਨੀ ਵਰਗਾ ਪਾਕ ਪਵਿੱਤਰ ਗਹਿਣਾ ਕਦੇ ਸਿੱਧਾਂ, ਯੋਗੀਆਂ ਅਤੇ ਪੀਰਾਂ ਦੀ ਕਮਾਈ ਹੁੰਦਾ ਸੀ, ਜਿਸ ਨੂੰ ਧਾਰਨ ਕਰਕੇ ਉਹ ਲੋਕਾਈ ਦੀ ਸੇਵਾ ਤੇ ਸੁਧਾਰ ਕਰਦੇ ਸਨ। ਇਹ ਪੰਜਾਬੀ ਲੋਕ ਗੀਤਾਂ ਵਿਚਲੀ ਯੋਗਿਨੀ ਤੋਂ ਬਣੀ ਜੁਗਨੀ ਦਾ ਆਰੰਭ ਅਤੇ ਅਸਲ ਵਜੂਦ ਹੈ।

ਇਸ ਤੋਂ ਬਿਨਾਂ ਇਕ ਹੋਰ ਦੰਦ ਕਥਾ ਸੁਣਨ ਨੂੰ ਮਿਲਦੀ ਹੈ ਕਿ ਭਾਰਤ ਵਿੱਚ ਆਪਣੇ ਸਾਮਰਾਜ ਦੇ ਪੰਜਾਹ ਵਰ੍ਹੇ ਪੂਰੇ ਹੋਣ 'ਤੇ 1887 ਵਿੱਚ ਬ੍ਰਿਟੇਨ ਦੀ ਰਾਣੀ ਵਿਕਟੋਰੀਆ ਨੇ ਗੋਲਡਨ ਜੁਬਲੀ ਦੇ ਜਸ਼ਨਾਂ ਦੀ ਇਕ ਮਸ਼ਾਲ ਪੂਰੇ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਘੁਮਾਈ ਸੀ, ਇਹ ਮਸ਼ਾਲ ਜਿਸ ਸ਼ਹਿਰ ਜਾਂਦੀ ਤਾਂ ਉਥੇ ਇਕੱਠ ਕਰਕੇ ਅੰਗਰੇਜ਼ ਅਫਸਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਜਸ਼ਨ ਮਨਾਇਆ ਜਾਂਦਾ ਸੀ। ਇਸ ਦੇ ਵਿਰੋਧ ਵਜੋਂ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਨੇ ਅੰਗਰੇਜ਼ਾਂ ਦੇ ਜਸ਼ਨ ਦੇ ਮੁਕਾਬਲੇ ਵਜੋਂ ਉਸੇ ਸ਼ਹਿਰ, ਉਸੇ ਸਮੇਂ ਬਰਾਬਰ ਇਕੱਠ ਕਰਕੇ ਆਪਣਾ ਗੁੱਸਾ ਪ੍ਰਗਟਾਉਣ ਦਾ ਫੈਸਲਾ ਕੀਤਾ। ਇਕੱਠ ਕਰਨ ਅਤੇ ਵਧੇਰੇ ਲੋਕਾਂ ਨੂੰ ਬਿਠਾਉਣ ਲਈ ਅੰਮ੍ਰਿਤਸਰ ਜ਼ਿਲੇ ਦੇ ਦੋ ਕਵੀਸ਼ਰਾਂ ਨੂੰ ਬੁਲਾ ਕੇ ਹਰ ਪ੍ਰੋਗਰਾਮ 'ਤੇ ਜੁਬਲੀ ਵਿਰੋਧੀ ਗੀਤ ਗਾਉਣ ਨੂੰ ਕਿਹਾ ਗਿਆ। ਬਿਸ਼ਨਾ ਤੇ ਮਾਂਦਾ ਨਾਂ ਦੇ ਇਨ੍ਹਾਂ ਦੋਂਹ ਅਨਪੜ੍ਹ ਗਾਇਕਾਂ ਨੇ 'ਜੁਬਲੀ' ਸ਼ਬਦ ਨੂੰ 'ਜੁਗਨੀ' ਸਮਝਦਿਆਂ ਆਪਣੇ ਹਿਸਾਬ ਨਾਲ ਮੌਕੇ 'ਤੇ ਸਬੰਧਤ ਸ਼ਹਿਰ ਦਾ ਨਾਂ ਲੈ ਕੇ ਗੀਤ ਜੋੜ ਲਏ:

ਜੁਗਨੀ ਜਾ ਵੜੀ ਮਜੀਠੇ,<br>
ਕੋਈ ਰੰਨ ਨਾ ਚੱਕੀ ਪੀਠੇ,<br>
ਪੁੱਤ ਗੱਭਰੂ ਮੁਲਕ ਵਿੱਚ ਮਾਰੇ,<br>
ਰੋਵਣ ਅੱਖੀਆਂ ਪਰ ਬੁਲ੍ਹ ਸੀਤੇ,<br>
ਪੀਰ ਮੇਰਿਆ ਓਏ ਜੁਗਨੀ ਆਈ ਆ,<br>
ਇਨ੍ਹਾਂ ਕਿਹੜੀ ਜੋਤ ਜਗਾਈ ਆ।<br>
ਜੁਗਨੀ ਦਾ ਵੜੀ ਲੁਧਿਆਣੇ,<br>
ਉਹਨੂੰ ਪੈ ਗਏ ਅੰਨ੍ਹੇ ਕਾਣੇ<br>
ਮਾਰਨ ਮੁੱਕੀਆਂ ਮੰਗਣ ਦਾਣੇ,<br>
ਪੀਰ ਮੇਰਿਆ ਓਏ ਜੁਗਨੀ ਕਹਿੰਦੀ ਆ<br>
ਜਿਹੜੀ ਨਾਮ ਸਾਈਂ ਦਾ ਲੈਂਦੀ ਆ

ਕਈ ਇਸ ਘਟਨਾ ਨੂੰ ਜੁਗਨੀ ਦੀ ਉਪਜ ਕਹਿ ਦਿੰਦੇ ਹਨ, ਪਰ ਇਹ ਸਹੀ ਨਹੀਂ ਹੈ। ਇਸ ਨੂੰ ਅਸੀਂ ਜੁਗਨੀ ਦੇ ਸਫਰ ਦਾ ਇਕ ਮੋੜ ਕਹਿ ਸਕਦੇ ਹਾਂ, ਜਿਸ ਨੇ ਜੁਗਨੀ ਨੂੰ ਸ਼ਹਿਰਾਂ ਤੇ ਕਸਬਿਆਂ ਨਾਲ ਜੋੜ ਦਿੱਤਾ। ਮਰਦ ਅਤੇ ਔਰਤਾਂ ਜੁਗਨੀ ਨੂੰ ਇਕ ਗਹਿਣੇ ਵਜੋਂ ਵੀ ਪਹਿਨਦੇ ਹਨ।

ਜੁਗਨੀ ਨੂੰ ਸੰਗੀਤਕ ਰੂਪ ਵਿੱਚ ਗਾਉਣ ਵਾਲਿਆਂ ਵਿਚੋਂ ਸਭ ਤੋਂ ਪਹਿਲਾਂ ਦੋ ਨਾਂ ਉਭਰਦੇ ਹਨ, ਪਹਿਲਾ ਪਿੰਡ ਕੋਟ ਇਨਾਇਤ ਖਾਂ (ਪਾਕਿਸਤਾਨ) ਦਾ ਨਵਾਬ ਹੈ, ਜੋ ਨੈਬ ਕੋਟੀਆ ਘੁਮਿਆਰ ਦੇ ਨਾਂ ਨਾਲ ਮਸ਼ਹੂਰ ਹੈ ਤੇ ਦੂਸਰਾ ਪਾਕਿਸਤਾਨ ਦੇ ਕਸਬੇ ਲਾਲਾ ਮੂਸਾ ਦਾ ਆਲਮ ਲੁਹਾਰ ਹੈ। ਨੈਬ ਕੋਟੀਆ ਆਪਣੇ ਪੁੱਤਰਾਂ ਸਰਜਾ, ਮਿਰਜ਼ਾ, ਬੂਟੇ ਤੇ ਜਾਨੇ ਨਾਲ ਗਾਉਂਦੇ ਹੋਏ ਜਦੋਂ 'ਪੀਰ ਮੇਰਿਆ ਜੁਗਨੀ' ਤੋਂ ਬਾਅਦ 'ਉਏ' ਕਹਿੰਦਾ ਹੈ ਤਾਂ ਸੰਗੀਤ ਰਸੀਆਂ ਦੇ ਕਾਲਜੇ ਧੂਹ ਪਾ ਦਿੰਦਾ ਹੈ, ਉਹ ਜੁਗਨੀ ਲੋਰੀ ਵਾਂਗ ਗਾਉਂਦਾ ਹੈ:

ਅੱਵਲ ਸਿਫਤ ਖੁਦਾ ਦੀ ਆਖਾਂ ਜਿਹੜਾ ਪਰਵਰਦਿਗਾਰ,<br>
ਦੂਜੀ ਸਿਫਤ ਰਸੂਲ ਇਲ-ਲਿਲਹਾ ਦੀ,<br>
ਆਖਾਂ ਹਮਦ ਹਜ਼ਾਰ,<br>
ਤੀਜੀ ਸਿਫਤ ਉਨ੍ਹਾਂ ਦੀ ਆਖਾਂ, ਜਿਹੜੇ ਪਿਆਰੇ ਯਾਰ,<br>
ਨਾਮ ਨਵਾਬ ਤੇ ਜਾਤ ਕੰਮੀ ਦੀ, ਜੁਗਨੀ ਕਰਾਂ ਤਿਆਰ<br>
ਪੀਰ ਮੇਰਿਆ ਜੁਗਨੀ ਉਏ<br>
ਪੀਰ ਮੇਰਿਆ ਜੁਗਨੀ ਕਹਿੰਦੀ ਆ<br>
ਜਿਹੜੀ ਨਾਮ ਅੱਲ੍ਹਾ ਦਾ ਲੈਂਦੀ ਆ।

ਇਸੇ ਤਰ੍ਹਾਂ ਆਲਮ ਲੁਹਾਰ ਨੇ ਜਿਥੇ ਬਹੁਤ ਸਾਰੀਆਂ ਲੋਕ ਕਥਾਵਾਂ ਤੇ ਗੀਤਾਂ ਨੂੰ ਪੰਜਾਬੀ ਲੋਕ ਗਾਇਕੀ ਦੀ ਝੋਲੀ ਪਾਇਆ, ਉਥੇ ਉਸ ਨੇ ਜੁਗਨੀ ਨੂੰ ਵੀ ਬੜੀ ਰੂਹ ਨਾਲ ਗਾਇਆ:

ਅਲੀ ਵਾਕ ਇਮਾਮ ਦਾ, ਮੈਂ ਬਿਰਦ ਕਰਾਂ ਦਮ-ਦਮ,<br>
ਇਹਨੂੰ ਪੈਣ ਉਜੱਲੇ ਨੂਰ ਦੇ, ਜਿਉਂ ਕਤਰੇ ਸ਼ਬਨਮ,<br>
ਮੈਂ ਪੜ੍ਹੀ ਨਮਾਜ਼ ਐ ਇਸ਼ਕ ਦੀ, ਦੂਰ ਹੋਏ ਸਭ ਗਮ,<br>
ਓ ਮੈਂ ਗਾਵਾਂ ਜੁਗਨੀ..<br>
ਆਸ਼ਕ ਲੋਕ ਤੇ ਕਮਲੇ ਰਮਲੇ, ਦੁਨੀਆਂ ਬੜੀ ਸਿਆਣੀ,<br>
ਚਿੱਟੇ ਦਿਨ ਤੇ ਕਾਲੀਆਂ ਰਾਤਾਂ, ਖਾਂਦੇ ਜਾਣ ਜੁਆਨੀ,<br>
ਕੀ ਮੁਨਿਆਦ ਐ ਬੰਦਿਆ ਤੇਰੀ, ਤੂੰ ਫਾਨੀ ਮੈਂ ਫਾਨੀ,<br>
ਰੰਗੇ ਜਾਈਏ ਜੇ ਮਿਲ ਜਾਵੇ, ਢੋਲ ਦਿਲਾਂ ਦਾ ਜਾਨੀ,<br>
ਓ ਮੈਂ ਗਾਵਾਂ ਜੁਗਨੀ..

ਜੇ ਪੰਜਾਬੀ ਗਾਇਕੀ ਤੇ ਜੁਗਨੀ ਦਾ ਦਮ ਦੇਖਣਾ ਹੋਵੇ ਤਾਂ ਬੀਬਾ ਗੁਰਮੀਤ ਬਾਵਾ ਦੀ ਜੁਗਨੀ ਸੁਣੀ ਜਾ ਸਕਦੀ ਹੈ। ਉਹ ਲੰਬੀ ਹੇਕ ਲਾਉਂਦੇ ਹਨ ਤਾਂ ਸੁਣਨ ਵਾਲਿਆਂ ਦੇ ਸਾਹ ਰੁਕ ਜਾਂਦੇ ਹਨ। ਜੁਗਨੀ ਨੂੰ ਸੰਸਾਰ ਪ੍ਰਸਿੱਧੀ ਦੇਣ ਵਿੱਚ ਆਲਮ ਲੁਹਾਰ ਦੇ ਪੁੱਤਰ ਆਰਿਫ ਲੁਹਾਰ ਦਾ ਵੀ ਅਹਿਮ ਯੋਗਦਾਨ ਹੈ। ਅੱਜ ਦੀ ਪੰਜਾਬੀ ਲੋਕ ਗਾਇਕੀ ਦੇ ਨਾਮਵਰ ਤੇ ਦਮਦਾਰ ਫਨਕਾਰ ਨੇ ਕੋਕ ਸਟੂਡੀਓ ਵਿੱਚ ਮੀਸ਼ਾ ਸੂਫੀ ਨਾਲ ਨਿਵੇਕਲੇ ਸੰਗੀਤ ਵਿੱਚ ਜੁਗਨੀ ਗਾ ਕੇ ਇਸ ਨੂੰ ਹੋਰ ਪ੍ਰਸਿੱਧੀ ਅਤੇ ਵਧੇਰੇ ਹਰਮਨ ਪਿਆਰਤਾ ਦਿਵਾਈ:

ਏਹ ਵੇ ਅੱਲ੍ਹਾ ਵਾਲਿਆਂ ਦੀ ਜੁਗਨੀ ਜੀ,<br>
ਏਹ ਵੇ ਨਬੀ ਪਾਕ ਦੀ ਜੁਗਨੀ ਜੀ,<br>
ਏਹ ਵੇ ਮੌਲਾ ਅਲੀ ਵਾਲੀ ਜੁਗਨੀ ਜੀ,<br>
ਏਹ ਵੇ ਮੇਰੇ ਪੀਰ ਦੀ ਜੁਗਨੀ ਜੀ,<br>
ਦਮ ਗੁਟਕੂੰ, ਦਮ ਗੁਟਕੂ, ਕਰੇ ਸਾਈਂ,<br>
ਇਹ ਕਲਮਾਂ ਨਬੀ ਦਾ ਪੜ੍ਹੇ ਸਾਈਂ।

ਨੈਬ ਕੋਟੀਆ ਘੁਮਿਆਰ, ਆਲਮ ਲੁਹਾਰ ਅਤੇ ਗੁਰਮੀਤ ਬਾਵਾ ਨੇ ਜੁਗਨੀ ਅਲਗੋਜ਼ਿਆਂ ਨਾਲ ਗਾਈ। ਇਨ੍ਹਾਂ ਸਭ ਗਾਇਕਾਂ ਨੇ ਜੁਗਨੀ ਦੇ ਵੱਖੋ-ਵੱਖ ਬੰਦ ਗਾਏ ਹਨ ਅਤੇ ਭਾਸ਼ਾ ਦਾ ਵੀ ਫਰਕ ਹੈ, ਫਿਰ ਵੀ ਇਨ੍ਹਾਂ ਦੇ ਕੁਝ ਬੰਦ ਸਾਂਝੇ ਹਨ:

ਮੇਰੀ ਜੁਗਨੀ ਦੇ ਧਾਗੇ ਬੱਗੇ,<br>
ਜੁਗਨੀ ਓਹਦੇ ਮੂੰਹੋਂ ਫੱਬੇ,<br>
ਜਿਸ ਨੂੰ ਸੱਟ ਇਸ਼ਕ ਦੀ ਲੱਗੇ,<br>
ਓ ਪੀਰ ਮੇਰਿਆ ਜੁਗਨੀ ਕਹਿੰਦੀ ਆ,<br>
ਜਦ ਨਾਮ ਅਲੀ ਦਾ ਲੈਂਦੀ ਆ।

ਇਸ ਤੋਂ ਬਿਨਾਂ ਹਜ਼ਾਰਾ ਸਿੰਘ ਰਮਤਾ, ਕੁਲਦੀਪ ਮਾਣਕ, ਨਰਿੰਦਰ ਬੀਬਾ, ਜਗਮੋਹਣ ਕੌਰ, ਗੁਰਦਾਸ ਮਾਨ, ਸੁਰਜੀਤ ਬਿੰਦਰਖੀਆ, ਲਖਵਿੰਦਰ ਵਡਾਲੀ, ਹਰਭਜਨ ਮਾਨ ਆਦਿ ਤੋਂ ਬਿਨਾਂ ਹੋਰ ਵੀ ਬਹੁਤੇ ਸਾਰੇ ਗਾਇਕਾਂ ਨੇ ਜੁਗਨੀ ਗਾਈ, ਜਿਸ ਵਿੱਚੋਂ ਬਹੁਤੇ ਗਾਇਕਾਂ ਦੀ ਜੁਗਨੀ ਅਸਲੀ ਸਿਧਾਂਤ ਤੋਂ ਦੂਰ ਹੈ। ਜੁਗਨੀ ਤਾਂ ਰੂਹ ਅਤੇ ਰਹਿਬਰ ਦੇ ਰਿਸ਼ਤੇ ਦੀ ਨਿਸ਼ਾਨੀ ਦੀ ਪਾਕ ਪਵਿੱਤਰ ਬਾਤ ਹੈ।

## ਹਲਕਾ ਫੁਲਕਾ

ਪੱਪੂ, ''ਪਾਪਾ, ਮੈਨੂੰ ਇੱਕ ਬਾਈਕ ਲੈ ਦਿਓ।''<br>
ਪਿਤਾ, ''ਭਗਵਾਨ ਨੇ ਦੋ ਲੱਤਾਂ ਕਿਸ ਲਈ ਦਿੱਤੀਆਂ ਹਨ?''<br>
ਪੱਪੂ, ''ਇੱਕ ਕਿੱਕ ਮਾਰਨ ਅਤੇ ਦੂਸਰੀ ਗਿਅਰ ਪਾਉਣ ਲਈ।''

*********

ਸੋਨੂੰ (ਦੁਕਾਨਦਾਰ ਨੂੰ), ''ਮੁਰਗਾ ਕਿੰਦਾਂ ਦਿਓਗੇ?''<br>
ਦੁਕਾਨਦਾਰ, ''80 ਰੁਪਏ, 50 ਰੁਪਏ ਤੇ 10 ਰੁਪਏ।''<br>
ਸੋਨੂੰ, ''10 ਰੁਪਏ ਦਾ ਵੀ ਹੈ? ਇੰਨਾ ਸਸਤਾ।''<br>
ਦੁਕਾਨਦਾਰ, ''ਸਾਹਿਬ, ਇਸ ਨੂੰ ਏਡਜ਼ ਹੈ।''<br>
ਸੋਨੂੰ, ''ਦੇ ਦੇ, ਖਾਣਾ ਹੀ ਤਾਂ ਹੈ, ਵਿਆਹ ਥੋੜ੍ਹਾ ਕਰਵਾਉਣਾ ਹੈ।''

*********

ਸੁਮਿਤ, ''ਤੁਸੀਂ ਕਿੰਨੇ ਭੈਣ-ਭਰਾ ਹੋ?''<br>
ਅਨਿਲ, ''45।''<br>
ਸੁਮਿਤ, ''ਕੀ? ਤੁਹਾਡੇ ਘਰ ਕਦੇ ਆਬਾਦੀ ਕੰਟਰੋਲ ਵਾਲੇ ਨਹੀਂ ਆਏ?''<br>
ਅਨਿਲ, ''ਆਏ ਤਾਂ ਸੀ, ਪਰ ਉਸ ਵੇਲੇ ਅਸੀਂ ਪੜ੍ਹ ਰਹੇ ਸੀ ਅਤੇ ਉਹ ਕੋਚਿੰਗ ਸੈਂਟਰ ਸਮਝ ਕੇ ਚਲੇ ਗਏ।''

*********

ਇੱਕ ਛੋਟਾ ਬੱਚਾ ਬੜੀ ਦੇਰ ਤੋਂ ਘਰ ਦੇ ਬਾਹਰ ਖੜ੍ਹਾ ਦਰਵਾਜ਼ੇ ਦੀ ਘੰਟੀ ਵਜਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਇੱਕ ਬੁੱਢਾ ਆਦਮੀ ਆਇਆ ਅਤੇ ਬੋਲਿਆ, ''ਕੀ ਕਰ ਰਿਹਾ ਏਂ ਬੇਟਾ?''<br>
ਬੱਚਾ, ''ਅੰਕਲ, ਇਹ ਘੰਟੀ ਵਜਾਉਣਾ ਚਾਹੁੰਦਾ ਹਾਂ।''<br>
ਬੁੱਢਾ ਆਦਮੀ (ਘੰਟੀ ਵਜਾ ਕੇ), ''ਇਹ ਲੈ ਵੱਜ ਗਈ, ਹੋਰ ਕੀ ਕਰਨਾ ਹੈ?''<br>
ਬੱਚਾ, ''ਬੱਸ ਭੱਜ ਚਲੋ, ਨਹੀਂ ਤਾਂ ਘਰ ਵਾਲੇ ਮਾਰਨਗੇ।''

*********

ਜਸਵੰਤ ਸਿੰਘ ਕੰਵਲ ਦੀ ਜਨਮ ਸ਼ਤਾਬਦੀ

# ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਦਾ ਮੁੱਢਲਾ ਕਾਂਡ

## ਮਾਹਲੇ ਕਾ ਬੰਤਾ-3

ਕੰਵਲ ਦੇ ਜਨਮ ਸਮੇਂ ਢੁੱਡੀਕੇ ਦੀ ਆਬਾਦੀ ਇਕ ਹਜ਼ਾਰ ਤੋਂ ਵੀ ਘੱਟ ਹੋਵੇਗੀ ਜਿਸ ਵਿਚ ਦੋ ਕੁ ਸੌ ਮੁਸਲਮਾਨ ਹੋਣਗੇ। ਪਿੰਡ ਵਿਚ ਗਿੱਲ ਜੱਟ ਸਭ ਤੋਂ ਵੱਧ ਸਨ ਅਤੇ ਹੋਰਨਾਂ ਗੋਤਾਂ ਦੇ ਜੱਟ ਘੱਟ। ਮਹਾਜਨ, ਖੱਤਰੀ, ਅਰੋੜੇ, ਮਜ਼੍ਹਬੀ ਸਿੱਖ, ਰਵਿਦਾਸੀਏ, ਰਾਮਗੜ੍ਹੀਏ, ਬਾਵੇ, ਨਾਈ, ਛੀਂਬੇ, ਝਿਓਰ, ਜੁਲਾਹੇ, ਮੋਚੀ, ਘੁਮਿਆਰ, ਅਰਾਈਂ ਗੱਲ ਕੀ ਬਹੁਤ ਸਾਰੀਆਂ ਜਾਤਾਂ ਦੇ ਲੋਕ ਰਲ ਮਿਲ ਕੇ ਰਹਿੰਦੇ ਸਨ। ਲਗਭਗ ਸਾਰੇ ਵਰਗਾ ਦੇ ਲੋਕ ਹੀ ਕਿਰਤੀ ਸਨ। ਕੋਈ ਬਹੁਤਾ ਵੱਡਾ ਜ਼ਿਮੀਦਾਰ ਨਹੀਂ ਸੀ। ਕੰਵਲ ਨੂੰਕਿਰਤੀ ਪੇਂਡੂ ਸਮਾਜ ਵਿਰਸੇ ਵਿਚ ਮਿਲਿਆ।

ਢੁੱਡੀਕੇ ਦੀ ਇਕ ਅੰਦਰਲੀ ਫਿਰਨੀ ਹੈ ਤੇ ਦੂਜੀ ਬਾਹਰਲੀ ਫਿਰਨੀ। ਕੰਵਲ ਹੋਰਾਂ ਦਾ ਜੱਦੀ ਘਰ ਅੰਦਰਲੀ ਫਿਰਨੀ ਦੇ ਅੰਦਰਵਾਰ ਸੀ ਜਦ ਕਿ ਬਾਹਰਲੀ ਕੋਠੀ ਬਾਹਰਲੀ ਫਿਰਨੀ ਦੇ ਬਾਹਰਵਾਰ ਹੈ। ਪਿੰਡ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੱਖ ਵੱਖ ਅਗਵਾੜਾਂ ਵਿਚ ਪੰਜ ਖੂਹ ਸਨ। ਹੁਣ ਉਹ ਸਾਰੇ ਖੂਹ ਪੂਰੇ ਜਾ ਚੁੱਕੇ ਹਨ। ਚਾਰ ਛੱਪੜ ਸਨ ਜੋ ਹੁਣ ਵੀ ਹਨ। ਜੇਠ ਹਾੜ ਵਿਚ ਜਦ ਛੱਪੜ ਸੁੱਕ ਜਾਂਦੇ ਤਾਂ ਉਨ੍ਹਾਂ ਦੀ ਚੀਕਣੀ ਮਿੱਟੀ ਦੇ ਢਲੇ ਪੁੱਟ ਕੇ ਕੰਧਾਂ ਕੋਠੇ ਉਸਾਰੇ ਜਾਂਦੇ ਸਨ। ਕੰਵਲ ਦਾ ਬਚਪਨ ਉਨ੍ਹਾਂ ਕੰਧਾਂ ਕੋਠਿਆਂ ਵਿਚ ਬੀਤਿਆ। ਕੰਵਲ ਉਦੋਂ ਦਸਵੇਂ ਸਾਲ 'ਚ ਸੀ ਜਦੋਂ 17 ਨਵੰਬਰ 1928 ਨੂੰ ਲਾਲਾ ਲਾਜਪਤ ਰਾਏ ਦਾ ਦੇਹਾਂਤ ਹੋਇਆ। ਲਾਲੇ ਦਾ ਬਦਲਾ ਲੈਂਦਿਆਂ ਭਗਤ ਸਿੰਘ ਹੋਰਾਂ ਦੀ ਸ਼ਹੀਦੀ ਹੋਈ। ਕਰਤਾਰ ਸਿੰਘ ਸਰਾਭਾ ਢੁੱਡੀਕੇ ਦੇ ਗਦਰੀ ਬਾਬਿਆਂ ਵਾਂਗ ਪਹਿਲਾਂ ਹੀ ਸ਼ਹੀਦ ਹੋ ਗਿਆ ਸੀ। ਕੰਵਲ ਦੇ ਦੱਸਣ ਮੁਜਬ ਉਸ ਨੇ ਲਾਲਾ ਲਾਜਪਤ ਰਾਏ ਨੂੰ ਕਦੇ ਨਹੀਂ ਸੀ ਵੇਖਿਆ ਪਰ ਪਿੰਡ ਦੇ ਵਿਕਾਸ ਲਈ ਲਾਲਾ ਜੀ ਦਾ ਨਾਂ ਸਭ ਤੋਂ ਵੱਧ ਕੰਵਲ ਨੇ ਹੀ ਵਰਤਿਆ।

ਗੱਲ ਵਿਚੋਂ ਇਹ ਸੀ ਕਿ ਲਾਲਾ ਲਾਜਪਤ ਰਾਏ ਦੇ ਇਕ ਸਾਥੀ ਲਾਲਾ ਮੋਹਨ ਲਾਲ ਨੇ 1950ਵਿਆਂ ਵਿਚ ਸਾਬਤ ਕਰ ਦਿੱਤਾ ਸੀ ਕਿ ਲਾਲਾ ਜੀ ਦਾ ਜਨਮ ਉਦੋਂ ਦੇ ਰਿਵਾਜ ਅਨੁਸਾਰ ਉਸ ਦੇ ਨਾਨਕੇ ਪਿੰਡ ਢੁੱਡੀਕੇ ਵਿਚ ਹੋਇਆ ਸੀ। ਪਹਿਲਾਂ ਲਾਲਾ ਜੀ ਦਾ ਜਨਮ ਜਗਰਾਓਂ ਵਿਚ ਹੋਇਆ ਮੰਨਿਆ ਜਾਂਦਾ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸਾਡੀਆਂ ਸਕੂਲੀ ਪਾਠ ਪੁਸਤਕਾਂ ਵਿਚ ਲਾਲਾ ਜੀ ਦਾ ਜਨਮ ਜਗਰਾਓਂ ਵਿਚ ਹੋਇਆ ਹੀ ਪੜ੍ਹਾਇਆ ਗਿਆ ਸੀ।

1950ਵਿਆਂ ਵਿਚ ਜਸਵੰਤ ਸਿੰਘ ਕੰਵਲ ਢੁੱਡੀਕੇ ਦਾ ਸਰਪੰਚ ਸੀ। ਜਦ ਲਾਲਾ ਜੀ ਦਾ ਜਨਮ ਢੁੱਡੀਕੇ 'ਚ ਹੋਇਆ ਸਿੱਧ ਹੋ ਗਿਆ ਤਾਂ ਲਾਲਾ ਜੀ ਦੀ ਯਾਦਗਾਰ ਬਣਾਉਣ ਲਈ ਕਮੇਟੀ ਬਣਾਈ ਗਈ। ਕਮੇਟੀ ਵਿਚ ਕਾਂਗਰਸੀ ਨੇਤਾ ਪਾਏ ਗਏ ਕਿਉਂਕਿ ਲਾਲਾ ਲਾਜਪਤ ਰਾਏ ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ ਸਨ। ਉਨ੍ਹਾਂ ਬ੍ਰਿਟਿਸ਼ ਸਰਕਾਰ ਦੇ ਸਾਈਮਨ ਕਮਿਸ਼ਨ ਦਾ ਵਿਰੋਧ ਕਰਦਿਆਂ ਲਾਠੀਆਂ ਖਾਧੀਆਂ ਸਨ। ਕੁਝ ਦਿਨਾਂ ਬਾਅਦ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ ਤੇ ਉਹ ਸ਼ਹੀਦ ਐਲਾਨੇ ਗਏ ਸਨ। ਪੰਜਾਬ ਤੇ ਭਾਰਤ ਦੀਆਂ ਕਾਂਗਰਸ ਸਰਕਾਰਾਂ ਲਾਲਾ ਜੀ ਦੇ ਨਾਂ ਉਤੇ ਢੁੱਡੀਕੇ ਨੂੰ ਕੁਝ ਵੀ ਦੇਣ ਲਈ ਤਿਆਰ ਸਨ। ਸਰਪੰਚ ਜਸਵੰਤ ਸਿੰਘ ਕੰਵਲ ਨੇ ਪਿੰਡ ਦੇ ਵਿਕਾਸ ਲਈ ਗਦਰੀ ਬਾਬਿਆਂ ਦੀ ਥਾਂ ਲਾਲਾ ਜੀ ਨਾਂ ਵਰਤਣਾ ਮੌਕੇ ਦੀ ਸਿਆਸਤ ਸਮਝਿਆ।

ਲਾਲਾ ਜੀ ਦੇ ਜਨਮ ਦਿਨ ਅਤੇ ਸ਼ਹੀਦੀ ਦਿਵਸ ਉਤੇ ਸ਼ਰਧਾਂਜਲੀ ਭੇਟ ਕਰਨ ਲਈ ਰਾਜਸੀ ਨੇਤਾ ਢੁੱਡੀਕੇ ਪਧਾਰਨ ਲੱਗੇ। ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਵੀ ਆਏ ਅਤੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸ਼ਤਰੀ ਵੀ। ਮੰਤਰੀਆਂ, ਮੁੱਖ ਮੰਤਰੀਆਂ ਤੇ ਗਵਰਨਰਾਂ ਨੇ ਤਾਂ ਫਿਰ ਆਉਣਾ ਹੀ ਸੀ। ਲਾਲਾ ਲਾਜਪਤ ਰਾਏ ਯਾਦਗਾਰ, ਲਾਇਬ੍ਰੇਰੀ, ਢੁੱਡੀਕੇ ਤੋਂ ਅਜੀਤਵਾਲ ਤਕ ਪੱਕੀ ਸੜਕ, ਡਾਕ ਤੇ ਤਾਰ ਘਰ, ਸੀਨੀਅਰ ਸੈਕੰਡਰੀ ਸਕੂਲ, ਡਿਗਰੀ ਕਾਲਜ, ਹਸਪਤਾਲ, ਬੈਂਕ ਤੇ ਵਾਟਰ ਵਰਕਸ ਵਰਗੀਆਂ ਸਹੂਲਤਾਂ ਪਿੰਡ ਵਿਚ ਆ ਗਈਆਂ। ਗਲੀਆਂ ਨਾਲੀਆਂ ਪੱਕੀਆਂ ਕਰ ਦਿੱਤੀਆਂ ਗਈਆਂ।


ਇਕ ਦਿਨ ਢੁੱਡੀਕੇਵਿਚ ਕਮਿਊਨਿਸਟਾਂ ਦੀ ਕਾਨਫ੍ਰੰਸ ਹੋਈ। ਦੇਸ਼ਭਗਤ ਯਾਦਗਾਰ ਜਲੰਧਰ ਵਾਲਾ ਬਾਬਾ ਗੁਰਮੁਖ ਸਿੰਘ ਕੰਵਲ ਦੇ ਘਰ ਆ ਕੇ ਖੂੰਡਾ ਚੁੱਕ ਖਲੋਤਾ। ਤੇਜਾ ਸਿੰਘ ਸੁਤੰਤਰ ਤੇ ਅਵਤਾਰ ਸਿੰਘ ਮਲਹੋਤਰਾ ਵੀ ਮੌਕੇ 'ਤੇ ਹਾਜ਼ਰ ਸਨ। ਬਾਬਾ ਪੈਂਦੀ ਸੱਟੇ ਕੰਵਲ ਨੂੰ ਪੈ ਗਿਆ, "ਓਏ ਕੰਵਲਾ! ਖੋਟੇ ਲਾਲੇ ਦਿਆ ਝੋਲੀਚੁੱਕਾ!ਤੈਨੂੰ ਯਾਦਗਾਰਾਂ ਬਣਾਉਣ ਲਈ ਫਾਂਸੀ ਚੜ੍ਹਨ ਵਾਲੇ ਪਿੰਡ ਦੇ ਦੇਸ਼ ਭਗਤ ਸ਼ਹੀਦ ਨਾ ਦਿਸੇ। ਗਦਰੀ ਬਾਬਿਆਂ ਦਾ ਫੰਡ ਹਜ਼ਮ ਕਰਨ ਵਾਲਾ ਲਾਲਾ ਅਸਮਾਨੇ ਚਾੜ੍ਹ ਛੱਡਿਆ?''

ਕੰਵਲ ਨੇ ਲਿਖਿਆ ਹੈ, "ਮੈਂ ਹੀ ਨਹੀਂ, ਸਾਰਾ ਹਿੰਦੋਸਤਾਨ ਬਾਬਾ ਗੁਰਮੁਖ ਸਿੰਘ ਦੀ ਬੱਤੀ ਵਰ੍ਹੇ ਕੱਟੀ ਸਖ਼ਤ ਜੇਲ੍ਹ ਦਾ ਸਤਿਕਾਰ ਕਰਦਾ ਸੀ। ਮੈਂ ਬਾਬਾ ਜੀ ਦੇ ਸਖਤ ਖਿੰਗਰ ਸੁਭਾਅ ਨੂੰ ਸਤਿਕਾਰਤ ਮਖਣੀ ਲਾਇਆ ਚਾਹੁੰਦਾ ਸਾਂ। ਲਾਲੇ ਦਾ ਨਾਂ ਵਰਤਣ ਤੇ ਮੈਨੂੰ ਬਾਬੇ ਦੇ ਔਖੇ ਹੋਣ ਦਾ ਪਹਿਲੋਂ ਹੀ ਪਤਾ ਸੀ। ਇਸ ਗੱਲ 'ਤੇ ਇਕ ਵਾਰ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਚ ਵੀ ਉਹ ਮੇਰੇ ਗਲ ਪਿਆ ਸੀ। ਮੈਂ ਨਿਮਰਤਾ ਨਾਲ ਬੇਨਤੀ ਕੀਤੀ ਸੀ:

''ਬਾਬਾ ਜੀ! ਸਾਡਾ ਪਿੰਡ ਬੁਰੀ ਤਰ੍ਹਾਂ






ਕਤਲਾਂ ਦੀ ਮਾਰ ਹੇਠ ਆਇਆ ਹੋਇਆ ਸੀ। ਲਾਲੇ ਦੇ ਨਾਂ ਨਾਲ ਸਰਕਾਰੀ ਮੱਝ ਪਸਮਦੀ ਸੀ। ਅਸਾਂ ਚਾਟ ਪਾ ਕੇ ਚੋ ਲਈ, ਕੀ ਬੁਰਾਕੀਤਾ? ਅਸਾਂ ਕਾਲਜ ਤਕ ਦੀਆਂ ਸਹੂਲਤਾਂ ਖੜ੍ਹੀਆਂ ਕਰ ਲਈਆਂ; ਕੀ ਮਾੜਾ ਕੀਤਾ? ਗ਼ਦਰੀ ਬਾਬਿਆਂ ਨੂੰ ਅੱਗੇ ਰੱਖਦੇ, ਮੁੜ ਪਿੰਡ 'ਤੇ ਤਾਜ਼ੀਰੀ ਚੌਕੀ ਪੁਆ ਲੈਂਦੇ ਤੇ ਲੋਕਾਂ ਵਾਧੂ ਦੀਆਂ ਗਾਲ੍ਹਾਂ ਵੱਖ ਦੇਣੀਆਂ ਸਨ। ਲੋਕ ਕੰਮ ਕਾਰਨ ਸਾਡੇ ਨਾਲ ਹਨ। ਨਿਰੀ ਨੁਕਤਾਚੀਨੀ ਕੀ ਸੁਆਰਦੀ ਐ? ਇਸ ਮਿਲਵਰਤਨ ਕਾਰਨ ਚੂਹੜਚੱਕ ਨਾਲੋਂ ਅਸੈਂਬਲੀ ਵਿਚ ਵੱਧ ਵੋਟਾਂ ਭੁਗਤਾਈਆਂ ਹਨ। ਤੁਹਾਡੇ ਵਾਲੀ ਅੜਵਾਈ ਦੀ ਥਾਂ ਜੇ ਪਾਰਟੀ ਨੇ ਮਿਲਵਰਤਣੀ ਪਾਲਿਸੀ ਅਪਨਾਈ ਹੁੰਦੀ, ਰਾਜ ਭਾਗ ਤੁਹਾਡੇ ਆਪਣੇ ਹੱਥ ਹੋਣਾ ਸੀ। ਗਾਂਧੀ ਤੁਹਾਡੇ ਬਹੁਤੇ ਸਿਆਣਿਆਂ ਨਾਲ ਕਿਵੇਂ ਠੱਗੀ ਮਾਰ ਗਿਆ? ਜੇਲ੍ਹਾਂ ਦੀ ਸਖਤ ਕੁੱਟ ਤੁਸਾਂ ਖਾਧੀ; ਚੂਰੀ ਖੀਰ ਬਾਹਮਣ ਤੋਤੇ ਮੁਫ਼ਤ ਵਿਚ ਹੀ ਖਾ ਗਏ।''

ਮੈਂ ਬਾਬੇ ਦਾ ਸਖ਼ਤ ਰਵੱਈਆ ਤਾੜ ਲਿਆ ਸੀ; ਜੇ ਬਹੁਤਾ ਨਰਮ ਪਿਆ, ਆਪਣੇ ਘਰ ਵਿਚ ਹੀ ਬਾਬੇ ਤੋਂ ਕੁੱਟ ਖਾਵਾਂਗਾ।

''ਹੁਣ ਬੱਚੂ ਤੂੰ ਸਾਨੂੰ ਮੱਤਾਂ ਦੇਵੇਂਗਾ?''

''ਬਾਬਾ ਜੀ! ਕਾਂਗਰਸ ਸਰਕਾਰ ਦਾ ਅੰਦਰਲਾ ਤੱਤ ਫਿਰਕੂ ਐ। ਮਿਸਟਰ ਜਿਨਾਹ ਠੀਕ ਆਖਦਾ ਸੀ। ਇਸ ਸਰਕਾਰ ਨੇ ਚੌਦਾਂ ਪੰਦਰਾਂ ਦੇ ਗ਼ਦਰੀ ਬਾਬਿਆਂ ਦੇ ਨਾਂ 'ਤੇ ਧਾਰਾਂ ਨਹੀਂ ਸਨ ਦੇਣੀਆਂ। ਲਾਲਾ ਲਾਜਪਤ ਰਾਏ ਮੇਰੇ ਪਿੰਡ ਜੰਮਿਆ ਸੀ। ਉਸ ਦੇ ਨਾਂ 'ਤੇ ਫਿਰਕੂ ਸਰਕਾਰ ਨੂੰ ਚੋ ਲੈਣ ਦਿਓ। ਅਸੀਂ ਪਿੰਡ ਦਾ ਮੂੰਹ ਮੱਥਾ ਸਵਾਰਨਾ ਚਾਹੁੰਦੇ ਆਂ।''

''ਤੈਨੂੰ ਐਨਾ ਵੀ ਪਤਾ ਨਹੀਂ, ਲਾਜਪਤ ਰਾਏ ਵਾਇਸਰਾਏ ਦੀਆਂ ਲੇਲੜੀਆਂ ਕੱਢ ਕੇ ਛੁੱਟਿਆ ਸੀ? ਤੂੰ ਫਾਂਸੀ ਚੜ੍ਹਨ ਵਾਲੇ ਦੇਸ਼ ਭਗਤਾਂ ਨੂੰ ਛੱਡ ਕੇ ਹਿੰਦੂ ਮਹਾਂਸਭਾ ਦੇ ਪ੍ਰਧਾਨ ਲਾਲੇ ਦਾ ਨਾਂ ਚਾੜ੍ਹਿਆ?'' ਬਾਬਾ ਹੋਰ ਤੱਤਾ ਹੋ ਗਿਆ। ਸੋਚਿਆ, ਬਾਬਾ ਗੁਰਮੁਖ ਸਿੰਘ ਨੂੰ ਕਿਵੇਂ ਠੰਢਾ ਕਰਾਂ; ਜਿਹੜਾ ਲੁਹਾਰ ਦੀ ਭੱਠੀ ਵਾਂਗ ਭਵਕਦਾ ਹੀ ਰਹਿੰਦਾ ਏ।

''ਬਾਬਾ ਜੀ! ਫਾਂਸੀ ਚੜ੍ਹਨ ਵਾਲੇ ਦੇਸ਼ ਭਗਤਾਂ ਦੇ ਨਾਂ ਸੁਣਨ ਲਈ ਵੀ ਸਰਕਾਰ ਤਿਆਰ ਨਹੀਂ। ਅਸੀਂ ਲੋਕਾਂ ਦੀਆਂ ਸਹੂਲਤਾਂ, ਕਾਲਜ, ਹੈਲਥ ਸੈਂਟਰ ਆਦ ਲੈਣਾ ਚਾਹੁੰਦੇ ਆਂ। ਜੇ ਇਹ ਕੁਝ ਲਾਲੇ ਦੇ ਨਾਂ ਨੂੰ ਮਿਲਦਾ ਹੈ, ਕੀ ਮਾੜਾ ਹੈ? ਤੁਸੀਂ ਦੇਸ਼ ਭਗਤਾਂ ਲਈ ਕੋਈ ਬੀੜਾ ਚੁੱਕੋ, ਮੈਂ ਤੁਹਾਡੇ ਨਾਲ ਖਲੋਵਾਂਗਾ। ਮੈਂ ਇਹ ਕੁਝ ਲੋਕਾਂ ਲਈ ਕਰ ਰਿਹਾ ਆਂ; ਆਪਣੇ ਨਿੱਜ ਲਈ ਤਾਂ ਨਹੀਂ ਕਰ ਰਿਹਾ।''

''ਫਾਂਸੀ ਚੜ੍ਹਨ ਵਾਲੇ ਦੇਸ਼ ਭਗਤਾਂ ਨੂੰ ਛੱਡ ਕੇ ਫਿਰਕੂ ਲਾਜਪਤ ਦੀ ਯਾਦਗਾਰ ਬਣਾਉਣਾ ਖੁਦਗਰਜ਼ੀ ਨਹੀਂ?'' ਤੇਜਾ ਸਿੰਘ ਸੁਤੰਤਰ ਨੇ ਮੈਨੂੰ ਟੋਕਿਆ।

''ਲੋਕਾਂ ਨੂੰ ਸਿਖਿਅਤ ਕਰਨਾ ਖ਼ੁਦਗਰਜ਼ੀ ਨਹੀ। ਲੋਕਾਂ ਨੂੰ ਸਿਆਣੇ ਬਣਾਏ ਬਿਨਾਂ ਕੋਈ ਇਨਕਲਾਬ ਨਹੀਂ ਆਉਣਾ।''

ਸੁਤੰਤਰ ਚੁੱਪ ਵੱਟ ਗਿਆ। ਉਹ ਨੈਨੀਤਾਲ ਬੈਂਕ ਡਕੈਤੀ ਤੋਂ ਪਹਿਲੋਂ ਦੋ ਰਾਤਾਂ ਵਾਰੰਟਡ ਹਾਲਤ ਵਿਚ ਮੇਰੇ ਕੋਲ ਕੱਟ ਗਿਆ ਸੀ।

ਬਾਬਾ ਮੁੜ ਬੁੜ੍ਹਕ ਪਿਆ, ''ਤੇਰੇ ਵਰਗਿਆਂ ਹੀ ਇਨਕਲਾਬ ਦਾ ਭੱਠਾ ਬਹਾਇਆ ਏ।''

ਬਾਬਾ ਮੇਰੇ ਬਾਪ ਵਰਗਾ ਸੀ। ਉਹ ਜੁੱਤੀਆਂ ਵੀ ਮਾਰਦਾ ਮੈਂ ਸਹਿ ਲੈਂਦਾ। ਉਹਦੀ ਕੁਰਬਾਨੀ ਅੱਗੇ ਸਾਰੇ ਹਿੰਦੋਸਤਾਨ ਦਾ ਸਿਰ ਝੁਕਦਾ ਸੀ।

ਚੰਗਾ ਕਹੋ ਭਾਵੇਂ ਮਾੜਾ, ਜਿਹੜਾ ਖੋਲਿਆਂ ਵਰਗਾ ਪਿੰਡ ਢੁੱਡੀਕੇ ਜਸਵੰਤ ਸਿੰਘ ਕੰਵਲ ਦੇ ਜਨਮ ਵੇਲੇ ਸੀ ਉਹ ਲਾਲਾ ਲਾਜਪਤ ਰਾਏ ਦਾ ਨਾਂ ਵਰਤ ਕੇ ਕੰਵਲ ਤੇ ਉਹਦੇ ਸੰਗੀਆਂ ਸਾਥੀਆਂ ਨੇ ਪੰਜਾਬ ਹੀ ਨਹੀਂ, ਦੇਸ਼ ਦਾ ਦਰਸ਼ਨੀ ਪਿੰਡ ਬਣਾ ਦਿੱਤਾ ਹੈ। ਕਿਸੇ ਸਮੇਂ ਗੁੰਮਨਾਮ ਤੇ ਬਦਨਾਮ ਪਿੰਡ ਢੁੱਡੀਕੇ ਹੁਣ ਦੇਸ਼ ਦਾ ਮਾਡਲ ਪਿੰਡ ਵੱਜਦਾ ਹੈ। ਕੰਵਲ ਨੂੰ ਮਾਣ ਹੈ ਕਿ ਉਹ ਦੇਸ਼ਭਗਤਾਂ ਦੇ ਪਿੰਡ ਢੁੱਡੀਕੇ ਦਾ ਜੰਮਪਲ ਵੀ ਹੈ ਤੇ ਸਾਰੀ ਉਮਰ ਦਾ ਵਾਸੀ ਵੀ। ਡਾ. ਮਹਿੰਦਰ ਸਿੰਘ ਰੰਧਾਵਾ ਵੱਲੋਂ ਚੰਡੀਗੜ੍ਹ 'ਚ ਪਲਾਟ ਦੇਣ ਦੀ ਪੇਸ਼ਕਸ਼ ਦੇ ਬਾਵਜੂਦ ਉਸ ਨੇ ਨਾ ਪਲਾਟ ਲਿਆ ਤੇ ਨਾ ਪਿੰਡ ਛੱਡ ਕੇ ਸ਼ਹਿਰ ਗਿਆ। (ਸਮਾਪਤ)

ਜੇ ਪਾਠਕਾਂ ਨੂੰ ਇਹ ਆਰਟੀਕਲ ਚੰਗੇ ਲੱਗੇ ਹਨ ਤਾਂ ਆਪਣੇ ਵਿਚਾਰ ਸਾਂਝੇ ਕਰਨ ਜਾਂ ਇਹ ਕਿਤਾਬ ਖਰੀਦਣ ਲਈ principalsarwansingh@gmail.com 'ਤੇ ਮੇਲ ਕਰਕੇ ਸੰਪਰਕ ਕਰ ਸਕਦੇ ਹੋ।

## ਸ਼ਿਵ ਸੈਨਾ ਹਿੰਦ ਦੀ ਆਗੂ ਜਾਤੀ ਸੂਚਕ ਸ਼ਬਦ ਬੋਲਣ ਤੇ ਕੁੱਟਮਾਰ ਦੇ ਦੋਸ਼ ਵਿੱਚ ਗ੍ਰਿਫਤਾਰ

ਡੇਰਾਬੱਸੀ, 26 ਜੂਨ (ਪੋਸਟ ਬਿਊਰੋ)- ਡੇਰਾਬੱਸੀ ਪੁਲਸ ਨੇ ਇੱਕ ਮਹਿਲਾ ਦੀ ਸ਼ਿਕਾਇਤ ਉਤੇ ਸ਼ਿਵ ਸੈਨਾ ਹਿੰਦ ਪੰਜਾਬ ਦੀ ਚੇਅਰਪਰਸਨ ਸਣੇ ਤਿੰਨ ਜਣਿਆਂ ਉਤੇ ਕੁੱਟਮਾਰ ਕਰਨ ਅਤੇ ਜਾਤੀ ਸੂਚਕ ਸ਼ਬਦ ਬੋਲਣ ਦਾ ਕੇਸ ਦਰਜ ਕਰ ਕੇ ਦੋ ਜਣਿਆਂ ਨੂੰ ਗ੍ਰਿਫਤਾਰ ਕਰ ਕੇ ਅਦਾਲਤ ਵਿੱਚ ਪੇਸ਼ ਕੀਤਾ ਤਾਂ ਅਦਾਲਤ ਨੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਹੈ।

ਜੋਤੀ ਪਤਨੀ ਰਾਕੇਸ਼ ਕੁਮਾਰ ਵਾਸੀ ਮਿੱਤਲ ਟਾਊਨ ਡੇਰਾਬਸੀ ਨੇ ਦੱਸਿਆ ਕਿ ਉਸ ਦੀ ਸੱਸ ਸੁਨੀਤਾ ਨਾਲ ਦੂਸਰੀ ਧਿਰ ਦੇ ਮਨਦੀਪ ਲਾਡੀ, ਸ਼ਿਵ ਸੈਨਾ ਹਿੰਦ ਦੀ ਚੇਅਰਪਰਸਨ ਆਸ਼ਾ ਕਾਲੀਆ ਅਤੇ ਮਮਤਾ ਨੂੰ ਥਾਣੇ ਸੱਦਿਆ ਗਿਆ ਸੀ। ਜੋਤੀ ਨੇ ਦੋਸ਼ ਲਾਇਆ ਕਿ ਆਸ਼ਾ ਕਾਲੀਆ ਨੇ ਉਸ ਦੀ ਸੱਸ ਦੇ ਨਾਲ ਕੁੱਟਮਾਰ ਕੀਤੀ ਤੇ ਜਾਤੀ ਸੂਚਕ ਸ਼ਬਦ ਬੋਲੇ ਅਤੇ ਪੁਲਸ ਅਫਸਰਾਂ ਦੀ ਪਹੁੰਚ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ। ਉਸ ਨੇ ਦੱਸਿਆ ਕਿ ਆਸ਼ਾ ਕਾਲੀਆ ਦੇ ਨਾਲ ਆਏ ਲਾਡੀ ਫਾਈਨੈਂਸਰ ਵਾਸੀ ਆਦਰਸ਼ ਨਗਰ ਅਤੇ ਮਮਤਾ ਵਾਸੀ ਮੋਰਨੀਵਾਲਾ ਖੂਹ ਡੇਰਾਬੱਸੀ ਨੇ ਵੀ ਵਾਲਮੀਕ ਮੁਹੱਲੇ ਦੇ ਵਿਅਕਤੀ ਦੀਪਕ ਅਤੇ ਪੁਲਸ ਅਫਸਰਾਂ ਦੀ ਹਾਜ਼ਰੀ ਵਿੱਚ ਜ਼ਲੀਲ ਕੀਤਾ ਅਤੇ ਜੂਠਾ ਪਾਣੀ ਦਾ ਗਿਲਾਸ ਜੋਤੀ ਅਤੇ ਸੱਸ ਉੱਤੇ ਸੁੱਟ ਦਿੱਤਾ। ਪੁਲਸ ਨੇ ਜੋਤੀ ਦੀ ਸ਼ਿਕਾਇਤ ਉੱਤੇ ਸ਼ਿਵ ਸੈਨਾ ਹਿੰਦ ਦੀ ਚੇਅਰਪਰਸਨ ਆਸ਼ਾ ਕਾਲੀਆ ਪਤਨੀ ਮਨਮੋਹਨ ਕਾਲੀਆ ਵਾਸੀ ਗੁਪਤਾ ਕਲੋਨੀ ਆਦਰਸ਼ ਨਗਰ ਅਤੇ ਮਮਤਾ ਵਾਸੀ ਮੋਰਨੀਵਾਲਾ ਖੂਹ ਡੇਰਾਬੱਸੀ 'ਤੇ ਮਾਮਲਾ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਸ਼ਿਵ ਸੈਨਾ ਹਿੰਦ ਦੀ ਚੇਅਪਰਸਨ ਆਸ਼ਾ ਕਾਲੀਆ ਨੇ ਥਾਣੇ ਵਿੱਚ ਖੂਬ ਹੰਗਾਮਾ ਕੀਤਾ ਅਤੇ ਪੁਲਸ ਉਤੇ ਖੁਦ ਨੂੰ ਜ਼ਖਮੀ ਕਰਨ ਦਾ ਦੋਸ਼ ਲਾਇਆ। ਆਸ਼ਾ ਕਾਲੀਆ ਦੇ ਮੁਤਾਬਕ ਉਸ ਨੇ ਕੋਈ ਕੱਪੜੇ ਨਹੀਂ ਪਾੜੇ, ਸਗੋਂ ਥਾਣੇ ਵਿੱਚ ਪੁਲਸ ਅਫਸਰ ਨੇ ਉਸ ਨਾਲ ਜ਼ੋਰ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਉਸ ਦੇ ਸਿਰ, ਹੱਥਾਂ ਬਾਹਾਂ ਅਤੇ ਪਿੱਠ 'ਤੇ ਸੱਟ ਲੱਗੀ ਹੈ। ਆਸ਼ਾ ਦੇ ਅਨੁਸਾਰ ਉਸ ਦੇ ਮੂੰਹ ਵਿੱਚ ਰੁਮਾਲ ਰੁਮਾਲ ਦੇ ਦਿੱਤਾ ਗਿਆ ਤੇ ਜ਼ੋਰ ਜ਼ਬਰਦਸਤੀ ਦੇ ਦੋਸ਼ਾਂ ਦੇ ਕਾਰਨ ਉਸ ਦਾ ਮੈਡੀਕਲ ਕਰਾਇਆ ਗਿਆ ਹੈ।

ਜਾਂਚ ਅਧਿਕਾਰੀ ਸਬ ਇੰਸਪੈਕਟਰ ਹਰਜੀਤ ਸਿੰਘ ਨੇ ਦੱਸਿਆ ਕਿ ਸ਼ਿਵ ਸੈਨਾ ਹਿੰਦ ਦੀ ਆਗੂ ਆਸ਼ਾ ਕਾਲੀਆ ਅਤੇ ਮਮਤਾ ਨੂੰ ਡੇਰਾਬੱਸੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਉਨ੍ਹਾਂ ਨੂੰ 14 ਦਿਨਾਂ ਲਈ ਜੇਲ੍ਹ ਭੇਜ ਦਿੱਤਾ ਹੈ।

## ਚਮਕੀ ਬੁਖਾਰ ਨੇ ਲੀਚੀ ਦੇ ਫਲ ਦੀ ਮਿਠਾਸ ਘਟਾਈ

### * ਲੀਚੀ ਦੇ ਵਪਾਰੀ ਘਾਟੇ ਨਾਲ ਫਸ ਗਏ



ਪਠਾਨਕੋਟ, 26 ਜੂਨ (ਪੋਸਟ ਬਿਊਰੋ)- ਬਿਹਾਰ ਵਿੱਚ ਫੈਲੇ ਹੋਏ ਚਮਕੀ ਬੁਖਾਰ ਦਾ ਅਸਰ ਪੰਜਾਬ ਦੇ ਇਸ ਜ਼ਿਲ੍ਹੇ ਵਿੱਚ ਲੀਚੀ ਦੇ ਵਪਾਰੀਆਂ ਉਤੇ ਪਿਆ ਹੈ ਅਤੇ ਉਨ੍ਹਾਂ ਦੀ ਲੀਚੀ ਦਿੱਲੀ ਵਿੱਚ ਡੰਪ ਹੋ ਕੇ ਰਹਿ ਗਈ ਹੈ।

ਸੋਸ਼ਲ ਮੀਡੀਆ ਉੱਤੇ ਕਈ ਤਰ੍ਹਾਂ ਦੀਆਂ ਵੀਡੀਓ ਵਾਇਰਲ ਹੋਣ ਨਾਲ ਲੀਚੀ ਦੀ ਵਿਕਰੀ 'ਤੇ ਅਸਰ ਪਿਆ ਅਤੇ ਪਠਾਨਕੋਟ ਵਿੱਚ ਇਸ ਦਾ ਭਾਅ ਡਿੱਗ ਗਿਆ ਹੈ। ਪ੍ਰਸ਼ਾਸਨ ਨੇ ਪੰਜਾਬ ਵਿੱਚ ਲੀਚੀ ਉੱਤੇ ਕੋਈ ਬਿਮਾਰੀ ਨਾ ਹੋਣ ਬਾਰੇ ਸਪੱਸ਼ਟ ਕੀਤਾ ਹੋਇਆ ਤੇ ਇਸ ਨੂੰ ਕੋਰੀ ਅਫਵਾਹ ਦੱਸਿਆ ਹੈ। ਪਠਾਨਕੋਟ ਜ਼ਿਲ੍ਹੇ ਨੂੰ ਲੀਚੀ ਜ਼ੋਨ ਐਲਾਨ ਕੀਤਾ ਹੋਇਆ ਹੈ ਤੇ ਇਥੋਂ ਦਾ ਪੌਣ ਪਾਣੀ ਵਧੀਆ ਹੋਣ ਕਰ ਕੇ ਉਤਰੀ ਭਾਰਤ ਵਿੱਚ ਸਭ ਤੋਂ ਵੱਧ ਲੀਚੀ ਇਥੇ ਹੁੰਦੀ ਹੈ। ਉਤਰ ਪ੍ਰਦੇਸ਼ ਦੇ ਬਹੁਤ ਸਾਰੇ ਮੁਸਲਮਾਨ ਵਪਾਰੀਆਂ ਨੇ ਇਸ ਖੇਤਰ ਵਿਚਲੇ ਲੀਚੀਆਂ ਦੇ ਬਾਗ ਠੇਕੇ ਉਤੇ ਲੈ ਰੱਖੇ ਹਨ ਤੇ ਉਹੀ ਸਾਰਾ ਸਾਲ ਇਨ੍ਹਾਂ ਬਾਗਾਂ ਦੀ ਸੰਭਾਲ ਕਰਦੇ ਹਨ। ਸਹਾਰਨਪੁਰ ਦੇ ਵਪਾਰੀ ਯੂਸਫ ਖਾਨ ਨੇ ਦੱਸਿਆ ਕਿ ਉਸ ਨੇ ਨੱਬੇ ਲੱਖ ਰੁਪਏ ਦਾ ਬਾਗ ਦਾ ਠੇਕਾ ਲਿਆ ਹੈ। ਉਨ੍ਹਾਂ ਦਾ ਪੂਰਾ ਪਰਵਾਰ ਇਸ ਬਾਗ ਦੀ ਦੇਖਭਾਲ ਵਿੱਚ ਲੱਗਾ ਹੋਇਆ ਸੀ। ਜਦ ਲੀਚੀ ਦੀ ਫਸਲ ਤਿਆਰ ਹੋਈ ਤਾਂ ਉਸ ਨੇ ਇਹ ਫਲ ਗੱਡੀਆਂ ਵਿੱਚ ਭਰ ਕੇ ਦਿੱਲੀ ਭੇਜਿਆ। ਉਥੇ ਉਸ ਦਾ ਮਾਲ ਮੰਡੀ ਵਿੱਚ ਡੰਪ ਹੋ ਕੇ ਰਹਿ ਗਿਆ। ਇਸ ਦਾ ਕਾਰਨ ਇਹ ਹੈ ਕਿ ਦੇਸ਼ ਵਿੱਚ ਅਫਵਾਹ ਫੈਲੀ ਹੋਈ ਹੈ ਕਿ ਬਿਹਾਰ ਵਿੱਚ ਜੋ ਮੌਤਾਂ ਹੋਈਆਂ ਹਨ, ਉਹ ਗਰਮੀ ਵਿੱਚ ਲੀਚੀ ਦੇ ਖਾਣ ਨਾਲ ਚਮਕੀ ਬੁਖਾਰ ਕਰ ਕੇ ਹੋਈਆਂ ਹਨ। ਪਠਾਨਕੋਟ ਮੰਡੀ ਵਿੱਚ ਪ੍ਰਚੂਨ 'ਚ ਕੱਲ੍ਹ ਲੀਚੀ ਚਾਲੀ ਰੁਪਏ ਕਿਲੋ ਵਿਕੀ ਅਤੇ ਥੋਕ ਵਿੱਚ ਇਹ 20-30 ਰੁਪਏ ਵਿੱਚ ਵਿਕਦੀ ਰਹੀ ਹੈ। ਪਿਛਲੇ ਸਾਲ ਲੀਚੀ 100 ਰੁਪਏ ਕਿਲੋ ਵਿਕੀ ਸੀ। ਇਸ ਬਾਰੇ ਡਿਪਟੀ ਡਾਇਰੈਕਟਰ ਬਾਗਬਾਨੀ ਡਾਕਟਰ ਨਰੇਸ਼ ਕੁਮਾਰ ਨੇ ਦੱਸਿਆ ਹੈ ਪਿਛਲੇ ਦਿਨੀਂ ਬਿਹਾਰ ਵਿੱਚ ਅਫਵਾਹ ਫੈਲੀ ਸੀ ਕਿ ਲੀਚੀ ਖਾਣ ਨਾਲ ਕਾਫੀ ਬੱਚੇ ਜਿਨ੍ਹਾਂ ਦੀ ਉਮਰ ਪੰਜ ਤੋਂ 15 ਸਾਲ ਸੀ, ਬਿਮਾਰ ਹੋ ਗਏ ਸਨ, ਪਰ ਇਸ ਦਾ ਲੀਚੀ ਖਾਣ ਨਾਲ ਕੋਈ ਸੰਬੰਧ ਨਹੀਂ ਹੈ।

## ਪੰਜਾਬ ਦੇ ਲੋਕਪਾਲ ਦੀ ਨਿਯੁਕਤੀ ਲਈ ਰਾਜ ਸਰਕਾਰ ਨੂੰ ਨੋਟਿਸ

ਚੰਡੀਗੜ੍ਹ, 26 ਜੂਨ (ਪੋਸਟ ਬਿਊਰੋ)- ਪੰਜਾਬ ਵਿੱਚ ਲੋਕਪਾਲ ਦੀ ਨਿਯੁਕਤੀ ਲਈ ਚੀਫ ਸੈਕਟਰੀ ਨੂੰ ਐਡਵੋਕੇਟ ਹਰੀ ਚੰਦ ਅਰੋੜਾ ਨੇ ਕਾਨੂੰਨੀ ਨੋਟਿਸ ਭੇਜਿਆ ਅਤੇ ਕਿਹਾ ਹੈ ਕਿ ਜੇ ਇੱਕ ਮਹੀਨੇ ਵਿੱਚ ਲੋਕਪਾਲ ਨਿਯੁਕਤ ਨਾ ਕੀਤਾ ਗਿਆ ਤਾਂ ਇਸ ਬਾਰੇ ਹਾਈ ਕੋਰਟ ਵਿੱਚ ਪਹੁੰਚ ਕੀਤੀ ਜਾਵੇਗੀ।

ਇਸ ਸੰਬੰਧ ਵਿੱਚ ਐਡਵੋਕੇਟ ਹਰੀ ਚੰਦ ਅਰੋੜਾ ਨੇ ਨੋਟਿਸ ਭੇਜ ਕੇ ਕਿਹਾ ਹੈ ਕਿ ਪੰਜਾਬ ਰਾਜ ਲੋਕਪਾਲ ਐਕਟ 1996 ਵਿੱਚ ਲੋਕਪਾਲ ਨਿਯੁਕਤ ਕਰਨ ਦੀ ਤਜਵੀਜ਼ ਹੈ, ਜਿਸ ਕੋਲ ਆਮ ਵਿਅਕਤੀ ਅਤੇ ਸਰਕਾਰੀ ਅਹੁਦਿਆਂ ਵਾਲੇ ਵਿਅਕਤੀਆਂ ਵਿਰੁੱਧ ਜਾਂਚ ਕਰਨ ਦਾ ਅਧਿਕਾਰ ਹੁੰਦਾ ਹੈ। ਆਮ ਲੋਕਾਂ ਵਿੱਚ ਮੰਤਰਾਲਾ ਸੰਭਾਲਣ ਵਾਲਾ ਵਿਅਕਤੀ, ਸੂਬੇ ਦੀ ਵਿਧਾਨ ਸਭਾ ਦਾ ਮੈਂਬਰ, ਬੋਰਡ ਅਤੇ ਸਰਕਾਰੀ ਕੰਪਨੀਆਂ ਦੇ ਚੇਅਰਮੈਨ, ਸੂਬਾ ਸਰਕਾਰ ਵੱਲੋਂ ਬਣਾਈ ਸਟੈਚੂਟਰੀ ਕਮੇਟੀ ਦੇ ਚੇਅਰਮੈਨ ਅਤੇ ਮੈਂਬਰ, ਪੰਚਾਇਤੀ ਰਾਜ ਹੇਠਲੇ ਜ਼ਿਲ੍ਹਾ ਪ੍ਰੀਸ਼ਦ ਦੇ ਅਫਸਰ ਤੇ ਚੇਅਰਮੈਨ, ਨਗਰ ਨਿਗਮਾਂ ਦੇ ਮੇਅਰ, ਸੀਨੀਅਰ ਡਿਪਟੀ ਮੇਅਰ, ਮਿਊਂਸਪਲ ਕੌਂਸਲਾਂ ਜਾਂ ਨਗਰ ਪੰਚਾਇਤਾਂ ਦੇ ਪ੍ਰਧਾਨ ਅਤੇ ਮੀਤ ਪ੍ਰਧਾਨ ਤੇ ਅਫਸਰ ਸ਼ਾਮਲ ਹਨ। ਲੋਕਪਾਲ ਇਨ੍ਹਾਂ ਦੇ ਮਾੜੇ ਵਿਹਾਰ ਦੇ ਵਿਰੁੱਧ ਸੂਬਾ ਸਰਕਾਰ ਨੂੰ ਢੁਕਵੀਂ ਕਾਰਵਾਈ ਕਰਨ ਲਈ ਸਿਫਾਰਸ਼ ਕਰ ਸਕਦੇ ਹਨ। ਇਸ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੇ ਲੋਕਪਾਲ ਦਾ ਅਹੁਦਾ ਪਿਛਲੇ ਇੱਕ ਸਾਲ ਤੋਂ ਖਾਲੀ ਹੈ, ਜਿਹੜਾ ਕਿਸੇ ਵੀ ਹਾਲਤ ਵਿੱਚ ਜਾਇਜ਼ ਨਹੀਂ ਹੈ। ਰਾਜ ਸਰਕਾਰ ਨੂੰ ਬਗੈਰ ਕਿਸੇ ਦੇਰੀ ਤੋਂ ਪੰਜਾਬ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਦੀ ਸਲਾਹ ਨਾਲ ਲੋਕਪਾਲ ਦੀ ਨਿਯੁਕਤੀ ਕਰਨੀ ਚਾਹੀਦੀ ਹੈ ਅਤੇ ਜੇ ਇੱਕ ਮਹੀਨੇ ਵਿੱਚ ਇਹ ਨਿਯੁਕਤੀ ਨਾ ਹੋਈ ਤਾਂ ਇਸ ਦੀ ਮੰਗ ਵਾਸਤੇ ਹਾਈ ਕੋਰਟ ਵਿੱਚ ਪਟੀਸ਼ਨ ਦਾਖਲ ਕੀਤੀ ਜਾਵੇਗੀ।

## ਯੂਥ ਕਾਂਗਰਸੀ ਨੇਤਾ ਜਸਪ੍ਰੀਤ ਉੱਤੇ ਧੋਖਾਧੜੀ ਦਾ ਕੇਸ ਦਰਜ



ਜਲੰਧਰ, 26 ਜੂਨ (ਪੋਸਟ ਬਿਊਰੋ)- ਅੱਟਾ ਪਿੰਡ ਦੇ ਸਾਬਕਾ ਸਰਪੰਚ ਅਤੇ ਯੂਥ ਕਾਂਗਰਸ ਨੇਤਾ ਜਸਪ੍ਰੀਤ ਸਿੰਘ ਮਨਕੂ ਫਿਰ ਸੁਰਖੀਆਂ ਵਿੱਚ ਆ ਗਏ ਹਨ। ਇਸ ਵਾਰ ਉਨ੍ਹਾਂ ਉੱਤੇ ਥਾਣਾ ਗੋਰਾਇਆ ਪੁਲਸ ਨੇ ਪੈਟਰੋਲ ਪੰਪ ਦੀ ਭਾਈਵਾਲੀ ਦੇ ਨਾਂਅ 'ਤੇ ਚਾਲੀ ਲੱਖ ਦੀ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਤਰਲੋਚਨ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਅੱਟਾ ਨੇ ਦੱਸਿਆ ਕਿ ਉਸ ਨੇ ਪਿੰਡ ਦੇ ਸਾਬਕਾ ਸਰਪੰਚ ਜਸਪ੍ਰੀਤ ਸਿੰਘ ਮਨਕੂ ਪੁੱਤਰ ਮਹਿੰ-ਦਰ ਸਿੰਘ ਨਾਲ ਮਈ 2016 ਵਿੱਚ ਪੈਟਰੋਲ ਪੰਪ (ਫਤਿਹ ਫਿਲਿੰਗ ਸਟੇਸ਼ਨ ਰੁੜਕਾ ਰੋਡ ਬੁੰਡਾਲਾ) ਦੀ 50 ਫੀਸਦੀ ਦੀ ਭਾਈਵਾਲ ਕੀਤੀ ਸੀ। ਇਹ ਭਾਈਵਾਲੀ ਉਸ ਦੀ ਪਤਨੀ ਦੇ ਨਾਂਅ ਸੀ, ਜਿਸ ਦੀ ਡੀਡ ਰਜਿਸਟਰਡ ਹੈ। ਬਾਅਦ ਵਿੱਚ ਉਨ੍ਹਾਂ ਦਾ ਝਗੜਾ ਹੋ ਗਿਆ। ਇਲਾਕੇ ਦੇ ਕੁਝ ਰਸੂਖਦਾਰਾਂ ਨੇ ਇੱਕ ਜੁਲਾਈ 2017 ਨੂੰ ਦੋਵਾਂ ਧਿਰਾਂ ਦਾ ਰਾਜ਼ੀਨਾਮਾ ਕਰਵਾ ਦਿੱਤਾ ਅਤੇ ਭਾਈਵਾਲੀ ਖਤਮ ਹੋ ਗਈ। ਇਸ ਸਮਝੌਤੇ ਦੇ ਅਨੁਸਾਰ ਮਨਕੂ ਨੇ ਉਸ ਨੂੰ ਚਾਲੀ ਲੱਖ ਰੁਪਏ ਦੇਣੇ ਸਨ, ਪਰ ਵਾਅਦੇ ਮੁਤਾਬਕ ਮਨਕੂ ਨੇ ਇਹ ਰਕਮ ਨਹੀਂ ਦਿੱਤੀ। ਭਾਈਵਾਲੀ ਖਤਮ ਹੋਣ ਪਿੱਛੋਂ ਉਸ ਦੀ ਤੇ ਉਸ ਦੀ ਪਤਨੀ ਦੀ ਮਨਕੂ ਨਾਲ ਬੋਲਚਾਲ ਵੀ ਨਹੀਂ ਹੈ। ਰਕਮ ਦਾ ਭੁਗਤਾਨ ਨਾ ਹੋਣ ਉੱਤੇ ਜਦ ਉਹ ਪੈਟਰੋਲ ਪੰਪ ਉੱਤੇ ਜਾਣ ਦੀ ਕੋਸ਼ਿਸ਼ ਕਰਦਾ ਸੀ ਤਾਂ ਜਸਪ੍ਰੀਤ ਸਿੰਘ ਉਸ ਨੂੰ ਰੋਕ ਦਿੰਦਾ ਅਤੇ ਪੈਟਰੋਲ ਪੰਪ ਵੇਚਣ ਦੀ ਧਮਕੀ ਦੇਣ ਲੱਗਦਾ ਸੀ। 28 ਮਾਰਚ 2019 ਨੂੰ ਉਸ ਦੀ ਪਤਨੀ ਨੇ ਅਦਾਲਤ ਵਿੱਚ ਪਟੀਸ਼ਨ ਦਾਇਰ ਕਰ ਕੇ ਸਟੇਅ ਆਰਡਰ ਲੈ ਲਿਆ, ਇਸ ਕੇਸ ਦੀ ਪੇਸ਼ੀ 17 ਮਈ ਨੂੰ ਸੀ।

ਜਸਪ੍ਰੀਤ ਸਿੰਘ ਨੇ ਤਿੰਨ ਮਈ ਨੂੰ ਆਪਣੇ ਵਕੀਲ ਦੇ ਰਾਹੀਂ ਨੋਟਿਸ ਭੇਜ ਦਿੱਤਾ ਜਿਸ ਵਿੱਚ ਦੋਸ਼ ਸੀ ਕਿ ਮੈਂ ਦੋ ਸਤੰਬਰ 2018 ਨੂੰ ਉਸ ਤੋਂ ਸਾਢੇ ਛੇ ਲੱਖ ਰੁਪਏ ਦੀ ਮੰਗ ਕੀਤੀ ਸੀ। ਇਸ ਉਤੇ ਉਸ ਨੇ ਚਾਰ ਸਤੰਬਰ ਨੂੰ ਮੈਨੂੰ ਤਿੰਨ ਲੱਖ ਅਤੇ ਫਿਰ ਛੇ ਨਵੰਬਰ ਨੂੰ ਸਾਢੇ ਤਿੰਨ ਲੱਖ ਰੁਪਏ ਦਿੱਤੇ। ਬਦਲੇ ਵਿੱਚ ਮੈਂ ਇੱਕ ਮਈ 2019 ਨੂੰ ਸਾਢੇ ਛੇ ਲੱਖ ਦਾ ਚੈਕ ਮਨਕੂ ਨੂੰ ਦਿੱਤਾ ਸੀ। ਤਰਲੋਚਨ ਸਿੰਘ ਦੇ ਅਨੁਸਾਰ ਉਸ ਨੇ ਕੋਈ ਚੈੱਕ ਮਨਕੂ ਨੂੰ ਕਦੇ ਨਹੀਂ ਦਿੱਤਾ। ਜਦ ਦੋਵਾਂ ਦੀ ਸਾਂਝੀਦਾਰੀ ਸੀ ਤਾਂ ਉਸ ਦੀ ਚੈੱਕ ਬੁੱਕ ਅਤੇ ਬੈਂਕ ਦੀ ਪਾਸਬੁਕ ਪੈਟਰੋਲ ਪੰਪ ਦੇ ਦਫਤਰ ਵਿੱਚ ਹੁੰਦੀ ਸੀ। ਵਿਸ਼ਵਾਸ ਦੇ ਨਾਤੇ ਕਈ ਵਾਰ ਉਹ ਲੈਣ-ਦੇਣ ਲਈ ਮਨਕੂ ਨੂੰ ਦਸਤਖਤ ਕਰ ਕੇ ਬਲੈਂਕ ਚੈਕ ਦੇ ਦਿੰਦਾ ਸੀ। ਉਸੇ ਦਾ ਲਾਭ ਉਠਾ ਕੇ ਮਨਕੂ ਨੇ ਦਬਾਅ ਬਣਾਉਣ ਲਈ ਚੈਕ ਉਸ ਬੈਂਕ ਵਿੱਚ ਲਾਇਆ, ਜਿਸ ਬੈਂਕ ਵਿਚਲਾ ਅਕਾਊਂਟ ਉਹ ਕਰੀਬ ਤਿੰਨ ਸਾਲ ਪਹਿਲਾਂ ਬੰਦ ਕਰਵਾ ਚੁੱਕਾ ਹੈ। ਇਸ ਮਾਮਲੇ ਦੀ ਜਾਂਚ ਵਿੱਚ ਪੁਲਸ ਨੇ ਜਸਪ੍ਰੀਤ ਮਨਕੂ ਨੂੰ ਰਾਜ਼ੀਨਾਮੇ ਦੇ ਅਨੁਸਾਰ ਚਾਲੀ ਲੱਖ ਰੁਪਏ ਵਾਪਸ ਨਾ ਕਰਨ ਅਤੇ ਜਾਣਬੁਝ ਕੇ ਰਾਜ਼ੀਨਾਮੇ 'ਤੇ ਕੀਤੇ ਦਸਤਖਤਾਂ ਤੋਂ ਮੁਕਰਨ ਦਾ ਦੋਸ਼ੀ ਪਾਇਆ ਹੈ ਜਿਸ 'ਤੇ ਜਸਪ੍ਰੀਤ ਸਿੰਘ ਮਨਕੂ ਦੇ ਖਿਲਾਫ ਥਾਣਾ ਗੋਰਾਇਆ ਵਿੱਚ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ ਹੈ।

## ਵਿਦੇਸ਼ ਭੱਜਣ ਦੀ ਕੋਸ਼ਿਸ਼ ਕਰਦਾ ਏਜੰਟ ਏਅਰਪੋਰਟ ਤੋਂ ਗ੍ਰਿਫਤਾਰ

ਸ਼ਾਹਕੋਟ, 26 ਜੂਨ (ਪੋਸਟ ਬਿਊਰੋ)- ਸ਼ਾਹਕੋਟ ਪੁਲਸ ਨੇ ਵੱਖ-ਵੱਖ ਕੇਸਾਂ ਵਿੱਚ ਲੋੜੀਂਦੇ ਛੇ ਦੋਸ਼ੀ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਇਨ੍ਹਾਂ ਵਿੱਚ ਤਿੰਨ ਨਸ਼ਾ ਤਸਕਰ, ਦੋ ਭਗੌੜੇ ਅਤੇ ਇੱਕ ਸ਼ਰਾਬ ਵਿਕਰੇਤਾ ਸ਼ਾਮਲ ਹੈ। ਐੱਸ ਐੱਚ ਓ ਸ਼ਾਹਕੋਟ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਜਗਮੀਤ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਪਰਜੀਆਂ ਖੁਰਦ ਨੇ ਏਜੰਟ ਦਵਿੰ-ਦਰ ਕੁਮਾਰ ਪਰਾਸ਼ਰ ਪੁੱਤਰ ਰੋਸ਼ਨ ਲਾਲ ਵਾਸੀ 71-ਏ ਐਵੀਨਿਊ ਨੇੜੇ ਸੈਣੀ ਸੁਪਰ ਮਾਰਕੀਟ ਲੱਧੇਵਾਲੀ ਜਲੰਧਰ ਦੇ ਖਿਲਾਫ 2017 ਵਿੱਚ ਕੇਸ ਦਰਜ ਕਰਵਾਇਆ ਸੀ। ਉਨ੍ਹਾਂ ਏਜੰਟ ਉਤੇ ਦੋਸ਼ ਲਾਇਆ ਸੀ ਕਿ ਉਸ ਨੇ ਉਨ੍ਹਾਂ ਨੂੰ ਅਮਰੀਕਾ ਭੇਜਣ ਵਾਸਤੇ ਉਨ੍ਹਾਂ ਤੋਂ 32 ਲੱਖ 44 ਹਜ਼ਾਰ 150 ਰੁਪਏ ਦੀ ਠੱਗੀ ਮਾਰੀ ਹੈ। ਏਜੰਟ ਦੇ ਖਿਲਾਫ ਦਰਜ ਕੀਤੇ ਕੇਸ ਵਿੱਚ ਨਕੋਦਰ ਅਦਾਲਤ ਦੇ ਜੱਜ ਤਨਵੀਰ ਸਿੰਘ ਨੇ ਏਜੰਟ ਨੂੰ 6 ਜੂਨ 18 ਨੂੰ ਭਗੌੜਾ ਕਰਾਰ ਦੇ ਦਿੱਤਾ ਸੀ। ਏਜੰਟ ਜੂਨ ਨੂੰ ਥਾਈਲੈਂਡ ਜਾਣ ਲਈ ਦਿੱਲੀ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉੱਡਣ ਲਈ ਤਿਆਰ ਸੀ। ਇਸ ਸਮੇਂ ਚੌਕੀ ਤਲਵੰਡੀ ਸੰਘੇੜਾ ਦੇ ਮੁਖੀ ਭੁਪਿੰਦਰ ਸਿੰਘ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਚੌਕੀ ਮਲਸੀਆਂ ਦੇ ਇੰਚਾਰਜ ਸੰਜੀਵਨ ਸਿੰਘ ਨੇ ਪਿਛਲੇ ਚਾਰ ਸਾਲਾਂ ਤੋਂ ਭਗੌੜੇ ਗੁਰਜੀਤ ਸਿੰਘ ਉਰਫ ਸਾਬ ਪੁੱਤਰ ਗੁਰਮੇਲ ਸਿੰਘ ਵਾਸੀ ਢੰਡੋਵਾਲ ਨੂੰ ਗ੍ਰਿਫਤਾਰ ਕੀਤਾ ਹੈ।

### ਹਾਈ ਕੋਰਟ ਵੱਲੋਂ ਹੁਕਮ

## ਬਸ ਤੋਂ ਲੜਕੀ ਧੂਹਣ ਦੇ ਕੇਸ ਵਿੱਚ ਡਰਾਈਵਰ ਨੂੰ ਪੰਜਾਹ ਹਜ਼ਾਰ ਦਾ ਇਨਾਮ ਦਿੱਤਾ ਜਾਵੇ



ਚੰਡੀਗੜ੍ਹ, 26 ਜੂਨ (ਪੋਸਟ ਬਿਊਰੋ)- ਇੱਕ ਸਕੂਲ ਬੱਸ ਦੇ ਡਰਾਈਵਰ ਨਾਲ ਕੁੱਟਮਾਰ ਕਰ ਕੇ ਲੜਕੀ ਨੂੰ ਬਸ ਵਿੱਚੋਂ ਲਾਹੁਣ ਦੇ ਕੇਸ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਨੇ ਮਿਸਾਲੀ ਫੈਸਲਾ ਦਿੱਤਾ ਹੈ ਅਤੇ ਸ਼ਾਇਦ ਮੁਲਜ਼ਮਾਂ ਨੂੰ ਵੀ ਇਹ ਅਹਿਸਾਸ ਨਹੀਂ ਸੀ ਕਿ ਇਸ ਗਲਤੀ ਦਾ ਏਨਾ ਵੱਡਾ ਹਰਜਾਨਾ ਭਰਨਾ ਪਏਗਾ।

ਹਾਈ ਕੋਰਟ ਨੇ ਅਰਸ਼ਦੀਪ ਸਿੰਘ ਅਤੇ ਇੱਕ ਹੋਰ ਮੋਟਰ ਸਾਈਕਲ ਸਵਾਰ ਵੱਲੋਂ ਸਕੂਲ ਬਸ ਰੋਕ ਕੇ ਲੜਕੀ ਨੂੰ ਬੱਸ ਤੋਂ ਖਿੱਚਣ ਦੇ ਕੇਸ ਵਿੱਚ ਦੋਵਾਂ ਧਿਰਾਂ ਦਾ ਫੈਸਲਾ ਹੋਣ ਪਿੱਛੋਂ ਕੇਸ ਆਰ ਰੱਦ ਕਰਨ ਦੌਰਾਨ ਦਿੱਤੇ ਫੈਸਲੇ ਵਿੱਚ ਬਸ ਡਰਾਈਵਰ ਵੱਲੋਂ ਬੱਸ ਰੋਕ ਕੇ ਲੜਕੀ ਦੀ ਰੱਖਿਆ ਕਰਨ ਬਦਲੇ ਉਸ ਬਸ ਡਰਾਈਵਰ ਨੂੰ 50000 ਰੁਪਏ ਅਦਾ ਕਰਨ ਦੇ ਹੁਕਮ ਦਿੱਤੇ ਹਨ। ਅਰਸ਼ਦੀਪ ਸਿੰਘ ਤੇ ਦੂਜੇ ਪਟੀਸ਼ਨਰ ਨੇ ਪੰਜਾਬ ਰਾਜ ਅਤੇ ਦੂਜੀਆਂ ਧਿਰਾਂ ਵੱਲੋਂ ਦਰਜ ਕਰਵਾਏ ਕੇਸ ਨੂੰ ਰੱਦ ਕਰਨ ਲਈ ਅਰਜ਼ੀ ਦਾਇਰ ਕੀਤੀ ਸੀ। ਇਹ ਕੇਸ ਧਾਰਾ 354 ਏ, 506, 341 ਅਤੇ 34 ਆਈ ਪੀ ਸੀ ਦੀ ਧਾਰਾ 354 ਏ, 506, 341 ਅਤੇ 34 ਹੇਠ ਗੁਰਦਾਸਪੁਰ ਦੇ ਘੁਮਾਣ ਥਾਣੇ ਵਿੱਚ ਦਰਜ ਹੋਇਆ ਸੀ। ਜਸਟਿਸ ਹਰੀ ਪਾਲ ਵਰਮਾ ਨੇ ਕਿਹਾ ਕਿ ਦੋਸ਼ੀਆਂ ਨੇ ਪੀੜਤ, ਜੋ ਨੌਵੀਂ ਜਮਾਤ ਦੀ ਵਿਦਿਆਰਥਣ ਸੀ, ਨੂੰ ਜਦੋਂ ਬਸ ਤੋਂ ਖਿੱਚਿਆ ਤਾਂ ਡਰਾਈਵਰ ਸੁਖਪ੍ਰੀਤ ਸਿੰਘ ਨੇ ਦਖਲ ਦੇ ਕੇ ਉਸ ਨੂੰ ਬਚਾਇਆ ਸੀ। ਇਸ ਲਈ ਅਦਾਲਤ ਨੇ ਮੁਲਜ਼ਮਾਂ ਦੀ ਪਟੀਸ਼ਨ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਦੋਵੇਂ ਮੁਲਜ਼ਮ ਉਸ ਡਰਾਈਵਰ ਸੁਖਪ੍ਰੀਤ ਸਿੰਘ 25-25 ਹਜ਼ਾਰ ਰੁਪਏ ਦੇਣਗੇ।

## ਜ਼ਮੀਨੀ ਝਗੜੇ ਕਾਰਨ ਭਰਾ ਵੱਲੋਂ ਭਰਾ ਦੀ ਹੱਤਿਆ

ਅੰਮ੍ਰਿਤਸਰ, 26 ਜੂਨ (ਪੋਸਟ ਬਿਊਰੋ)- ਪਿੰਡ ਗੌਂਸਾਬਾਦ ਵਿੱਚ ਜ਼ਮੀਨੀ ਝਗੜੇ ਵਿੱਚ ਕੱਲ੍ਹ ਵੱਡੇ ਭਰਾ ਨੇ ਛੋਟੇ ਭਰਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਹਰਜਿੰ-ਦਰ ਸਿੰਘ ਵਾਸੀ ਗੌਂਸਾਬਾਦ ਵਜੋਂ ਹੋਈ ਹੈ। ਪੁਲਸ ਨੇ ਇਸ ਮਾਮਲੇ ਵਿੱਚ ਦੋਸ਼ੀ ਸੁਖਦੇਵ ਸਿੰਘ ਅਤੇ ਛੇ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ।

ਇਸ ਘਟਨਾ ਬਾਰੇ ਰਾਜਿੰਦਰ ਸਿੰਘ ਨਾਂਅ ਦੇ ਵਿਅਕਤੀ ਨੇ ਪੁਲਸ ਨੂੰ ਦੱਸਿਆ ਕਿ ਹਰਜਿੰਦਰ ਸਿੰਘ ਕੱਲ੍ਹ ਆਪਣੇ ਟਿਊਬਵੈੱਲ ਮੁਰੰਮਤ ਕਰਵਾ ਰਿਹਾ ਸੀ। ਇਸ ਮੌਕੇ ਉਸ ਦਾ ਵੱਡਾ ਭਰਾ ਸੁਖਦੇਵ ਸਿੰਘ ਆਪਣੇ ਟਰੈਕਟਰ 'ਤੇ ਆਇਆ ਅਤੇ ਉਸ ਨੇ ਬਿਨਾਂ ਪੁੱਛਿਆਂ ਟਿਊਬਵੈਲ ਦੀ ਮੁਰੰਮਤ ਕਰਾਉਣ 'ਤੇ ਇਤਰਾਜ਼ ਕੀਤਾ। ਦੋਵਾਂ ਦੀ ਤਕਰਾਰ ਝਗੜੇ ਵਿੱਚ ਬਦਲ ਗਈ ਤਾਂ ਹਰਜਿੰਦਰ ਸਿੰਘ ਆਪਣੀ ਕਾਰ ਵਿੱਚ ਚਲਾ ਗਿਆ। ਦੂਜੇ ਪਾਸੇ ਸੁਖਦੇਵ ਸਿੰਘ ਆਪਣੇ ਘਰ ਗਿਆ ਅਤੇ ਉਥੋਂ ਆਪਣੀ ਬੰਦੂਕ ਲੈ ਕੇ ਆ ਗਿਆ। ਉਸ ਦੇ ਨਾਲ ਇੱਕ ਹੋਰ ਵਿਅਕਤੀ ਸੀ, ਜਿਸ ਕੋਲ ਤੇਜ਼ਧਾਰ ਹਥਿਆਰ ਸੀ। ਉਸ ਨੇ ਆਪਣਾ ਟਰੈਕਟਰ ਛੋਟੇ ਭਰਾ ਦੀ ਕਾਰ ਵਿੱਚ ਮਾਰਿਆ ਅਤੇ ਹਰਜਿੰਦਰ ਸਿੰਘ ਉਤੇ ਗੋਲੀਆਂ ਚਲਾਈਆਂ। ਉਸ ਨਾਲ ਆਏ ਵਿਅਕਤੀ ਨੇ ਵੀ ਤੇਜ਼ਧਾਰ ਹਥਿਆਰ ਨਾਲ ਹਰਜਿੰਦਰ ਸਿੰਘ 'ਤੇ ਹਮਲਾ ਕੀਤਾ। ਮਗਰੋਂ ਦੋਵੇਂ ਮੌਕੇ ਤੋਂ ਭੱਜ ਗਏ। ਇਸ ਦੌਰਾਨ ਹਰਜਿੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਇਸ ਦੀ ਜਾਣਕਾਰੀ ਮਿਲਣ 'ਤੇ ਪੁਲਸ ਮੌਕੇ 'ਤੇ ਪੁੱਜ ਗਈ ਸੀ। ਕੰਬੋਅ ਥਾਣੇ ਦੇ ਮੁਖੀ ਹਰਦੀਪ ਸਿੰਘ ਨੇ ਦੱਸਿਆ ਕਿ ਇਸ ਕੇਸ ਵਿੱਚ ਛੇ ਜਣਿਆਂ ਨੂੰ ਨਾਮਜ਼ਦ ਕੀਤਾ ਗਿਆ ਹੈ।

## ਵੋਟਿੰਗ ਮਸ਼ੀਨਾਂ ਰੱਖਣ ਲਈ ਸਟੋਰ ਬਣਾਏ ਜਾਣਗੇ



ਚੰਡੀਗੜ੍ਹ, 26 ਜੂਨ (ਪੋਸਟ ਬਿਊਰੋ)- ਚੋਣ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਇਲੈਕਟ੍ਰੋਨਿਕ ਵੋਟਿੰਗ ਮਸ਼ੀਨ (ਈ ਵੀ ਐੱਮ) ਰੱਖਣ ਲਈ ਜ਼ਿਲ੍ਹਾ ਪੱਧਰ ਉੱਤੇ ਸਟੋਰ ਬਣਾਉਣ ਦੀ ਹਦਾਇਤ ਕੀਤੀ ਹੈ। ਇਨ੍ਹਾਂ ਹਦਾਇਤਾਂ ਮੁਤਾਬਕ ਪੰਜਾਬ ਦੇ ਮੁੱਖ ਚੋਣ ਦਫਤਰ ਨੇ ਲੋਕ ਨਿਰਮਾਣ ਵਿਭਾਗ ਨੂੰ ਸਟੋਰ ਦਾ ਨਕਸ਼ਾ ਤੇ ਡਿਜ਼ਾਈਨ ਬਣਾਉਣ ਨੂੰ ਕਿਹਾ ਹੈ।

ਜਾਣਕਾਰ ਸੂਤਰ ਦੱਸਦੇ ਹਨ ਕਿ ਜ਼ਿਲ੍ਹਾ ਪੱਧਰ ਉੱਤੇ ਸਟੋਰ ਬਣਾਉਣ ਲਈ ਕਰੀਬ ਸੱਤਰ ਕਰੋੜ ਰੁਪਏ ਖਰਚ ਆਉਣ ਦਾ ਅੰਦਾਜ਼ਾ ਹੈ ਅਤੇ ਇਹ ਖਰਚਾ ਪੰਜਾਬ ਸਰਕਾਰ ਨੂੰ ਕਰਨਾ ਪਵੇਗਾ। ਪਤਾ ਲੱਗਾ ਹੈ ਕਿ ਚੋਣ ਕਮਿਸ਼ਨ ਭੰਵਰ ਲਾਲ (ਈ ਵੀ ਐੱਮ ਕੰਸਲਟੈਂਟ) ਨੇ ਮਸ਼ੀਨਾਂ ਦੀ ਸੰਭਾਲ ਬਾਰੇ ਪੰਜਾਬ, ਹਰਿਆਣਾ ਅਤੇ ਯੂ ਟੀ ਦੇ ਮੁੱਖ ਚੋਣ ਅਫਸਰਾਂ ਨਾਲ ਮੀਟਿੰਗ ਕਰ ਕੇ ਇਨ੍ਹਾਂ ਦੀ ਸੰਭਾਲ ਬਾਰੇ ਜਾਣਕਾਰੀ ਹਾਸਲ ਕੀਤੀ ਹੈ। ਚੋਣ ਕਮਿਸ਼ਨ ਦੇ ਨਿਯਮਾਂ ਮੁਤਾਬਕ ਚੋਣਾਂ ਦਾ ਨਤੀਜਾ ਆਉਣ ਪਿੱਛੋਂ 45 ਦਿਨਾਂ ਤੱਕ ਮਸ਼ੀਨਾਂ ਉਨ੍ਹਾਂ ਥਾਵਾਂ 'ਤੇ ਸੁਰੱਖਿਅਤ ਰੱਖਦੇ ਹਨ, ਜਿੱਥੇ ਗਿਣਤੀ ਕੀਤੀ ਜਾਂਦੀ ਹੈ। ਇਹ ਨਿਯਮ ਇਸ ਲਈ ਹੈ ਕਿ ਨਤੀਜਾ ਐਲਾਨੇ ਜਾਣ ਤੋਂ 45 ਦਿਨਾਂ ਤੱਕ ਉਮੀਦਵਾਰ, ਚੋਣ ਪ੍ਰਕਿਰਿਆ, ਗਿਣਤੀ ਆਦਿ ਨੂੰ ਕੋਈ ਵਿਅਕਤੀ ਅਦਾਲਤ ਵਿੱਚ ਚੁਣੌਤੀ ਦੇ ਸਕਦਾ ਹੈ, ਜਿਸ ਕਰ ਕੇ ਮਸ਼ੀਨਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਤਬਦੀਲ ਨਹੀਂ ਕੀਤਾ ਜਾ ਸਕਦਾ। ਚੋਣ ਦਫਤਰ ਦੇ ਸੂਤਰਾਂ ਮੁਤਾਬਕ ਪੰਜਾਬ ਵਿੱਚ ਜ਼ਿਲ੍ਹਾ ਪੱਧਰ ਉਤੇ ਈ ਵੀ ਐੱਮ ਰੱਖਣ ਲਈ ਪੱਕੇ ਸਟੋਰ, ਸਟਰਾਂਗ ਰੂਮ ਨਾ ਹੋਣ ਕਰ ਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਸ਼ੀਨਾਂ ਸੁਰੱਖਿਅਤ ਥਾਵਾਂ 'ਤੇ ਰੱਖਣ ਲਈ ਪ੍ਰੇਸ਼ਾਨੀ ਹੁੰਦੀ ਹੈ। ਇਸ ਤੋਂ ਬਚਣ ਲਈ ਚੋਣ ਕਮਿਸ਼ਨ ਨੇ ਰਾਜ ਸਰਕਾਰ ਨੂੰ ਜ਼ਿਲ੍ਹਾ ਪੱਧਰ ਉੱਤੇ ਈ ਵੀ ਐੱਮ ਸਟੋਰ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਸੂਬੇ ਦੇ ਮੁੱਖ ਚੋਣ ਦਫਤਰ ਦੀਆਂ ਹਦਾਇਤਾਂ ਮੁਤਾਬਕ ਲੋਕ ਨਿਰਮਾਣ ਵਿਭਾਗ ਵੱਲੋਂ ਸਟੋਰ ਰੂਮ ਦਾ ਡਿਜ਼ਾਈਨ ਬਣਾਇਆ ਜਾ ਰਿਹਾ ਹੈ, ਜਦੋਂ ਡਿਜ਼ਾਈਨ ਪਾਸ ਹੋਵੇਗਾ ਤਾਂ ਜ਼ਿਲ੍ਹਿਆਂ ਵਿੱਚ ਈ ਵੀ ਐੱਮ ਸਟੋਰ ਬਣਾਉਣ ਦਾ ਕੰਮ ਸ਼ੁਰੂ ਹੋ ਜਾਵੇਗਾ। ਪੰਜਾਬ ਦੇ ਮੁੱਖ ਚੋਣ ਅਫਸਰ ਡਾਕਟਰ ਐੱਸ ਕਰੁਣਾ ਰਾਜੂ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮਸ਼ੀਨਾਂ ਰੱਖਣ ਦਾ ਪ੍ਰਬੰਧ ਸੂਬਾ ਸਰਕਾਰ ਨੇ ਕਰਨਾ ਹੁੰਦਾ ਹੈ।

### ਗੁਰਦੁਆਰਾ ਚੋਣ ਕਮਿਸ਼ਨਰ ਦਾ ਮਾਮਲਾ :

## ਪੰਜਾਬ ਦੀ ਸਰਕਾਰ ਨੇ ਤਿੰਨ ਜੱਜਾਂ ਦਾ ਪੈਨਲ ਕੇਂਦਰ ਨੂੰ ਭੇਜਿਆ, ਅਕਾਲੀ ਦਲ ਨੂੰ ਇਤਰਾਜ਼



ਚੰਡੀਗੜ੍ਹ, 26 ਜੂਨ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਦੇ ਗ੍ਰਹਿ ਮੰਤਰੀ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਗੁਰਦੁਆਰਾ ਚੋਣਾਂ ਲਈ ਗੁਰਦੁਆਰਾ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਕੀਤੀ ਜਾਵੇ। ਇਸ ਬਾਰੇ ਹਾਈ ਕੋਰਟ ਦੇ ਤਿੰਨ ਸੇਵਾ ਮੁਕਤ ਜੱਜ ਜਸਟਿਸ ਰਣਜੀਤ ਸਿੰਘ, ਜਸਟਿਸ ਐੱਮ ਐੱਸ ਗਿੱਲ ਅਤੇ ਜਸਟਿਸ ਮਹਿੰ-ਦਰ ਸਿੰਘ ਸੂਲਰ ਦੇ ਨਾਵਾਂ ਦਾ ਇੱਕ ਪੈਨਲ ਭੇਜਿਆ ਗਿਆ ਹੈ। ਪੰਜਾਬ ਵਿਧਾਨ ਸਭਾ ਨੇ ਮਤਾ ਪਾਸ ਕਰ ਕੇ ਮੁੱਖ ਮੰਤਰੀ ਨੂੰ ਕਿਹਾ ਸੀ ਕਿ ਉਹ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਮੰਗ ਕਰਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਲਦੀ ਕਰਵਾਈਆਂ ਜਾਣ। ਮੁੱਖ ਮੰਤਰੀ ਨੇ ਇਹ ਪੈਨਲ ਭੇਜਣ ਤੋਂ ਪਹਿਲਾਂ ਵੀ ਇੱਕ ਪੱਤਰ ਲਿਖ ਕੇ ਚੋਣਾਂ ਜਲਦੀ ਕਰਾਉਣ ਦੀ ਮੰਗ ਕੀਤੀ ਸੀ।

ਪਤਾ ਲੱਗਾ ਹੈ ਕਿ ਜਿਹੜੇ ਤਿੰਨ ਜੱਜਾਂ ਦਾ ਪੈਨਲ ਭੇਜਿਆ ਗਿਆ ਹੈ, ਉਸ ਵਿੱਚ ਦੋ ਸਾਬਕਾ ਜੱਜ ਉਹ ਹਨ, ਜਿਨ੍ਹਾਂ ਦੀ ਅਕਾਲੀ ਦਲ ਵੱਲੋਂ ਨੁਕਤਾਚੀਨੀ ਹੁੰਦੀ ਰਹੀ ਹੈ। ਜਸਟਿਸ ਰਣਜੀਤ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਕਮਿਸ਼ਨ ਨਿਯੁਕਤ ਕੀਤਾ ਗਿਆ ਸੀ ਅਤੇ ਮਹਿਤਾਬ ਸਿੰਘ ਗਿੱਲ ਨੂੰ ਅਕਾਲੀ-ਭਾਜਪਾ ਸਰਕਾਰ ਸਮੇਂ ਝੂਠੇ ਦਰਜ ਹੋਏ ਕੇਸਾਂ ਦੀ ਜਾਂਚ ਕਰ ਕੇ ਰਿਪੋਰਟ ਦੇਣ ਲਈ ਕਮਿਸ਼ਨ ਨਿਯੁਕਤ ਕੀਤਾ ਗਿਆ ਸੀ।

ਅਕਾਲੀ ਦਲ ਦਾ ਕਹਿਣਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਪੈਨਲ ਭੇਜਣ ਦਾ ਕੋਈ ਅਧਿਕਾਰ ਨਹੀਂ ਹੈ। ਪਾਰਟੀ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਦੇ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਸੰਬੰਧ ਚਾਰ ਰਾਜਾਂ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਨਾਲ ਹੈ। ਇਸ ਲਈ ਪੰਜਾਬ ਦਾ ਮੁੱਖ ਮੰਤਰੀ ਇਕੱਲਾ ਪੈਨਲ ਬਣਾ ਕੇ ਨਹੀਂ ਭੇਜ ਸਕਦਾ। ਦੂਸਰਾ ਉਨ੍ਹਾਂ ਦਾ ਕਹਿਣਾ ਹੈ ਕਿ ਅਜੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਤਰੀਕ ਤਹਿ ਹੋਣੀ ਹੈ ਅਤੇ ਕੇਸ ਹਾਈ ਕੋਰਟ ਹੈ। ਤੀਜਾ ਉਨ੍ਹਾਂ ਦਾ ਕਹਿਣਾ ਹੈ ਕਿ ਗੁਰਦੁਆਰਾ ਮੁੱਖ ਚੋਣ ਕਮਿਸ਼ਨਰ ਨਿਯੁਕਤ ਕਰਨ ਦਾ ਅਧਿਕਾਰ ਕੇਂਦਰ ਸਰਕਾਰ ਨੂੰ ਹੈ, ਪੰਜਾਬ ਦੇ ਮੁੱਖ ਮੰਤਰੀ ਦਾ ਇਸ ਨਿਯੁਕਤੀ ਵਿੱਚ ਕੋਈ ਰੋਲ ਨਹੀਂ ਹੁੰਦਾ।





ਰਾਜੀਵ ਗਾਂਧੀ ਕਤਲ ਕਾਂਡ:

## ਅਦਾਲਤ ਨੇ ਦੋਸ਼ੀ ਨਲਿਨੀ ਨੂੰ ਬਹਿਸ ਦੀ ਆਗਿਆ ਦੇ ਦਿੱਤੀ

ਚੇਨਈ, 26 ਜੂਨ (ਪੋਸਟ ਬਿਊਰੋ)- ਮਦਰਾਸ ਹਾਈ ਕੋਰਟ ਨੇ ਰਾਜੀਵ ਗਾਂਧੀ ਕਤਲ ਕੇਸ ਦੀ ਉਮਰ ਕੈਦ ਦੀ ਸਜ਼ਾ ਕੱਟ ਰਹੀ ਨਲਿਨੀ ਸ੍ਰੀਹਰਨ ਨੂੰ ਛੁੱਟੀ ਦੀ ਅਰਜ਼ੀ 'ਤੇ ਬਹਿਸ ਲਈ ਪੰਜ ਜੁਲਾਈ ਨੂੰ ਅਦਾਲਤ ਵਿੱਚ ਨਿੱਜੀ ਤੌਰ 'ਤੇ ਪੇਸ਼ੀ ਦੀ ਇਜਾਜ਼ਤ ਦੇ ਦਿੱਤੀ ਹੈ। ਨਲਿਨੀ ਨੇ ਆਪਣੀ ਧੀ ਦੇ ਵਿਆਹ ਦੇ ਪ੍ਰਬੰਧ ਲਈ ਛੇ ਮਹੀਨੇ ਦੀ ਛੁੱਟੀ ਮੰਗੀ ਹੈ।

ਜਸਟਿਸ ਐਮ ਐਮ ਸੁੰਦਰੇਸ਼ ਅਤੇ ਜਸਟਿਸ ਐਮ ਨਿਰਮਲ ਕੁਮਾਰ ਉਤੇ ਆਧਾਰਤ ਬੈਂਚ ਨੇ ਨਲਿਨੀ ਨੂੰ ਆਪਣੀ ਅਰਜ਼ੀ ਉੱਤੇ ਬਹਿਸ ਕਰਨ ਲਈ ਪੰਜ ਜੁਲਾਈ ਨੂੰ ਦੁਪਹਿਰ ਸਵਾ ਦੋ ਵਜੇ ਪੇਸ਼ ਹੋਣ ਨੂੰ ਆਖਿਆ ਹੈ। ਕਰੀਬ 27 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਨਲਿਨੀ ਨੇ ਵੇਲੋਰ 'ਚ ਮਹਿਲਾਵਾਂ ਲਈ ਬਣਾਈ ਵਿਸ਼ੇਸ਼ ਜੇਲ੍ਹ ਦੇ ਪੁਲਸ ਮੁਖੀ ਵੱਲੋਂ ਉਸ ਨੂੰ ਅਦਾਲਤ ਵਿੱਚ ਪੇਸ਼ ਕਰਨ ਦੇ ਨਿਰਦੇਸ਼ ਦਾ ਵਿਰੋਧ ਕੀਤਾ ਸੀ ਤਾਂ ਕਿ ਉਹ ਖੁਦ ਅਦਾਲਤ ਵਿੱਚ ਆਪਣਾ ਪੱਖ ਸਕੇ। 11 ਜੂਨ ਨੂੰ ਅਦਾਲਤ ਨੇ ਵਿਚਾਰ ਕੀਤੀ ਕਿ ਅਰਜ਼ੀ 'ਤੇ ਬਹਿਸ ਕਰਨ ਲਈ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਨਲਿਨੀ ਦੇ ਅਧਿਕਾਰ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਨਲਿਨੀ ਅਨੁਸਾਰ ਉਮਰ ਕੈਦ ਦੀ ਸਜ਼ਾ ਵਾਲਾ ਵਿਅਕਤੀ ਦੋ ਸਾਲ ਵਿੱਚ ਇੱਕ ਵਾਰ ਇੱਕ ਮਹੀਨੇ ਦੀ ਛੁੱਟੀ ਦਾ ਹੱਕਦਾਰ ਹੈ ਤੇ 27 ਸਾਲ ਤੋਂ ਵੱਧ ਸਮੇਂ ਵਿੱਚ ਉਸ ਵੱਲੋਂ ਅਜਿਹੀ ਛੁੱਟੀ ਨਾ ਲੈਣ ਕਰ ਕੇ ਉਸ ਨੇ ਜੇਲ੍ਹ ਅਧਿਕਾਰੀਆਂ ਨੂੰ ਛੇ ਮਹੀਨੇ ਦੀ ਛੁੱਟੀ ਦੀ ਅਪੀਲ ਕੀਤੀ ਸੀ ਤਾਂ ਕਿ ਉਹ ਆਪਣੀ ਧੀ ਦੇ ਵਿਆਹ ਦੇ ਪ੍ਰਬੰਧ ਕਰ ਸਕੇ। ਇਸ ਮਗਰੋਂ ਨਲਿਨੀ ਦੀ ਮਾਂ ਨੇ 22 ਮਾਰਚ ਨੂੰ ਇਹ ਹੀ ਅਪੀਲ ਕੀਤੀ ਸੀ। ਅਧਿਕਾਰੀਆਂ ਨੇ ਉਸ ਦੀ ਅਰਜ਼ੀ 'ਤੇ ਗੌਰ ਨਹੀਂ ਕੀਤਾ ਜਿਸ ਕਰਾਨ ਨਲਿਨੀ ਨੂੰ ਹਾਈ ਕੋਰਟ ਜਾਣਾ ਪਿਆ।

## ਮੋਦੀ ਨਹੀਂ, ਸ੍ਰੀ ਗੁਰੂ ਗੋਬਿੰਦ ਸਿੰਘ ਤੇ ਭਗਤ ਸਿੰਘ ਅਸਲ ਫਕੀਰ ਸਨ : ਭਗਵੰਤ ਮਾਨ

ਨਵੀਂ ਦਿੱਲੀ, 26 ਜੂਨ (ਪੋਸਟ ਬਿਊਰੋ)- ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਹਾਊਸ ਵਿੱਚ ਕੱਲ੍ਹ ਆਪਣੇ ਪਹਿਲੇ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਤਿੱਖੇ ਹਮਲੇ ਕੀਤੇ। ਕੁਝ ਮੈਂਬਰਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫਕੀਰ ਅਤੇ ਰਹਿਬਰ ਦੱਸੇ ਜਾਣ 'ਤੇ ਟਿੱਪਣੀ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ 10-10 ਲੱਖ ਰੁਪਏ ਦੀ ਕੀਮਤ ਵਾਲਾ ਸੂਟ ਪਹਿਨਣ ਵਾਲਾ ਰਹਿਬਰ ਨਹੀਂ ਹੁੰਦਾ ਤੇ ਬੈਂਕਾਂ ਲੁੱਟਣ ਵਾਲੇ ਲੋਕਾਂ ਨਾਲ ਦੋਸਤਾਨਾ ਰੁਖ ਰੱਖਣ ਵਾਲਾ ਆਗੂ ਫਕੀਰ ਨਹੀਂ ਹੁੰਦਾ। ਚੋਣਾਂ ਵਿੱਚ ਜਿੱਤ ਹਾਸਲ ਕਰਨ 'ਤੇ ਕੋਈ ਰਹਿਬਰ ਜਾਂ ਫਕੀਰ ਨਹੀਂ ਬਣ ਜਾਂਦਾ। ਫਕੀਰ ਉਹ ਹੁੰਦਾ ਹੈ, ਜਿਹੜਾ ਮਾਛੀਵਾੜੇ ਦੇ ਜੰਗਲਾਂ ਵਿੱਚ ਕੰਡਿਆਂ ਦੀ ਸੇਜ 'ਤੇ ਸੌਂਦਾ ਹੈ ਤੇ ਆਪਣੇ ਪਰਵਾਰ ਦਾ ਬਲਿਦਾਨ ਕਰਦਾ ਹੈ।



ਭਗਵੰਤ ਮਾਨ ਨੇ ਕਿਹਾ ਕਿ ਪਿਛਲੇ 300 ਸਾਲਾਂ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਅਤੇ ਭਗਤ ਸਿੰਘ ਨਾਂਅ ਦੇ ਦੋ ਫਕੀਰ ਹੋਏ ਹਨ, ਜਿਨ੍ਹਾਂ ਨੇ ਕੌਮ ਦੀ ਅਗਵਾਈ ਕੀਤੀ ਸੀ। ਚੋਣਾਂ ਜਿੱਤਣ ਵਾਲਿਆਂ ਦੀ ਫਕੀਰੀ ਤੋਂ ਬਚਣ ਦੀ ਲੋੜ ਹੈ ਕਿਉਂਕਿ ਇਹ ਸਭ ਲਈ ਖਤਰਨਾਕ ਹੈ। ਅਕਬਰ ਵੀ ਲਗਾਤਾਰ ਜਿੱਤਦਾ ਰਿਹਾ ਸੀ, ਪਰ ਉਹ ਪਿੱਛੇ ਆਉਣਾ ਭੁੱਲ ਗਿਆ ਸੀ। ਜਦੋਂ ਪਿੱਛੇ ਮੁੜਿਆ ਤਾਂ ਉਸ ਦੇ ਸਭ ਵਿਰੋਧੀ ਇਕਮੁੱਠ ਹੋ ਗਏ ਸਨ। ਪੰਜਾਬ ਵਿੱਚ ਕਿਸਾਨਾਂ ਦੀਆਂ ਸਮੱਸਿਆਵਾਂ 'ਤੇ ਭਗਵੰਤ ਮਾਨ ਨੇ ਕਿਹਾ ਕਿ ਓਥੇ ਪਾਣੀ ਦੀ ਸਮੱਸਿਆ ਬਹੁਤ ਗੰਭੀਰ ਹੈ। ਇਸ ਕਾਰਨ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਪੰਜਾਬ ਵਿੱਚ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਡਿੱਗ ਰਿਹਾ ਹੈ। ਪੰਜਾਬ ਜਲਦੀ ਹੀ ਵੱਡੇ ਰੇਗਿਸਤਾਨ ਵਿੱਚ ਤਬਦੀਲ ਹੋ ਜਾਵੇਗਾ। ਪੰਜਾਬ ਨੂੰ ਲੈ ਕੇ ਰਾਸ਼ਟਰਪਤੀ ਦੇ ਭਾਸ਼ਣ ਵਿੱਚ ਇੱਕ ਸ਼ਬਦ ਨਹੀਂ ਹੈ। ਉਸ ਨੇ ਕਿਹਾ ਕਿ ਪੰਜਾਬੀ ਪਹਿਲਾਂ ਫੌਜ ਵਿੱਚ ਭਰਤੀ ਹੋਣ ਲਈ ਪ੍ਰਸਿੱਧ ਸਨ, ਪਰ ਅੱਜ ਉਹੀ ਪੰਜਾਬੀ ਬੇਰੋਜ਼ਗਾਰੀ ਕਾਰਨ ਸਾਊਦੀ ਅਰਬ ਜਾ ਕੇ ਮਜ਼ਦੂਰੀ ਦਾ ਕੰਮ ਕਰਨ ਤੇ ਕੀਨੀਆ ਵਿੱਚ ਜਾ ਕੇ ਬੱਕਰੀਆਂ ਚਰਾਉਣ ਲਈ ਮਜਬੂਰ ਹਨ। ਇਸ ਦਾ ਕਾਰਨ ਇਹ ਹੈ ਕਿ ਪੰਜਾਬ ਵਿੱਚ ਬੇਰੋਜ਼ਗਾਰੀ ਹੈ ਅਤੇ ਟਰੈਵਲ ਏਜੰਟ ਨੌਜਵਾਨਾਂ ਨੂੰ ਲੁੱਟ ਰਹੇ ਹਨ। ਮਾਨ ਨੇ ਕਿਹਾ ਕਿ ਪੰਜਾਬੀਆਂ ਨੇ ਜਲ੍ਹਿਆਂਵਾਲਾ ਬਾਗ ਵਿੱਚ 100 ਸਾਲ ਪਹਿਲਾਂ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਦੀ ਯੋਜਨਾ ਬਣਾਈ ਸੀ, ਅੱਜ ਉਹੋ ਪੰਜਾਬੀ ਮੁੜ ਅੰਗਰੇਜ਼ਾਂ ਕੋਲ ਜਾਣ ਦੀਆਂ ਯੋਜਨਾਵਾਂ ਬਣਾ ਰਹੇ ਹਨ। ਦੇਸ਼ ਤੋਂ ਗੋਰੇ ਅੰਗਰੇਜ਼ ਚਲੇ ਗਏ ਅਤੇ ਕਾਲੇ ਅੰਗਰੇਜ਼ ਆ ਗਏ।

ਆਪਣੇ ਲੋਕ ਸਭਾ ਹਲਕੇ ਸੰਗਰੂਰ ਦੇ ਇੱਕ ਬੋਰਵੈਲ ਵਿੱਚ ਡਿੱਗ ਕੇ ਮੌਤ ਦੇ ਮੂੰਹ ਵਿੱਚ ਚਲੇ ਗਏ ਫਤਿਹਵੀਰ ਸਿੰਘ ਦਾ ਮਾਮਲਾ ਵੀ ਮਾਨ ਨੇ ਉਠਾਇਆ। ਇਸ ਮੌਕੇ ਉਨ੍ਹਾਂ ਐੱਨ ਡੀ ਆਰ ਐੱਫ ਦੇ ਕੰਮ ਕਰਨ ਦੇ ਢੰਗ ਅਤੇ ਟੀਮ ਕੋਲ ਮੌਜੂਦ ਤਕਨੀਕੀ ਸਮਾਨਾ ਦੀ ਕਮੀ ਦਾ ਮੁੱਦਾ ਉਠਾਇਆ। ਮਾਨ ਨੇ ਕਿਹਾ ਕਿ ਅਸੀਂ 120 ਫੁੱਟ ਡੂੰਘਾਈ ਵਿੱਚ ਡਿੱਗੇ ਬੱਚੇ ਨੂੰ ਬਚਾਅ ਨਹੀਂ ਸਕਦੇ, ਚੰਦਰਮਾ 'ਤੇ ਜਾਣ ਦੀਆਂ ਗੱਲਾਂ ਕਰਦੇ ਹਾਂ।


## ਜੈ ਸ੍ਰੀ ਰਾਮ ਨਾ ਕਹਿਣ ਉਤੇ ਮੌਲਵੀ ਨੂੰ ਟਰੇਨ ਵਿੱਚੋਂ ਸੁੱਟ ਦਿੱਤਾ

ਕੋਲਕਾਤਾ, 26 ਜੂਨ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਅਤੇ ਝਾਰਖੰਡ ਤੋਂ ਬਾਅਦ ਅਖੌਤੀ ਰਾਮ ਭਗਤਾਂ ਨੇ ਕੋਲਕਾਤਾ ਵਿੱਚ ਜੈ ਸ੍ਰੀ ਰਾਮ ਨਾ ਕਹਿਣ ਉਤੇ ਮਦਰੱਸੇ ਦੇ ਮੌਲਵੀ ਨਾਲ ਕੁੱਟਮਾਰ ਕਰ ਕੇ ਟਰੇਨ ਤੋਂ ਧੱਕਾ ਦੇ ਦਿਤਾ ਹੈ।

ਪੀੜਤ ਨੇ ਥਾਣਾ ਜੀ ਆਰ ਪੀ ਵਿੱਚ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਪੁਲਸ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰ ਸੂਤਰਾਂ ਮੁਤਾਬਕ ਦੱਖਣੀ 24 ਪਰਗਨਾ ਜ਼ਿਲ੍ਹਾ ਦੇ ਬਸੰਤੀ ਇਲਾਕੇ ਦੇ ਵਾਸੀ ਹਾਫਿਜ਼ ਮੁਹੰਮਦ ਸ਼ਾਹਰੁਖ ਹਲਦਰ ਅੱਜ ਕੱਲ੍ਹ ਹੁਗਲੀ ਜ਼ਿਲ੍ਹੇ ਵਿੱਚ ਮਦਰੱਸੇ ਦੇ ਮੌਲਵੀ ਹਨ। ਪਿਛਲੇ ਵੀਰਵਾਰ ਉਹ ਮਦਰੱਸੇ ਜਾਣ ਲਈ ਕੈਨਿੰਗ ਸਟੇਸ਼ਨ ਤੋਂ ਸਿਆਲਦਾਹ ਜਾ ਰਹੀ ਲੋਕਲ ਟਰੇਨ ਵਿੱਚ ਸਵਾਰ ਹੋਏ ਸਨ। ਦੋਸ਼ ਲਾਇਆ ਗਿਆ ਹੈ ਕਿ ਟਰੇਨ ਦੇ ਟਾਕੁਰੀਆ ਸਟੇਸ਼ਨ ਤੋਂ ਰਵਾਨਾ ਹੋਣ ਪਿੱਛੋਂ ਕੋਚ ਵਿੱਚ ਸਵਾਰ ਕੁਝ ਅਖੌਤੀ ਰਾਮ ਭਗਤਾਂ ਨੇ ਉਸ ਉਤੇ ਜੈ ਸ੍ਰੀਰਾਮ ਕਹਿਣ ਦਾ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਇਨਕਾਰ ਕਰਨ 'ਤੇ ਨੌਜਵਾਨਾਂ ਨੇ ਉਨ੍ਹਾਂ ਦੀ ਕੁੱਟਮਾਰ ਕੀਤੀ, ਪਰ ਕਿਸੇ ਯਾਤਰੀ ਨੇ ਬਚਾਉਣ ਦਾ ਯਤਨ ਨਹੀਂ ਕੀਤਾ। ਇਸ ਤੋਂ ਬਾਅਦ ਪਾਰਕ ਸਰਕਸ ਸਟੇਸ਼ਨ ਆਉਂਦੇ ਸਾਰ ਉਨ੍ਹਾਂ ਨੂੰ ਟਰੇਨ ਤੋਂ ਧੱਕਾ ਦੇ ਦਿੱਤਾ, ਜਿਸ ਨਾਲ ਉਨ੍ਹਾਂ ਨੂੰ ਸੱਟਾਂ ਲੱਗੀਆਂ। ਸਟੇਸ਼ਨ 'ਤੇ ਮੌਜੂਦਾ ਲੋਕਾਂ ਨੇ ਉਨ੍ਹਾਂ ਨੂੰ ਚਿਤਰੰਜਨ ਹਸਪਤਾਲ ਦਾਖਲ ਕਰਾਇਆ। ਮੁੱਢਲੇ ਇਲਾਜ ਤੋਂ ਬਾਅਦ ਰਿਪੋਰਟ ਲਿਖਾਉਣ ਲਈ ਤਪਸੀਆ ਥਾਣੇ ਪੁੱਜਾ ਤਾਂ ਪੁਲਸ ਨੇ ਜੀ ਆਰ ਪੀ ਦਾ ਖੇਤਰ ਦੱਸ ਕੇ ਵਾਪਸ ਭੇਜ ਦਿੱਤਾ। ਇਸ ਤੋਂ ਬਾਅਦ ਪੀੜਤ ਨੇ ਬਾਲੀਗੰਜ ਜੀ ਆਰ ਪੀ ਥਾਣੇ ਵਿੱਚ ਘਟਨਾ ਦੀ ਸ਼ਿਕਾਇਤ ਦਰਜ ਕਰਵਾਈ। ਪੁਲਸ ਦਾ ਮੰਨਣਾ ਹੈ ਕਿ ਸੀਟ 'ਤੇ ਬੈਠਣ ਨੂੰ ਲੈ ਕੇ ਦੋਵਾਂ ਧਿਰਾਂ ਵਿੱਚ ਝਗੜਾ ਹੋਇਆ ਸੀ। ਕਿਉਂਕਿ ਇਸ ਘਟਨਾ ਵਿੱਚ ਕਈ ਹੋਰ ਯਾਤਰੀ ਵੀ ਜ਼ਖਮੀ ਹੋਏ ਸਨ।

## ਇੱਕ ਜੁਲਾਈ ਤੋਂ ਭਾਰਤੀ ਲੋਕਾਂ ਦੀ ਜੇਬ ਦੀਆਂ ਕਈ ਚੀਜ਼ਾਂ ਉੱਤੇ ਅਸਰ ਪਵੇਗਾ

ਨਵੀਂ ਦਿੱਲੀ, 26 ਜੂਨ (ਪੋਸਟ ਬਿਊਰੋ)- ਅਗਲੀ 1 ਜੁਲਾਈ ਤੋਂ ਭਾਰਤੀ ਲੋਕਾਂ ਦੀ ਜ਼ਿੰਦਗੀ ਵਿਚ ਕਈ ਵੱਡੇ ਬਦਲਾਓ ਹੋਣ ਵਾਲੇ ਹਨ, ਜਿਨ੍ਹਾਂ ਦਾ ਉਨ੍ਹਾਂ ਦੀ ਜੇਬ ਤੇ ਜ਼ਿੰਦਗੀ ਉੱਤੇ ਸਿੱਧਾ ਅਸਰ ਪਵੇਗਾ। ਇਹ ਬਦਲਾਓ ਬੈਂਕ, ਰਸੋਈ ਗੈਸ ਤੇ ਰੋਜ਼ ਦੀ ਜ਼ਿੰਦਗੀ ਨਾਲ ਜੁੜੇ ਹਨ। ਰਿਜ਼ਰਵ ਬੈਂਕ ਆਫ ਇੰਡੀਆ ਦਾ ਆਨਲਾਈਨ ਲੈਣ ਦੇਣ ਬਾਰੇ ਨਵਾਂ ਨਿਯਮ ਲਾਗੂ ਹੋਵੇਗਾ ਅਤੇ ਰਸੋਈ ਗੈਸ ਦੀਆਂ ਕੀਮਤਾਂ ਤੈਅ ਹੋਣਗੀਆਂ। ਨਾਲ ਛੋਟੀ ਬਚਤ ਯੋਜਨਾਵਾਂ ਦੀਆਂ ਨਵੀਆਂ ਦਰਾਂ ਲਾਗੂ ਹੋਣਗੀਆਂ ਅਤੇ ਇਹ ਮੰਨਿਆ ਜਾ ਰਿਹਾ ਹੈ ਕਿ ਵਿਆਜ ਦਰਾਂ ਘਟ ਸਕਦੀਆਂ ਹਨ।





ਭਾਰਤ ਵਿੱਚ ਡਿਜ਼ੀਟਲ ਟਰਾਂਜੈਕਸ਼ਨ ਨੂੰ ਅੱਗੇ ਵਧਾਉਣ ਲਈ ਭਾਰਤੀ ਰਿਜ਼ਰਵ ਬੈਂਕ ਨੇ ਆਰ ਟੀ ਜੀ ਐਸ ਅਤੇ ਐਨ ਈ ਐਫ ਟੀ ਚਾਰਜ ਖ਼ਤਮ ਕਰ ਦਿੱਤੇ ਤੇ ਪੈਸਾ ਟਰਾਂਸਫਰ ਕਰਨ ਦੀ ਫ਼ੀਸ 1 ਜੁਲਾਈ ਤੋਂ ਖ਼ਤਮ ਕਰਨ ਦਾ ਐਲਾਨ ਕੀਤਾ ਹੈ। ਕੇਂਦਰੀ ਬੈਂਕ ਨੇ ਬੈਂਕਾਂ ਨੂੰ ਕਿਹਾ ਹੈ ਕਿ ਉਹ ਮੁਨਾਫ਼ਾ ਉਸੇ ਦਿਨ ਤੋਂ ਆਪਣੇ ਗ੍ਰਾਹਕਾਂ ਨੂੰ ਦੇਣ। ਆਰ ਟੀ ਜੀ ਐਸ ਵੱਲੋਂ ਵੱਡੀ ਰਕਮ ਨੂੰ ਇਕ ਤੋਂ ਦੂਜੇ ਖਾਤੇ ਵਿਚ ਤੁਰੰਤ ਟਰਾਂਸਫਰ ਕੀਤੀ ਜਾਂਦੀ ਹੈ ਅਤੇ ਐਨ ਈ ਐਫ ਟੀ ਨਾਲ ਦੋ ਲੱਖ ਰੁਪਏ ਤੱਕ ਤੁਰੰਤ ਟਰਾਂਸਫਰ ਕੀਤੇ ਜਾ ਸਕਦੇ ਹਨ। ਸਭ ਤੋਂ ਵੱਡਾ ਬੈਂਕ, ਭਾਰਤੀ ਸਟੇਟ ਬੈਂਕ ਐਨ ਈ ਐਫ ਟੀ ਕਰਨ ਦੇ ਰਾਹੀਂ ਮਨੀ ਟਰਾਂਸਫਰ ਲਈ 1 ਰੁਪਏ ਤੋਂ 5 ਰੁਪਏ ਤੱਕ ਲੈਂਦਾ ਹੈ ਅਤੇ ਆਰ ਟੀ ਜੀ ਐਸ ਦੇ ਰਾਹੀਂ ਪੈਸਾ ਟਰਾਂਸਫਰ ਕਰਨ ਲਈ 5 ਤੋਂ 50 ਰੁਪਏ ਤੱਕ ਚਾਰਜ ਲੈਂਦਾ ਹੈ। ਰਿਜ਼ਰਵ ਬੈਂਕ ਨੇ ਬੇਸਿਕ ਸੇਵਿੰਗ ਅਕਾਊਂਟ ਦਾ ਨਿਯਮ ਸੌਖਾ ਕਰ ਦਿੱਤਾ ਹੈ। ਇਨ੍ਹਾਂ ਖਾਤੇਦਾਰਾਂ ਨੂੰ ਚੈੱਕ ਬੁੱਕ ਤੇ ਹੋਰ ਸਹੂਲਤਾਂ ਮਿਲਣਗੀਆਂ, ਪਰ ਬੈਂਕ ਇਨ੍ਹਾਂ ਸਹੂਲਤਾਂ ਲਈ ਖਾਤਾ ਧਾਰਕਾਂ ਨੂੰ ਘੱਟੋ-ਘੱਟ ਪੈਸਾ ਰੱਖਣ ਲਈ ਨਹੀਂ ਕਹਿ ਸਕਣਗੇ। ਇਹ ਨਵੇਂ ਨਿਯਮ ਵੀ ਅਗਲੀ 1 ਜੁਲਾਈ ਤੋਂ ਲਾਗੂ ਹੋਣਗੇ।

## ਮਹਾਰਾਸ਼ਟਰ ਦੇ ਮੁੱਖ ਮੰਤਰੀ ਅਹੁਦੇ ਲਈ ਸ਼ਿਵ ਸੈਨਾ ਤੇ ਭਾਜਪਾ ਵਿੱਚ ਟੈਨਸ਼ਨ

ਮੁੰਬਈ, 26 ਜੂਨ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਿਸ ਦਾ ਮੁੱਖ ਮੰਤਰੀ ਹੋਵੇਗਾ, ਨੂੰ ਲੈ ਕੇ ਭਾਜਪਾ ਅਤੇ ਸ਼ਿਵ ਸੈਨਾ ਦਰਮਿਆਨ ਲਗਾਤਾਰ ਟੈਨਸ਼ਨ ਵਧਦੀ ਜਾ ਰਹੀ ਹੈ। ਇੱਕ ਪਾਸੇ ਸ਼ਿਵ ਸੈਨਾ ਦਾਅਵਾ ਕਰ ਰਹੀ ਹੈ ਕਿ ਚੋਣਾਂ ਪਿੱਛੋਂ ਮੁੱਖ ਮੰਤਰੀ ਉਸ ਦਾ ਹੋਵੇਗਾ, ਕਿਉਂਕਿ ਲੋਕ ਸਭਾ ਚੋਣਾਂ ਵੇਲੇ ਭਾਜਪਾ ਨਾਲ ਗਠਜੋੜ ਕਰਦੇ ਸਮੇਂ ਅਮਿਤ ਸ਼ਾਹ, ਦੇਵੇਂਦਰ ਫੜਨਵੀਸ ਅਤੇ ਉਧਵ ਠਾਕਰੇ ਵਿਚਾਲੇ ਇਸ ਗੱਲ ਦੀ ਸਹਿਮਤੀ ਹੋਈ ਹੈ, ਪਰ ਭਾਜਪਾ ਨੇਤਾ ਲਗਾਤਾਰ ਇਹ ਬਿਆਨ ਦੇ ਰਹੇ ਹਨ ਕਿ ਮੁੱਖ ਮੰਤਰੀ ਭਾਜਪਾ ਦਾ ਹੀ ਬਣੇਗਾ।

ਭਾਜਪਾ ਦੀ ਸੂਬਾ ਕਾਰਜਕਾਰਨੀ ਦੀ ਬੈਠਕ ਪਿੱਛੋਂ ਮੁੱਖ ਮੰਤਰੀ ਫੜਨਵੀਸ ਦੇ ਸਾਥੀ ਮੰਤਰੀ ਗਿਰੀਸ਼ ਮਹਾਜਨ ਵੱਲੋਂ ਭਾਜਪਾ ਦਾ ਮੁੱਖ ਮੰਤਰੀ ਹੋਣ ਬਾਰੇ ਦਿੱਤੇ ਬਿਆਨ 'ਤੇ ਉਧਵ ਠਾਕਰੇ ਨੇ ਤਿੱਖੀ ਟਿੱਪਣੀ ਕੀਤੀ ਹੈ। ਉਨ੍ਹਾਂ



ਮਹਾਜਨ ਦਾ ਨਾਂਅ ਲਏ ਬਿਨਾਂ ਕਿਹਾ ਕਿ ਇਸ ਬਾਰੇ ਪਹਿਲਾਂ ਤੈਅ ਹੋ ਚੁੱਕਾ ਹੈ ਅਤੇ ਕਿਸੇ ਹੋਰ ਨੂੰ ਇਸ ਵਿੱਚ ਲੱਤ ਅੜਾਉਣ ਦੀ ਕੋਈ ਲੋੜ ਨਹੀਂ। ਸ਼ਿਰਡੀ ਵਿੱਚ ਉਨ੍ਹਾਂ ਕਿਹਾ ਕਿ ਸ਼ਿਵ ਸੈਨਾ ਲਈ ਮੁੱਖ ਮੰਤਰੀ ਅਹੁਦਾ ਅਹਿਮ ਨਹੀਂ। ਜਿਹੜੇ ਵਿਅਕਤੀ ਇਸ ਅਹੁਦੇ ਦੇ ਸੁਫਨੇ ਵੇਖਦੇ ਹਨ, ਉਨ੍ਹਾਂ ਨੂੰ ਕਿਸਾਨਾਂ ਦੇ ਮਸਲੇ ਹੱਲ ਕਰਨੇ ਚਾਹੀਦੇ ਹਨ। ਕਿਸਾਨਾਂ ਦਾ ਗੁੱਸਾ ਸੱਤਾ ਨੂੰ ਸਾੜ ਕੇ ਰੱਖ ਦੇਵੇਗਾ। ਇਸ ਦੌਰਾਨ ਖਬਰ ਹੈ ਕਿ ਮੁੱਖ ਮੰਤਰੀ ਦੇ ਅਹੁਦੇ ਬਾਰੇ ਭਾਜਪਾ ਵੱਲੋਂ ਬਿਆਨਬਾਜ਼ੀ ਕਰਨ ਵਾਲੇ ਆਗੂਆਂ ਦੀ ਸ਼ਿਕਾਇਤ ਸ਼ਿਵ ਸੈਨਾ ਵੱਲੋਂ ਅਮਿਤ ਸ਼ਾਹ ਕੋਲ ਕੀਤੀ ਜਾਏਗੀ। ਖਬਰਾਂ ਵਿੱਚ ਇਹ ਗੱਲ ਵੀ ਕਹੀ ਜਾ ਰਹੀ ਹੈ ਕਿ ਸ਼ਿਵ ਸੈਨਾ ਦੀ ਲੀਡਰਸ਼ਿਪ ਇਸ ਬਾਰੇ ਅਮਿਤ ਸ਼ਾਹ ਦੇ ਨਾਲ ਹੀ ਦੇਵੇਂਦਰ ਫੜਨਵੀਸ ਨੂੰ ਚਿੱਠੀ ਲਿਖ ਕੇ ਸ਼ਿਵ ਸੈਨਾ-ਭਾਜਪਾ ਵਿੱਚ ਤਰੇੜ ਪੈਦਾ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਵਿਰੁੱਧ ਕਾਰਵਾਈ ਦੀ ਮੰਗ ਕਰੇਗੀ।

## ਪਿਤਾ ਦੀ ਮੌਤ ਪਿੱਛੋਂ ਭਾਰਤ ਲਈ ਖ਼ਿਤਾਬ ਜਿੱਤ ਕੇ ਸਿਆਮੀ ਘਰ ਪਹੁੰਚੀ

ਨਵੀਂ ਦਿੱਲੀ, 26 ਜੂਨ (ਪੋਸਟ ਬਿਊਰੋ)- ਭਾਰਤ ਦੀ ਮਹਿਲਾ ਹਾਕੀ ਟੀਮ ਦੀ 19 ਸਾਲਾ ਖਿਡਾਰਨ ਲਾਲ ਰੇਮ ਸਿਆਮੀ ਨੂੰ ਲੋਕ ਸੋਸ਼ਲ ਮੀਡੀਆ ਉੱਤੇ ਰੱਜਵਾਂ ਮਾਣ ਦੇ ਰਹੇ ਹਨ। ਹੀਰੋਸ਼ੀਮਾ ਵਿਚ ਐਫ ਆਈ ਐਚ ਵੂਮੈਨ ਸੀਰੀਜ਼ ਦੇ ਫਾਈਨਲ ਮੈਚ ਵਿਚ ਖੇਡਣ ਵੇਲੇ ਮਿਜ਼ੋਰਮ ਦੀ ਇਸ ਖਿਡਾਰਨ ਦੇ ਪਿਤਾ ਦੀ ਮੌਤ ਹੋ ਗਈ ਤੇ ਉਹ ਪਿਤਾ ਦੇ ਅੰਤਮ ਸੰਸਕਾਰ ਵਿਚ ਵੀ ਸ਼ਾਮਲ ਨਹੀਂ ਹੋ ਸਕੀ। ਭਾਰਤ ਨੇ ਪਹਿਲਾਂ 4-2 ਨਾਲ ਚਿੱਲੀ ਨੂੰ ਹਰਾਇਆ ਤੇ ਫਿਰ ਫਾਈਨਲ ਵਿਚ ਜਪਾਨ ਨੂੰ 3-1 ਨਾਲ ਹਰਾ ਕੇ ਜਿੱਤ ਇਹ ਅਹਿਮ ਟੂਰਨਾਮੈਂਟ ਵੀ ਜਿੱਤ ਲਿਆ। ਆਪਣੇ ਪਿਤਾ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਨਾ ਹੋ ਕੇ ਲਾਲਰੇਮਸਿਆਮੀ ਦਾ ਇਹ ਅਹਿਮ ਫਾਈਨਲ ਮੈਚ ਖੇਡਣਾ ਇਕ ਮਿਸਾਲ ਬਣ ਗਿਆ ਹੈ। ਮੰਗਲਵਾਰ ਨੂੰ ਲਾਲ ਰੇਮ ਸਿਆਮੀ ਜਦੋਂ ਅਪਣੇ ਘਰ ਪੁੱਜੀ ਤਾਂ ਘਰ ਦਾ ਮਾਹੌਲ ਬਹੁਤ ਹੀ ਭਾਵੁਕ ਹੋ ਗਿਆ। ਬੀਤੇ ਸ਼ੁੱਕਰਵਾਰ ਦਿਲ ਦਾ ਦੌਰਾ ਪੈਣ ਨਾਲ ਲਾਲਰੇਮਸਿਆਮੀ ਦੇ ਪਿਤਾ ਦੀ ਮੌਤ ਹੋ ਗਈ ਸੀ। ਇਸ ਮੁਸ਼ਕਲ ਸਮੇਂ ਵਿਚ ਲਾਲਰੇਮਸਿਆਮੀ ਨੇ ਅਪਣੇ ਪਿਤਾ ਦੇ ਅੰਤਮ ਸੰਸਕਾਰ ਲਈ ਨਾ ਜਾਣ ਦਾ ਫੈਸਲਾ ਕੀਤਾ ਤੇ ਦੇਸ਼ ਲਈ ਬਹੁਤ ਬਹਾਦਰੀ ਨਾਲ ਖੇਡੀ। ਭਾਰਤੀ ਮਹਿਲਾ ਹਾਕੀ ਟੀਮ ਦੀ ਕਪਤਾਨ ਰਾਣੀ ਰਾਮਪਾਲ ਨੇ ਮੈਚ ਦੀ ਜਿੱਤ ਲਾਲਰੇਮਸਿਆਮੀ ਦੇ ਪਿਤਾ ਨੂੰ ਸਮਰਪਿਤ ਕੀਤੀ ਹੈ।




ਲਾਲਰੇਮਸਿਆਮੀ ਮੰਗਲਵਾਰ ਜਦੋਂ ਅਪਣੇ ਘਰ ਪਹੁੰਚੀ ਤਾਂ ਉਹ ਖੁਦ ਨੂੰ ਰੋਕ ਨਾ ਸਕੀ ਤੇ ਅਪਣੀ ਮਾਂ ਦੇ ਗਲ ਲੱਗ ਕੇ ਰੋਣ ਲੱਗ ਪਈ। ਉਸ ਸਮੇਂ ਮਿਜ਼ੋਰਮ ਸਰਕਾਰ ਦੇ ਅਧਿਕਾਰੀ ਤੇ ਪਿੰਡ ਦੇ ਲੋਕ ਉਥੇ ਮੌਜੂਦ ਸਨ।

ਲਾਲਰੇਮਸਿਆਮੀ ਨੂੰ ਉਸ ਦੇ ਸਾਥੀ ਸਿਆਮੀ ਨਾਂਅ ਨਾਲ ਬੁਲਾਉਂਦੇ ਹਨ। ਉਸ ਦੀ ਖੇਡ ਪ੍ਰਤੀ ਲਗਨ ਦੇਖਦੇ ਹੋਏ ਕੇਂਦਰੀ ਖੇਡ ਮੰਤਰੀ ਕਿਰਣ ਰਿਜੀਜੂ ਨੇ ਟਵਿਟਰ ਉੱਤੇ ਕਿਹਾ ਕਿ ਲਾਲਰੇਮਸਿਆਮੀ ਦੇ ਪਿਤਾ ਦੀ ਮੌਤ ਉਸ ਸਮੇਂ ਹੋਈ, ਜਦੋਂ ਉਹ ਹੀਰੋਸ਼ੀਮਾ ਵਿਚ ਸੈਮੀ ਫਾਈਨਲ ਖੇਡ ਰਹੀ ਸੀ। ਉਸ ਦੇ ਕੋਚ ਨੇ ਪ੍ਰੈੱਸ ਨੂੰ ਕਿਹਾ ਕਿ ਇੰਨੀ ਛੋਟੀ ਉਮਰ ਵਿਚ ਪਿਤਾ ਦੀ ਮੌਤ ਦੇ ਇਸ ਘਾਟੇ ਦਾ ਸਹਾਰਨਾ ਸੌਖਾ ਨਹੀਂ ਸੀ, ਪਰ ਇਸ ਦੇ ਬਾਵਜੂਦ ਲਾਲਰੇਮਸਿਆਮੀ ਨੇ ਬੜਾ ਹੌਂਸਲਾ ਦਿਖਾਇਆ ਤੇ ਮੈਚ ਖੇਡੀ ਹੈ। ਟੀਮ ਨੇ ਇਹ ਜਿੱਤ ਲਾਲਰੇਮਸਿਆਮੀ ਦੇ ਪਿਤਾ ਨੂੰ ਸਮੱਰਪਿਤ ਕੀਤੀ ਹੈ।

## ਮਨੋਹਰ ਲਾਲ ਖੱਟਰ ਨੇ ਸਕੱਤਰੇਤ ਅੱਗੇ ਮੰਚ ਦਾ ਉਦਘਾਟਨ ਵਾਜੇ ਨਾਲ ਕੀਤਾ, ਪੰਜਾਬ ਦੇ ਪਾਸੇ ਤਰਥੱਲੀ

ਚੰਡੀਗੜ੍ਹ, 26 ਜੂਨ (ਪੋਸਟ ਬਿਊਰੋ)- ਪੰਜਾਬ ਹਰਿਆਣਾ ਸਕੱਤਰੇਤ ਕੰਪਲੈਕਸ ਦੇ ਅੱਗੇ ਰਾਸ਼ਟਰੀ ਝੰਡੇ ਲਈ ਬਣਾਏ ਗਏ ਨਵੇਂ ਫਾਊਂਡੇਸ਼ਨ ਪਲੇਟਫਾਰਮ ਦਾ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਉਦਘਾਟਨ ਕੀਤੇ ਜਾਣ ਦੇ ਬਾਅਦ ਪੰਜਾਬ ਸਰਕਾਰ ਦੀ ਨਮੋਸ਼ੀ ਹੋਈ ਹੈ। ਜਨਰਲ ਪ੍ਰਸ਼ਾਸਨ ਪ੍ਰਬੰਧ ਵਿਭਾਗ ਦੀ ਲਾਪਰਵਾਹੀ ਦੇ ਕਾਰਨ ਉਦਘਾਟਨ ਸਮਾਰੋਹ ਨਾਲ ਸੰਬੰਧਤ ਸੱਦੇ ਦੀ ਜਾਣਕਾਰੀ ਤੱਕ ਵੀ ਮੁੱਖ ਮੰਤਰੀ ਦਫਤਰ ਨੂੰ ਨਹੀਂ ਦਿੱਤੀ ਗਈ।

ਵਰਨਣ ਯੋਗ ਹੈ ਕਿ ਇਸ ਦੇ ਬਣਨ ਬਾਰੇ ਪੰਜਾਬ, ਹਰਿਆਣਾ ਅਤੇ ਯੂ ਟੀ ਪ੍ਰਸ਼ਾਸਨ ਪਿਛਲੇ ਸਾਲ ਤੋਂ ਲਗਾਤਾਰ ਬੈਠਕਾਂ ਕਰ ਰਹੇ ਹਨ। ਬੈਠਕ ਦੌਰਾਨ ਹੋਏ ਅੰਤਿਮ ਫੈਸਲੇ ਵਿੱਚ ਉਦਘਾਟਨ ਕਰਨ ਦਾ ਜ਼ਿਕਰ ਨਹੀਂ ਸੀ। ਹਰਿਆਣਾ ਦੇ ਮੁੱਖ ਮੰਤਰੀ ਨੇ ਨਾ ਸਿਰਫ ਇਸ ਦਾ ਉਦਘਾਟਨ ਕਰ ਦਿੱਤਾ, ਸਗੋਂ ਪੰਜਾਬ ਸਕੱਤਰੇਤ ਦੇ ਵੀ ਵੀ ਆਈ ਪੀ ਗੇਟ 'ਤੇ ਮੁੱਖ ਮੰਤਰੀ ਖੱਟਰ ਦਾ ਹੋਰਡਿੰਗ ਵੀ ਲਾਇਆ ਗਿਆ ਹੈ। ਹਰਿਆਣਾ ਸਰਕਾਰ ਨੇ 21 ਜੂਨ ਨੂੰ ਪੰਜਾਬ ਸਰਕਾਰ ਨੂੰ ਉਦਘਾਟਨ ਸਮਾਰੋਹ ਦਾ ਸੱਦਾ ਭੇਜਿਆ ਸੀ, ਪਰ ਇਹ ਸੱਦਾ ਜਨਰਲ ਪ੍ਰਸ਼ਾਸਨ ਪ੍ਰਬੰਧ ਵਿਭਾਗ ਨੂੰ ਭੇਜਿਆ ਗਿਆ ਅਤੇ ਵਿਭਾਗ ਨੇ ਉਸ ਨੂੰ ਹਲਕੇ



ਵਿੱਚ ਲਿਆ ਅਤੇ ਮੁੱਖ ਮੰਤਰੀ ਦਫਤਰ ਨੂੰ ਦੱਸਿਆ ਤੱਕ ਨਹੀਂ। ਹਦ ਤਾਂ ਉਦੋਂ ਹੋਈ, ਜਦ 22 ਜੂਨ ਨੂੰ ਵੀ ਇਸ ਬਾਰੇ ਪ੍ਰਸ਼ਾਸਨਿਕ ਪੱਧਰ 'ਤੇ ਕੁਝ ਨਹੀਂ ਕੀਤਾ ਗਿਆ ਅਤੇ ਮੁੱਖ ਮੰਤਰੀ ਦਫਤਰ ਅਤੇ ਮੁੱਖ ਸਕੱਤਰ ਦਫਤਰ ਨੂੰ ਇਸ ਦੀ ਸੂਚਨਾ ਤੱਕ ਨਹੀਂ ਭੇਜੀ ਗਈ। ਕੱਲ੍ਹ ਸਵੇਰੇ ਜਦ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਆਪਣੇ ਕੈਬਨਿਟ ਸਹਿਯੋਗੀਆਂ ਨਾਲ ਪੁਲਸ ਬੈਂਡ ਲੈ ਕੇ ਨਵੇਂ ਪਲੇਟਫਾਰਮ ਦਾ ਉਦਘਾਟਨ ਕਰਨ ਚਲੇ ਗਏ ਤਾਂ ਪੰਜਾਬ ਸਕੱਤਰੇਤ ਵਿੱਚ ਤਰਥੱਲੀ ਮੱਚ ਗਈ। ਹਰਿਆਣਾ ਸਰਕਾਰ ਵੱਲੋਂ ਪੰਜਾਬ ਸਕੱਤਰੇਤ ਦੇ ਵੀ ਵੀ ਆਈ ਪੀ ਗੇਟ 'ਤੇ ਮੁੱਖ ਮੰਤਰੀ ਖੱਟਰ ਦਾ ਇੱਕ ਹੋਰਡਿੰਗ ਵੀ ਲਾ ਦਿੱਤਾ ਗਿਆ। ਇਸ ਦੀ ਜਾਣਕਾਰੀ ਮਿਲਦੇ ਸਾਰ ਜਨਰਲ ਪ੍ਰਸ਼ਾਸਨ ਪ੍ਰਬੰਧ ਵਿਭਾਗ ਅਤੇ ਮੁੱਖ ਮੰਤਰੀ ਦਫਤਰ ਦੇ ਫੋਨ ਖੜਕਣ ਲੱਗੇ। ਇਹ ਮਾਮਲਾ ਚੀਫ ਸੈਕਟਰੀ ਕਰਣ ਅਵਤਾਰ ਸਿੰਘ ਕੋਲ ਪਹੁੰਚਿਆ ਤਾਂ ਉਨ੍ਹਾਂ ਨੇ ਪੁੱਛਗਿੱਛ ਸ਼ੁਰੂ ਕੀਤੀ ਤੇ ਜਨਰਲ ਪ੍ਰਸ਼ਾਸਨ ਵਿਭਾਗ ਦੇ ਅਧਿਕਾਰੀਆਂ ਨੂੰ ਖਰੀ-ਖੋਟੀ ਸੁਣਾ ਕੇ ਜਾਂਚ ਦੇ ਹੁਕਮ ਦੇ ਦਿੱਤੇ।

ਇਸ ਸਾਂਝੇ ਸਕੱਤਰੇਤ ਕੰਪਲੈਕਸ ਵਿੱਚ ਸਭ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਸਵਰਗੀ ਪ੍ਰਤਾਪ ਸਿੰਘ ਕੈਰੋਂ ਨੇ ਝੰਡਾ ਲਹਿਰਾਇਆ ਸੀ। ਵਰਣਨਯੋਗ ਹੈ ਕਿ ਦਸੰਬਰ 2017 ਵਿੱਚ ਹਰਿਆਣਾ ਸਰਕਾਰ ਵੱਲੋਂ ਫਲੈਗ ਪਲੇਟਫਾਰਮ ਦੇ ਨਵੀਨੀਕਰਨ ਦੀ ਤਜਵੀਜ਼ ਆਈ ਸੀ। ਪੰਜਾਬ, ਹਰਿਆਣਾ ਅਤੇ ਯੂ ਟੀ ਪ੍ਰਸ਼ਾਸਨ ਦੇ ਅਫਸਰਾਂ ਦੀਆਂ ਬੈਠਕਾਂ ਵਿੱਚ ਇਸ ਦੇ ਨਿਰਮਾਣ ਵਿੱਚ ਖਰਚ ਬਾਰੇ ਹੰਗਾਮਾ ਹੋਇਆ ਤਾਂ ਹਰਿਆਣਾ ਨੇ ਸਾਰਾ ਖਰਚ ਕਰਨ ਦੀ ਸਹਿਮਤੀ ਦੇ ਦਿੱਤੀ, ਜਦ ਕਿ ਡਿਜ਼ਾਈਨ ਆਦਿ ਯੂ ਟੀ ਨੇ ਕਰਨਾ ਸੀ। ਇਸ ਵਿੱਚ ਉਦਘਾਟਨ ਦਾ ਜ਼ਿਕਰ ਨਹੀਂ ਸੀ। ਇਸ ਪਿੱਛੋਂ ਚੋਣ ਜ਼ਾਬਤਾ ਲਾਗੂ ਹੋ ਗਿਆ ਤੇ ਚੋਣ ਜ਼ਾਬਤਾ ਹਟਣ ਪਿੱਛੋਂ ਨਿਰਮਾਣ ਦੀ ਮਨਜ਼ੂਰੀ ਮਿਲ ਗਈ। ਕਰੀਬ 15 ਦਿਨ ਵਿੱਚ ਇਸ ਦਾ ਨਿਰਮਾਣ ਕੀਤਾ ਗਿਆ। 24 ਗੁਣਾ 16 ਸਾਈਜ਼ ਦੇ ਪਲੇਟਫਾਰਮ 'ਤੇ ਕਰੀਬ ਅੱਸੀ ਫੁੱਟ ਉੱਚਾ ਪਿੱਲਰ ਸਥਾਪਿਤ ਕੀਤਾ ਗਿਆ ਹੈ।







## ਨਿਜ਼ਾਮ ਹੈਦਰਾਬਾਦ ਦੀ ਦੌਲਤ ਬਾਰੇ ਭਾਰਤ-ਪਾਕਿ ਯੂ ਕੇ ਕੋਰਟ ਵਿੱਚ ਆਹਮੋ ਸਾਹਮਣੇ

ਲੰਡਨ, 26 ਜੂਨ (ਪੋਸਟ ਬਿਊਰੋ)- ਭਾਰਤ ਦੀ ਆਜ਼ਾਦੀ ਪਿੱਛੋਂ ਤੇ ਪਾਕਿਸਤਾਨ ਬਣਨ ਤੋਂ ਕੁਝ ਸਮੇਂ ਬਾਅਦ ਨਿਜ਼ਾਮ ਹੈਦਰਾਬਾਦ ਦੀ ਯੂ ਕੇ ਦੀ ਨੈਟਵੈਸਟ ਬੈਂਕ ਵਿੱਚ ਜਮ੍ਹਾਂ 35 ਬਿਲੀਅਨ ਪੌਂਡ ਰਕਮ ਵਾਸਤੇ ਲੰਡਨ ਹਾਈ ਕੋਰਟ 'ਚ ਇੱਕ ਕੇਸ ਚੱਲ ਰਿਹਾ ਹੈ। ਨਿਜ਼ਾਮ ਦੇ ਵਾਰਸ ਪ੍ਰਿੰਸ ਮੁਕੱਰਮ ਸ਼ਾਹ ਨਿਜ਼ਾਮ ਹੈਦਰਾਬਾਦ ਦੇ ਅੱਠਵੇਂ ਦਾਅਵੇਦਾਰ ਅਤੇ ਉਸ ਦੇ ਛੋਟੇ ਭਰਾ ਮੁਫਾਖਾਮ ਵੱਲੋਂ ਭਾਰਤ ਸਰਕਾਰ ਨਾਲ ਮਿਲ ਕੇ ਪਾਕਿਸਤਾਨ ਖਿਲਾਫ ਅਦਾਲਤੀ ਲੜਾਈ ਲੜੀ ਜਾ ਰਹੀ। ਨਿਜ਼ਾਮ ਹੈਦਰਾਬਾਦ ਦੀ ਇੱਕ ਲੱਖ, ਸੱਤ ਹਜ਼ਾਰ, ਨੌਂ ਸੌ ਚਾਲੀ ਪੌਂਡ ਦੀ ਰਾਸ਼ੀ ਬ੍ਰਿਟੇਨ ਨਵੇਂ ਬਣੇ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਤਬਦੀਲ ਕਰ ਦਿੱਤੀ ਗਈ ਸੀ। ਇਹ ਰਕਮ ਵੱਧ ਕੇ 350 ਲੱਖ ਪੌਂਡ ਦੇ ਕਰੀਬ ਹੋ ਗਈ ਹੈ। ਨਿਜ਼ਾਮ ਦੇ ਖਾਨਦਾਨ ਵੱਲੋਂ ਭਾਰਤ ਨਾਲ ਮਿਲ ਕੇ ਦਾਅਵਾ ਕੀਤਾ ਗਿਆ ਹੈ ਕਿ ਇਸ ਰਾਸ਼ੀ 'ਤੇ ਉਨ੍ਹਾਂ ਦਾ ਹੱਕ ਹੈ, ਜਦ ਕਿ ਪਾਕਿਸਤਾਨ ਵੱਲੋਂ ਇਸ ਰਾਸ਼ੀ 'ਤੇ ਆਪਣਾ ਦਾਅਵਾ ਕੀਤਾ ਗਿਆ ਹੈ। 80 ਸਾਲਾ ਨਿਜ਼ਾਮ ਅੱਠਵੇਂ ਤੇ ਉਸ ਦੇ ਛੋਟੇ ਭਰਾ ਵੱਲੋਂ ਆਪਣੇ ਪੜਦਾਦੇ ਵੱਲੋਂ ਦਿੱਤੇ ਗਏ ਇਸ ਤੋਹਫੇ ਨੂੰ ਲੈਣ ਲਈ ਕਈ ਦਹਾਕਿਆਂ ਤੋਂ ਉਡੀਕ ਹੋ ਰਹੀ ਹੈ। ਕੇਸ ਦੀ ਪੈਰਵਾਈ ਕਰ ਰਹੇ ਪੋਲ ਹੇਵਟ ਨੇ ਕਿਹਾ ਕਿ ਪਾਕਿਸਤਾਨ ਨੂੰ ਸੱਤਰ ਸਾਲ ਤੋਂ ਰੋਕਿਆ ਹੋਇਆ ਹੈ ਅਤੇ ਆਸ ਹੈ ਕਿ ਇਸ ਸੁਣਵਾਈ ਨਾਲ ਆਖਰੀ ਨਤੀਜਾ ਸਾਹਮਣੇ ਆ ਜਾਵੇਗਾ। ਰੋਇਲ ਕੋਰਟ ਆਫ ਜਸਟਿਸ ਲੰਡਨ ਵਿੱਚ ਚੱਲਦੇ ਇਸ ਕੇਸ ਦੀ ਸੁਣਵਾਈ ਦੋ ਹਫਤੇ ਚੱਲੇਗੀ, ਜਿਸ ਨੂੰ ਜਸਟਿਸ ਮਾਰਕੁਸ ਸਮਿੱਥ ਸੁਣ ਰਹੇ ਹਨ। ਦੋਵੇਂ ਧਿਰਾਂ ਵੱਲੋਂ ਇਸ ਬਾਰੇ ਬਹਿਸ ਕੀਤੀ ਜਾ ਰਹੀ ਹੈ। ਕੇਸ ਵਿੱਚ ਇੱਕ ਪਾਸੇ ਯੂ ਕੇ ਵਿਚਲਾ ਪਾਕਿਸਤਾਨ ਦਾ ਹਾਈ ਕਮਿਸ਼ਨਰ ਤੇ ਦੂਜੇ ਪਾਸੇ ਸੱਤ ਦਾਅਵੇਦਾਰ ਹਨ ਜਿਨ੍ਹਾਂ ਨਿਜ਼ਾਮ ਦੇ ਵਾਰਸ, ਭਾਰਤ ਸਰਕਾਰ ਤੇ ਭਾਰਤ ਦੇ ਰਾਸ਼ਟਰਪਤੀ ਹਨ। ਸੂਤਰਾਂ ਅਨੁਸਾਰ ਸੁਣਵਾਈ ਛੇ ਹਫਤੇ ਚੱਲਣ ਦੀ ਸੰਭਾਵਨਾ ਹੈ।

# ਪਾਕਿ ਵਿੱਚ ਲਾਈਵ ਨਿਊਜ਼ ਸ਼ੋਅ ਦੌਰਾਨ ਨੇਤਾ ਨੇ ਪੱਤਰਕਾਰ ਕੁੱਟ ਸੁੱਟਿਆ

ਲਾਹੌਰ, 26 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਇੱਕ ਨਿਊਜ਼ ਚੈਨਲ 'ਤੇ ਚੱਲਦੀ ਬਹਿਸ ਦੌਰਾਨ ਹਾਕਮ ਪਾਰਟੀ ਦੇ ਇੱਕ ਨੇਤਾ ਵੱਲੋਂ ਬਹਿਸ ਵਿੱਚ ਸ਼ਾਮਲ ਪੱਤਰਕਾਰ ਦੀ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਦੱਸਿਆ ਜਾਂਦਾ ਹੈ ਕਿ ਪਾਕਿਸਤਾਨ ਦੇ ਨਿਊਜ਼ ਚੈਨਲ 'ਕੇ 21 ਨਿਊਜ਼' ਦਾ ਸਟੂਡੀਓ ਉਸ ਵੇਲੇ ਅਖਾੜੇ ਵਿੱਚ ਤਬੀਦਲ ਹੋ ਗਿਆ, ਜਦੋਂ ਪਾਕਿਸਤਾਨ ਤਹਿਰੀਕ ਏ ਇਨਸਾਫ ਪਾਰਟੀ ਦੇ ਨੇਤਾ ਮਸਰੂਰ ਅਲੀ ਸਿਆਲ ਅਤੇ ਕਰਾਚੀ ਪ੍ਰੈਸ ਕਲੱਬ ਦੇ ਪ੍ਰਧਾਨ ਤੇ ਸੀਨੀਅਰ ਪੱਤਰਕਾਰ



ਇਮਤਿਆਜ਼ ਖਾਨ ਵਿਚਾਲੇ ਨਿਊਜ਼ ਲਾਈਨ ਦੇ ਅਫਤਾਬ ਮੁਘੇਰੀ ਸ਼ੋਅ ਦੌਰਾਨ ਬਹਿਸਬਾਜ਼ੀ ਸ਼ੁਰੂ ਹੋ ਗਈ ਅਤੇ ਫਿਰ ਲੜਾਈ 'ਚ ਤਬਦੀਲ ਹੋ ਗਈ। ਹਾਕਮ ਪਾਰਟੀ ਪੀ ਟੀ ਆਈ ਦੇ ਨੇਤਾ ਨੇ ਗੁੱਸੇ ਨਾਲ ਆਪਣੀ ਸੀਟ ਤੋਂ ਉਠ ਕੇ ਪੱਤਰਕਾਰ ਨੂੰ ਧੱਕਾ ਦੇ ਕੇ ਹੇਠਾਂ ਫਰਸ਼ 'ਤੇ ਸੁੱਟ ਦਿੱਤਾ ਅਤੇ ਇਸ ਦੇ ਬਾਅਦ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਚੱਲਦੇ ਸ਼ੋਅ ਦੌਰਾਨ ਇਹ ਸਭ ਹੋਣ ਉੱਤੇ ਪੈਨਲ ਵਿੱਚ ਸ਼ਾਮਲ ਬਾਕੀ ਮਹਿਮਾਨਾਂ ਅਤੇ ਐਂਕਰ ਨੇ ਵਿੱਚ ਆ ਕੇ ਲੜਾਈ ਨੂੰ ਸ਼ਾਂਤ ਕੀਤਾ। ਇਸ ਘਟਨਾ ਦੇ ਬਾਅਦ ਪੀ ਟੀ ਆਈ ਪਾਰਟੀ ਦੀ ਭਾਰੀ ਆਲੋਚਨਾ ਹੋਈ ਹੈ। ਇਸ ਬਾਰੇ ਪਾਕਿਸਤਾਨ ਦੀ ਪੱਤਰਕਾਰ ਨਾਇਲਾ ਇਨਾਇਤ ਨੇ ਟਵੀਟ ਕਰ ਕੇ ਕਿਹਾ ਕਿ ਕੀ ਇਹੋ ਇਮਰਾਨ ਖਾਨ ਦਾ ਨਵਾਂ ਪਾਕਿਸਤਾਨ ਹੈ, ਜਿਸ ਵਿੱਚ ਪੱਤਰਕਾਰ ਵੱਲੋਂ ਪੁੱਛੇ ਗਏ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਪੀ ਟੀ ਆਈ ਨੇਤਾ ਉਸ ਦਾ ਕੁਟਾਪਾ ਚਾੜ੍ਹ ਰਿਹਾ ਹੈ।

# ਜੱਜ ਨੇ ਟਰੰਪ ਦੇ ਵਿਰੁੱਧ ਕੇਸ ਚਲਾਉਣ ਦੀ ਮਨਜ਼ੂਰੀ ਦਿੱਤੀ

ਵਾਸ਼ਿੰਗਟਨ, 26 ਜੂਨ (ਪੋਸਟ ਬਿਊਰੋ)- ਅਮਰੀਕਾ ਵਿਚ ਇਕ ਫੈਡਰਲ ਜੱਜ ਨੇ ਮੰਗਲਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਕੇਸ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਟਰੰਪ ਉੱਤੇ ਦੋਸ਼ ਹੈ ਕਿ ਉਨ੍ਹਾਂ ਨੇ ਰਾਸ਼ਟਰਪਤੀ ਹੁੰਦੇ ਹੋਏ ਵੀ ਲਾਭ ਕਮਾਇਆ ਹੈ, ਜੋ ਸੰਵਿਧਾਨ ਦੀ ਵਿਵਸਥਾ ਦੀ ਉਲੰਘਣਾ ਹੈ।



ਕੋਲੰਬੀਆ ਜ਼ਿਲੇ ਦੇ ਯੂ ਐੱਸ ਡਿਸਟ੍ਰਿਕਟ ਜੱਜ ਐਮੇਟ ਜੀ. ਸੁਲੀਵਨ ਨੇ ਕਾਨੂੰਨ ਵਿਭਾਗ ਦੇ ਵਕੀਲ ਦੀ ਅਪੀਲ ਦੇ ਵਿਰੁੱਧ ਫੈਸਲਾ ਸੁਣਾਇਆ ਹੈ। ਵਕੀਲ ਨੇ ਕੇਸ ਦੇ ਵਿਚਾਲੇ ਹਾਈ ਕੋਰਟ ਵਿਚ ਅਪੀਲ ਕਰਨ ਤੇ ਇਸ ਦੌਰਾਨ ਕੇਸ ਦੀ ਸੁਣਵਾਈ ਰੋਕਣ ਦੀ ਮੰਗ ਕੀਤੀ ਸੀ। ਕਰੀਬ 200 ਡੈਮਕ੍ਰੈਟਿਕ ਪਾਰਲੀਮੈਂਟ ਮੈਂਬਰਾਂ ਦੇ ਸਮੱਰਥਨ ਵਾਲੇ ਕੇਸ ਮੁਤਾਬਕ ਪਾਰਲੀਮੈਂਟ ਦੀ ਮਨਜ਼ੂਰੀ ਦੇ ਬਿਨਾਂ ਡੋਨਾਲਡ ਟਰੰਪ ਵਿਦੇਸ਼ੀ ਅਤੇ ਸੂਬਾਈ ਸਰਕਾਰਾਂ ਤੋਂ ਤੋਹਫੇ ਲੈਂਦੇ ਰਹੇ ਹਨ। ਇਹੀ ਨਹੀਂ, ਆਪਣੇ ਤੋਂ ਪਹਿਲੇ ਰਾਸ਼ਟਰਪਤੀਆਂ ਦੇ ਉਲਟ ਟਰੰਪ ਨੇ ਆਪਣੇ ਕਾਰੋਬਾਰ ਨਾਲੋਂ ਸੰਬੰਧ ਤੋੜਨ ਤੋਂ ਵੀ ਇਨਕਾਰ ਕੀਤਾ ਸੀ। ਇਸ ਫੈਸਲੇ ਪਿੱਛੋਂ ਪਾਰਲੀਮੈਂਟ ਮੈਂਬਰ ਸੂਚਨਾਵਾਂ ਇਕੱਠੀਆਂ ਕਰਨ ਲਈ ਸੰਮਨ ਭੇਜ ਸਕਣਗੇ।

ਵਰਨਣ ਯੋਗ ਹੈ ਕਿ ਮੰਗਲਵਾਰ ਨੰ ਇਹ ਫੈਸਲਾ ਓਦੋਂ ਆਇਆ ਜਦੋਂ ਟਰੰਪ 2020 ਦੀਆਂ ਰਾਸ਼ਟਰਪਤੀ ਚੋਣਾਂ ਲਈ ਗੋਲਮੇਜ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਵਾਸ਼ਿੰਗਟਨ ਵਿੱਚ ਆਪਣੇ ਨਾਮ ਵਾਲੇ ਹੋਟਲ ਵਿਚ ਜਾ ਰਹੇ ਸਨ। ਇਹ ਹੋਟਲ ਵ੍ਹਾਈਟ ਹਾਊਸ ਦੇ ਬਿਲਕੁੱਲ ਨੇੜੇ ਹੈ। ਕਾਨੂੰਨ ਵਿਭਾਗ ਦੀ ਬੁਲਾਰਾ ਕੇਲੀ ਲਾਕੋ ਦਾ ਕਹਿਣਾ ਹੈ ਕਿ ਇਹ ਕੇਸ ਰੱਦ ਹੋ ਜਾਣਾ ਚਾਹੀਦਾ ਸੀ। ਟਰੰਪ ਸਰਕਾਰ ਨੇ ਹਾਲੇ ਇਸ ਉੱਤੇ ਟਿੱਪਣੀ ਨਹੀਂ ਕੀਤੀ।

## ਅਮਰੀਕਾ-ਚੀਨ ਵਪਾਰ ਜੰਗ ਦੇ ਕਾਰਨ ਅਮਰੀਕਾ ਵਿੱਚ ਬਾਈਬਲ ਮਹਿੰਗੀ

ਵਾਸ਼ਿੰਗਟਨ, 26 ਜੂਨ (ਪੋਸਟ ਬਿਊਰੋ)- ਅਮਰੀਕਾ-ਚੀਨ ਵਿਚਾਲੇ ਚੱਲਦੇ ਵਪਾਰ ਯੁੱਧ ਦਾ ਨਵਾਂ ਅਸਰ ਦੇਖਿਆ ਗਿਆ ਹੈ। ਰਾਸ਼ਟਰਪਤੀ ਡੋਨਲਡ ਟਰੰਪ ਦੇ ਚੀਨ ਦੇ ਸਾਮਾਨ ਉੱਤੇ ਦਰਾਮਦ ਟੈਕਸ ਵਧਾਉਣ ਦੇ ਫੈਸਲੇ ਕਾਰਨ ਬਾਈਬਲ ਦੀ ਕੀਮਤ ਦਾ ਵਾਧਾ ਹੋਣ ਦੀ ਸੰਭਾਵਨਾ ਤੋਂ ਕੁਝ ਅਮਰੀਕੀ ਧਾਰਮਿਕ ਗਰੁੱਪ ਨਾਰਾਜ਼ ਹੋ ਗਏ ਹਨ। ਇਸ ਦੌਰਾਨ ਟਰੰਪ ਦੇ ਕੱਟੜ ਸਮਰਥਕ ਗਰੁੱਪਾਂ ਦੇ ਇਨ੍ਹਾਂ ਲੋਕਾਂ ਦਾ ਮੰਨਣਾ ਹੈ ਕਿ ਟਰੰਪ ਦੇ ਇਸ ਫੈਸਲੇ ਨਾਲ ਅਮਰੀਕਾ ਵਿਚ ਬਾਈਬਲ ਦੀ ਕੀਮਤ ਵਧ ਸਕਦੀ ਹੈ। ਅਮਰੀਕਾ ਤੇ ਚੀਨ ਵਿਚਾਲੇ ਵਪਾਰ ਮੋਰਚੇ ਉੱਤੇ ਇਹ ਟਕਰਾਅ ਬੀਤੇ ਸਾਲ ਮਾਰਚ ਵਿਚ ਸ਼ੁਰੂ ਹੋਇਆ ਸੀ ਅਤੇ ਸਭ ਤੋਂ ਪਹਿਲਾਂ ਟਰੰਪ ਨੇ ਚੀਨ ਤੋਂ ਆਉਂਦੇ ਸਟੀਲ ਅਤੇ ਐਲੂਮੀਨੀਅਮ ਨਾਲ ਬਣੀਆਂ ਵਸਤਾਂ ਉੱਤੇ ਭਾਰੀ ਇੰਪੋਰਟ ਟੈਕਸ ਲਾਇਆ ਸੀ। ਹਾਲੇ ਤੱਕ ਟਰੰਪ ਚੀਨ ਤੋਂ ਆਉਂਦੀਆਂ 250 ਅਰਬ ਡਾਲਰ ਦੀਆਂ ਵਸਤਾਂ ਉੱਤੇ 25 ਫੀਸਦੀ ਦਰਾਮਦ ਟੈਕਸ ਲਾ ਚੁੱਕੇ ਹਨ। ਬਦਲੇ ਵਿਚ ਚੀਨ ਨੇ ਵੀ ਇਹੋ ਕਦਮ ਚੁੱਕਿਆ ਹੈ ਅਤੇ ਇਸ ਨਾਲ ਅਮਰੀਕਾ ਅਤੇ ਚੀਨ ਵਿਚਾਲੇ ਵਪਾਰ ਯੁੱਧ ਦੇ ਬੱਦਲ ਛਾ ਰਹੇ ਸਨ ਅਤੇ ਗਲੋਬਲ ਵਪਾਰ ਯੁੱਧ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਟਰੰਪ ਨੇ ਛਪੀਆਂ ਹੋਈਆਂ ਚੀਜ਼ਾਂ ਸਮੇਤ ਚੀਨ ਤੋਂ ਆਉਂਦੀਆਂ 300 ਅਰਬ ਡਾਲਰ ਦੀਆਂ ਵਸਤਾਂ ਉੱਤੇ ਦਰਾਮਦ ਟੈਕਸ ਵਧਾਉਣ ਦੀ ਗੱਲ ਕਹੀ ਹੈ।

ਅਮਰੀਕਾ ਦਾ ਈਸਾਈ ਭਾਈਚਾਰਾ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਨਾਰਾਜ਼ ਹੋ ਗਿਆ ਹੈ, ਕਿਉਂਕਿ ਬਾਈਬਲ ਚੀਨ ਵਿਚ ਛਪ ਕੇ ਅਮਰੀਕਾ ਆਉਂਦੀ ਹੈ। ਸੰਭਾਵਨਾ ਹੈ ਕਿ ਇਸ ਨਾਲ ਧਾਰਮਿਕ ਗਰੁੱਪ, ਚਰਚਾਂ, ਸਕੂਲਾਂ, ਮੰਤਰਾਲਿਆਂ ਤੇ ਕਈ ਚੈਰਿਟੀ ਸੰਸਥਾਵਾਂ ਉੱਤੇ ਬੋਝ ਵਧ ਸਕਦਾ ਹੈ। ਅਮਰੀਕੀ ਪਾਰਲੀਮੈਂਟ ਮੈਂਬਰ ਜੋਸ਼ ਹਾਰਡਰ ਦੇ ਮੁਤਾਬਕ ਉਨ੍ਹਾਂ ਨੇ ਟਰੰਪ ਨੂੰ ਚਿੱਠੀ ਲਿਖ ਕੇ ਚੀਨ ਤੋਂ ਆਈ ਬਾਈਬਲ ਨੂੰ ਇੰਪੋਰਟ ਟੈਕਸ ਦੇ ਘੇਰੇ ਤੋਂ ਬਾਹਰ ਰੱਖਣ ਦੀ ਅਪੀਲ ਕੀਤੀ ਹੈ, ਕਿਉਂਕਿ ਇੰਪੋਰਟ ਟੈਕਸ ਵਧਾਉਣ ਦਾ ਅਸਰ ਬਾਈਬਲ ਦੀ ਕੀਮਤ ਉੱਤੇ ਪੈ ਸਕਦਾ ਹੈ।

## ਪ੍ਰਿੰਸ ਹੈਰੀ ਤੇ ਮੇਗਨ ਦੇ ਘਰ ਦੀ ਮੁਰੰਮਤ ਉੱਤੇ ਟੈਕਸ ਪੇਅਰਸ ਦੇ 30 ਲੱਖ ਡਾਲਰ ਖਰਚ



ਲੰਡਨ, 26 ਜੂਨ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਡਿਊਕ ਅਤੇ ਡਚੇਸ ਆਫ ਸਸੇਕਸ ਵਾਲੇ ਘਰ ਦੀ ਮੁਰੰਮਤ ਲਈ ਟੈਕਸ ਪੇਅਰਸ ਦੇ ਤੀਹ ਲੱਖ ਡਾਲਰ ਖਰਚ ਕੀਤੇ ਗਏ ਹਨ। ਸ਼ਾਹੀ ਪਰਵਾਰ ਨਾਲ ਜੁੜੇ ਖਾਤਿਆਂ ਨੂੰ ਕੱਲ੍ਹ ਜਾਰੀ ਕੀਤੇ ਜਾਣ ਤੋਂ ਬਾਅਦ ਇਹ ਗੱਲ ਸਾਹਮਣੇ ਆਈ।

ਪ੍ਰਿੰਸ ਹੈਰੀ ਅਤੇ ਉਸ ਦੀ ਪਤਨੀ ਮੇਗਨ ਦੀ ਵਿੰਡਸਰ ਕੈਸਲ ਨੇੜਲੀ ਰਿਹਾਇਸ਼ ਫ੍ਰਾਗਮੋਰ ਕਾਟੇਜ ਵਿੱਚ ਵੱਡੇ ਪੈਮਾਨੇ ਉੱਤੇ ਮੁਰੰਮਤ ਦੇ ਕੰਮ ਕੀਤੇ ਗਏ, ਜਿਨ੍ਹਾਂ ਨਾਲ ਸ਼ਾਹੀ ਜੋੜੇ ਅਤੇ ਉਨ੍ਹਾਂ ਦੇ ਬੇਟੇ ਆਰਚੀ ਲਈ ਪੰਜ ਜਾਇਦਾਦਾਂ ਨੂੰ ਮਿਲਾ ਕੇ ਇੱਕ ਘਰ ਬਣਾਇਆ ਗਿਆ। ਵਿਕਟੋਰੀਆ ਯੁੱਗ ਦੇ ਇਸ ਮਕਾਨ ਦੇ ਨਵੀਨੀਕਰਨ ਦੇ ਨਾਲ ਸ਼ਾਹੀ ਜੋੜੇ ਲਈ ਫਰਨੀਚਰ ਅਤੇ ਸਾਜੋ-ਸਜਾਵਟ ਦੇ ਸਾਮਾਨ 'ਤੇ ਖਰਚ ਕੀਤਾ ਗਿਆ। ਇਹ ਅੰਕੜੇ ਸ਼ਾਹੀ ਪਰਵਾਰ ਦੇ ਖਾਤਿਆਂ ਦੀ ਜਨਤਕ ਜਾਣਕਾਰੀ ਵਿੱਚ ਸਾਹਮਣੇ ਆਏ ਹਨ, ਜਿਸ ਤੋਂ ਪਤਾ ਲੱਗਾ ਕਿ ਬ੍ਰਿਟਿਸ਼ ਟੈਕਸ ਪੇਅਰਸ ਨੇ 2018-19 ਦੌਰਾਨ ਇਸ ਸ਼ਾਹੀ ਘਰ ਉੱਤੇ 8 ਕਰੋੜ 52 ਲੱਖ ਡਾਲਰ ਖਰਚ ਕੀਤੇ ਸਨ, ਜੋ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 41 ਫੀਸਦੀ ਵੱਧ ਸੀ। ਪ੍ਰਿਵੀ ਪਰਸ ਦੇ ਰੱਖਿਅਕ ਮਾਈਕਲ ਸਟੀਵਨਸ ਨੇ ਕਿਹਾ ਕਿ ਕੁਝ ਸਾਲਾਂ ਤੋਂ ਇਸ ਜਾਇਦਾਦ 'ਤੇ ਕੋਈ ਕੰਮ ਨਹੀਂ ਹੋਇਆ ਅਤੇ ਸ਼ਾਹੀ ਜਾਇਦਾਦ ਵਾਲੇ ਸਥਾਨਾਂ ਦੀ ਸਥਿਤੀ ਠੀਕ ਰੱਖਣ ਦੀ ਸਾਡੀ ਜ਼ਿੰਮੇਵਾਰੀ ਕਾਰਨ ਉਸ ਦੀ ਮੁਰੰਮਤ ਪਹਿਲਾਂ ਤੈਅ ਸੀ। ਮੁਰੰਮਤ ਦੇ ਇਸ ਕੰਮ 'ਤੇ ਪੂਰੇ ਖਰਚ ਦੇ ਵਾਧੇ ਦੀ ਉਨ੍ਹਾਂ ਵਰਕਰਾਂ ਨੇ ਨਿੰਦਾ ਕੀਤੀ ਹੈ, ਜੋ ਰਾਜਸ਼ਾਹੀ ਦਾ ਖਾਤਮਾ ਕਰਨਾ ਮੰਗਦੇ ਹਨ। ਰਿਪਬਲਿਕ ਕੰਪੇਨ ਗਰੁੱਪ ਦੇ ਗ੍ਰਾਹਮ ਸਮਿਥ ਨੇ 'ਦਿ ਸਨ' ਸਮਾਚਾਰ ਪੱਤਰ ਵਿੱਚ ਕਿਹਾ ਕਿ ਇਸ ਸਾਲ ਦਾ ਵਾਧਾ ਅਜਿਹੇ ਸਮੇਂ ਵਿੱਚ ਹੈਰਾਨ ਕਰ ਦੇਣ ਵਾਲਾ ਹੈ, ਜਦੋਂ ਹਰ ਥਾਂ ਖਰਚ ਵਿੱਚ ਕਟੌਤੀ ਕੀਤੀ ਜਾ ਰਹੀ ਹੈ।

## ਪਾਕਿਸਤਾਨ ਨੂੰ ਕਾਲੀ ਸੂਚੀ ਵਿੱਚ ਪਾਉਣ ਦੇ ਫਿਰ ਸੰਕੇਤ ਮਿਲੇ

ਵਾਸ਼ਿੰਗਟਨ, 26 ਜੂਨ (ਪੋਸਟ ਬਿਊਰੋ)- ਅੱਤਵਾਦ ਦੀ ਫੰਡਿੰਗ 'ਤੇ ਨਜ਼ਰ ਰੱਖ ਰਹੀ ਸੰਸਥਾ ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਦੇ ਪ੍ਰਧਾਨ ਮਾਰਸ਼ਲ ਬਿਲਿੰਗਸਲੇ ਨੇ ਪੈਰਿਸ ਵਿੱਚ ਬੈਠਕ ਪਿੱਛੋਂ ਅੱਤਵਾਦ ਲਈ ਧਨ ਖਰਚਣ ਦੇ ਮੁੱਦੇ 'ਤੇ ਪਾਕਿਸਤਨ ਨੂੰ ਕਾਲੀ ਸੂਚੀ ਵਿੱਚ ਪਾਉਣ ਦੇ ਸੰਕੇਤ ਦਿੱਤੇ ਹਨ।

ਐਫ ਏ ਟੀ ਐਫ ਦੇ ਮੁਖੀ ਮਾਰਸ਼ਲ ਬਿਸਿੰਗਸਲੇ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਪਾਕਿਸਤਾਨ ਨੇ ਜੂਨ 2018 ਵਿੱਚ ਇੱਕ ਕਾਰਜ ਯੋਜਨਾ 'ਤੇ ਸਹਿਮਤੀ ਦਿੱਤੀ ਸੀ, ਪਰ ਇਸ ਉਤੇ ਇਹ ਖਰਾ ਨਹੀਂ ਉਤਰਿਆ। ਇਸ ਬਾਰੇ ਪਾਕਿਸਤਾਨ ਨੂੰ ਫਰਵਰੀ ਵਿੱਚ ਚਿਤਾਵਨੀ ਦਿੱਤੀ ਗਈ ਸੀ। ਉਹ ਕਾਰਜ ਯੋਜਨਾ ਹੇਠ ਜਨਵਰੀ ਤੱਕ ਲਈ ਤੈਅ ਟੀਚੇ ਨੂੰ ਪੂਰਾ ਨਹੀਂ ਸੀ ਕਰ ਸਕਿਆ। ਇਸ ਪਿੱਛੋਂ ਉਸ ਨੇ ਅਪੀਲ ਕੀਤੀ ਸੀ ਕਿ ਉਹ ਅੱਤਵਾਦੀ ਫੰਡਿੰਗ ਬਾਰੇ ਮਈ ਤੱਕ ਲਈ ਨਿਰਧਾਰਤ ਕੀਤੇ ਟੀਚਿਆਂ ਨੂੰ ਹਾਸਲ ਕਰ ਲਏਗਾ, ਪਰ ਉਹ ਆਪਣੇ ਵਾਅਦੇ 'ਤੇ ਫਿਰ ਖਰਾ ਨਹੀਂ ਉਤਰਿਆ। ਮਾਰਸ਼ਲ ਬਿਲਿੰਗਸਲੇ ਨੇ ਕਿਹਾ ਕਿ ਜੇ ਪਾਕਿਸਤਾਨ ਕਾਰਜ ਯੋਜਨਾ ਨੂੰ ਕਰਨ ਵਿੱਚ ਅਸਫਲ ਹੁੰਦਾ ਹੈ ਤਾਂ ਸੰਸਥਾ ਉਸ 'ਤੇ ਅਗਲੀ ਕਾਰਵਾਈ ਉਤੇ ਵਿਚਾਰ ਕਰੇਗੀ। ਉਨ੍ਹਾਂ ਨੇ ਇਸ ਗੱਲ ਦੀ ਵੀ ਜਾਂਚ ਕੀਤੀ ਕਿ ਪਾਕਿਸਤਾਨ ਕਾਰਜ ਯੋਜਨਾ ਨੂੰ ਪੂਰਾ ਕਰਨ ਵਿੱਚ ਕਿੰਨਾ ਪਿੱਛੇ ਹੈ। ਇਸ ਜਾਂਚ ਵਿੱਚ ਪਾਇਆ ਗਿਆ ਕਿ ਉਹ ਇਸ ਉਤੇ ਕੰਮ ਕਰਨ ਵਿੱਚ ਬੇਹੱਦ ਪਿੱਛੇ ਹੈ। ਪਾਕਿਸਤਾਨ ਨੂੰ ਇਸ ਸਾਲ ਸਤੰਬਰ ਤੱਕ ਅੱਤਵਾਦ ਖਿਲਾਫ ਠੋਸ ਕਾਰਵਾਈ ਕਰਨੀ ਹੋਵੇਗੀ। ਇਸ ਤੋਂ ਪਹਿਲਾਂ ਐੱਫ ਏ ਟੀ ਐੱਫ ਨੇ ਕਿਹਾ ਸੀ ਕਿ ਪਾਕਿਸਤਾਨ ਅੱਤਵਾਦੀ ਫੰਡਿੰਗ ਰੋਕਣ ਲਈ ਦਿੱਤੇ ਨਿਰਦੇਸ਼ਾਂ ਦਾ ਪਾਲਣ ਮਿਥੇ ਸਮੇਂ (ਮਈ 2019) ਤੱਕ ਕਰਨ ਤੋਂ ਅਸਫਲ ਰਿਹਾ ਹੈ।

# ਭਾਰਤ ਦੇ ਹੱਥੋਂ ਹਾਰ ਤੋਂ ਬਾਅਦ ਜਾਨ ਦੇਣਾ ਚਾਹੁੰਦੇ ਸਨ ਮਿਕੀ

ਲੰਡਨ, 26 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਮੁੱਖ ਕੋਚ ਮਿਕੀ ਆਰਥਰ ਨੇ ਕਿਹਾ ਕਿ ਭਾਰਤ ਦੇ ਖਿਲਾਫ ਮੈਚ ਦੀ ਹਾਰ ਸਹਿਣ ਤੋਂ ਬਾਅਦ ਉਹ ਇੰਨਾ ਬੁਰਾ ਮਹਿਸੂਸ ਕਰ ਰਹੇ ਸਨ ਕਿ ਉਨ੍ਹਾਂ ਨੇ ਖੁਦਕੁਸ਼ੀ ਕਰਨ ਬਾਰੇ ਸੋਚਿਆ ਸੀ। ਭਾਰਤੀ ਟੀਮ ਨੇ ਇਸ ਵਿਸ਼ਵ ਕੱਪ ਵਿੱਚ 16 ਜੂਨ ਨੂੰ ਓਲਡ ਟਰੈਫਰਡ ਮੈਦਾਨ 'ਤੇ ਹੋਏ ਮੈਚ ਵਿੱਚ ਪਾਕਿਸਤਾਨ ਨੂੰ ਡਕਵਰਥ ਲੁਇਸ ਨਿਯਮ ਨਾਲ 89 ਦੌੜਾਂ ਨਾਲ ਮਾਤ ਦਿੱਤੀ ਸੀ।

ਵਿਸ਼ਵ ਕੱਪ ਇਤਿਹਾਸ ਵਿੱਚ ਭਾਰਤ ਖਿਲਾਫ ਪਾਕਿਸਤਾਨ ਦੀ ਇਹ ਸੱਤਵੀਂ ਹਾਰ ਸੀ। ਦੱਖਣੀ ਅਫਰੀਕਾ ਨੂੰ 49 ਦੌੜਾਂ ਨਾਲ ਮਾਤ ਦੇ ਕੇ ਪਾਕਿਸਤਾਨ ਨੇ ਟੂਰਨਾਮੈਂਟ ਵਿੱਚ ਫਿਰ ਦਮਦਾਰ ਵਾਪਸੀ ਕੀਤੀ ਹੈ। ਆਰਥਰ ਨੇ ਕਿਹਾ ਕਿ ਪਿਛਲੇ ਐਤਵਾਰ ਮੈਂ ਖੁਦਕੁਸ਼ੀ ਕਰਨਾ ਚਾਹੁੰਦਾ ਸੀ, ਪਰ ਉਹ ਸਿਰਫ ਇੱਕੋ ਖਰਾਬ ਪ੍ਰਦਰਸ਼ਨ ਸੀ। ਇਹ ਬਹੁਤ ਛੇਤੀ ਹੋਇਆ ਕਿ ਤੁਸੀਂ ਇੱਕ ਮੈਚ ਹਾਰਦੇ ਹੋ, ਦੂਜਾ ਹਾਰਦੇ ਹੋ, ਇਹ ਵਿਸ਼ਵ ਕੱਪ ਹੈ, ਮੀਡੀਆ ਵਿੱਚ ਸਵਾਲ ਉਠਦੇ ਹਨ, ਲੋਕਾਂ ਦੀਆਂ ਆਸਾਂ ਹੁੰਦੀਆਂ ਹਨ ਤੇ ਤੁਸੀਂ ਸਿਰਫ ਇਨ੍ਹਾਂ ਤੋਂ ਬਚਣਾ ਚਾਹੁੰਦੇ ਹੋ। ਅਸੀਂ ਇਹ ਸਭ ਕੁਝ ਸਹਿਣ ਕੀਤਾ ਹੈ। ਪਾਕਿਸਤਾਨ ਛੇ ਮੈਚਾਂ ਤੋਂ ਬਾਅਦ ਪੰਜ ਅੰਕਾਂ ਨਾਲ ਸੂਚੀ ਵਿੱਚ ਫਿਲਹਾਲ ਸੱਤਵੇਂ ਸਥਾਨ 'ਤੇ ਕਾਬਜ਼ ਹੈ।

ਵਰਨਣ ਯੋਗ ਹੈ ਕਿ 2007 ਵਿੱਚ ਵੈਸਟ ਇੰਡੀਜ਼ ਵਿੱਚ ਹੋਏ ਵਿਸ਼ਵ ਕੱਪ ਦੇ ਗਰੁੱਪ ਗੇੜ ਵਿੱਚ ਪਾਕਿਸਤਾਨ ਦੇ ਬਾਹਰ ਹੋਣ ਤੋਂ ਬਾਅਦ ਕੋਚ ਬਾਬ ਵੂਲਮਰ ਦੀ ਰਹੱਸਮਈ ਹਾਲਾਤ ਵਿੱਚ ਮੌਤ ਹੋ ਗਈ ਸੀ।

# ਗੁਰਪ੍ਰੀਤ ਲਈ ਬਿਹਤਰ ਜ਼ਿੰਦਗੀ ਚਾਹੁੰਦੇ ਸਨ ਮਾਪੇ

ਵਾਸ਼ਿੰਗਟਨ, 26 ਜੂਨ (ਪੋਸਟ ਬਿਊਰੋ)- ਅਮਰੀਕੀ-ਮੈਕਸੀਕੋ ਸਰਹੱਦ 'ਤੇ ਲੂ ਲੱਗਣ ਕਾਰਨ ਮਰ ਗਈ ਛੇ ਸਾਲ ਦੀ ਪੰਜਾਬੀ ਬੱਚੀ ਗੁਰਪ੍ਰੀਤ ਕੌਰ ਦੇ ਮਾਂ-ਬਾਪ ਦਾ ਕਹਿਣਾ ਹੈ ਕਿ ਉਨ੍ਹਾਂ ਅਮਰੀਕਾ ਤੋਂ ਸ਼ਰਨ ਇਸ ਲਈ ਮੰਗੀ ਕਿ ਉਹ ਬੱਚੀ ਲਈ ਬਿਹਤਰ ਜ਼ਿੰਦਗੀ ਚਾਹੁੰਦੇ ਸਨ।

ਵਰਨਣ ਯੋਗ ਹੈ ਕਿ ਛੇ ਸਾਲਾ ਬੱਚੀ ਗੁਰਪ੍ਰੀਤ ਕੌਰ ਦੀ ਦੇਹ ਅਮਰੀਕਾ ਦੇ ਬਾਰਡਰ ਸਕਿਓਰਿਟੀ ਵਾਲਿਆਂ ਨੂੰ ਐਰੀਜ਼ੋਨਾ ਦੇ ਲਿਊਕਵਿਲੇ ਵਿੱਚ ਕਰੀਬ 27 ਕਿਲੋਮੀਟਰ ਦੂਰ ਪੱਛਮੀ ਇਲਾਕੇ ਤੋਂ ਮਿਲੀ ਸੀ। ਗੁਰਪ੍ਰੀਤ ਦੀ ਮਾਂ ਉਸ ਨੂੰ ਹੋਰ ਭਾਰਤੀ ਪਰਵਾਸੀਆਂ ਕੋਲ ਛੱਡ ਕੇ ਪਾਣੀ ਦੀ ਭਾਲ ਵਿੱਚ ਗਈ ਸੀ। ਸੀ ਐਨ ਐਨ ਦੀ ਰਿਪੋਰਟ ਮੁਤਾਬਕ ਬੱਚੀ ਦੇ ਮਾਪਿਆਂ ਦਾ ਕਹਿਣਾ ਹੈ ਕਿ ਉਹ



ਗੁਰਪ੍ਰੀਤ ਲਈ ਸੁਰੱਖਿਅਤ ਅਤੇ ਬਿਹਤਰ ਜੀਵਨ ਚਾਹੁੰਦੇ ਸਨ। ਇਸ ਲਈ ਉਨ੍ਹਾਂ ਅਮਰੀਕਾ ਵਿੱਚ ਸ਼ਰਨ ਮੰਗਣ ਦਾ ਮੁਸ਼ਕਲ ਫੈਸਲਾ ਲਿਆ ਸੀ। ਇਹ ਬਿਆਨ ਅਮਰੀਕੀ ਸਿੱਖ ਕੋਲੀਸ਼ਨ ਰਾਹੀਂ ਜਾਰੀ ਕੀਤਾ ਗਿਆ ਹੈ, ਜਿਸ ਦੇ ਮੁਤਾਬਕ ਧਰਮ, ਨਸਲ, ਰੰਗ ਤੋਂ ਅੱਡ ਸਾਰੇ ਮਾਪੇ ਇਹ ਜ਼ਰੂਰ ਸਮਝ ਜਾਣਗੇ ਕਿ ਕੋਈ ਵੀ ਮਾਂ-ਬਾਪ ਜਦ ਤੱਕ ਹੱਦ ਤੋਂ ਵੱਧ ਮਜਬੂਰ ਨਾ ਹੋਵੇ, ਆਪਣੇ ਬੱਚੇ ਨੂੰ ਕਦੇ ਵੀ ਨੁਕਸਾਨ ਦੇ ਰਾਹ 'ਤੇ ਲੈ ਕੇ ਨਾ ਤੁਰਨ। ਸਿੱਖ ਕੋਲੀਸ਼ਨ ਦੇ ਪ੍ਰੋਗਰਾਮ ਡਾਇਰੈਕਟਰ ਮਾਰਕ ਰੀਡਿੰਗ ਸਮਿੱਥ ਨੇ ਕਿਹਾ ਕਿ ਬੱਚੀ ਦਾ ਪਿਤਾ ਏ ਸਿੰਘ 2013 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। ਉਨ੍ਹਾਂ ਦੀ ਸ਼ਰਨਾਰਥੀ ਅਰਜ਼ੀ ਨਿਊ ਯਾਰਕ ਇਮੀਗਰੇਸ਼ਨ ਅਦਾਲਤ ਵਿੱਚ ਲੱਗੀ ਹੋਈ ਹੈ। ਬੱਚੀ ਦੀ ਮਾਂ ਨੇ ਇਸੇ ਮਹੀਨੇ ਗੁਰਪ੍ਰੀਤ ਨੂੰ ਨਾਲ ਲੈ ਕੇ ਸਰਹੱਦ ਪਾਰ ਕੀਤੀ ਸੀ। ਇੱਕ ਮਹੀਨੇ ਬਾਅਦ ਬੱਚੀ ਦਾ ਸੱਤਵਾਂ ਜਨਮ ਦਿਨ ਸੀ। ਸੋਮਵਾਰ ਜਾਰੀ ਕੀਤੇ ਬਿਆਨ ਵਿੱਚ ਗੁਰਪ੍ਰੀਤ ਦੇ ਮਾਪਿਆਂ ਨੇ ਕੁਝ ਸਮਾਂ ਉਨ੍ਹਾਂ ਨੂੰ ਇਕੱਲੇ ਛੱਡ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਸਾਰੀ ਜ਼ਿੰਦਗੀ ਇਸ ਬੱਚੀ ਦੀ ਮੌਤ ਦਾ ਬੋਝ ਆਪਣੇ ਮੋਢਿਆਂ 'ਤੇ ਢੋਣਗੇ ਅਤੇ ਉਨ੍ਹਾਂ ਇਹ ਆਸ ਜਤਾਈ ਹੈ ਕਿ ਨਸਲੀ ਵਖਰੇਵੇਂ ਦੇ ਆਦਰਸ਼ਾਂ ਉਤੇ ਪਹਿਰਾ ਦੇਣ ਵਾਲਾ ਅਮਰੀਕਾ ਪਰਵਾਸੀਆਂ ਲਈ ਹਮਦਰਦੀ ਦਿਖਾਉਂਦਾ ਰਹੇਗਾ।

Honesty, Reliability, Commitment
Hira Randhawa
Broker
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$634,900 Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.
$729,900 Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!
$739,913 Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.
$775,000 Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For: RESP, SUPER -VISA,& TRAVEL Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

BEST TRUCK REPAIR & TIRE CENTRE
MICHELIN, Hankook, Continental, ROADLUX, BFGoodrich, AEOLUS, COMPASAL, Chevron Delo
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਵਾਤਾਵਰਣ-ਪ੍ਰੇਮੀ ਬਲਬੀਰ ਸਿੰਘ ਸੀਚੇਵਾਲ ਦੇ ਸਨਮਾਨ 'ਚ ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਨੇ ਸਮਾਗਮ ਕਰਵਾਇਆ



ਬਰੈਂਪਟਨ, (ਡਾ. ਝੰਡ): ਬੀਤੇ ਸੋਮਵਾਰ 24 ਜੂਨ ਨੂੰ ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਵੱਲੋਂ ਵਾਤਾਵਰਣ-ਪ੍ਰੇਮੀ ਬਾਬਾ ਬਲਬੀਰ ਸਿੰਘ ਸੀਚੇਵਾਰ ਦੇ ਸਨਮਾਨ ਵਿਚ ਸਲੱਡ ਡੌਗ ਪਾਰਕ ਵਿਚ ਸ਼ਾਨਦਾਰ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਬਹੁਤ ਹੀ ਥੋੜ੍ਹੇ ਜਿਹੇ ਸਮੇਂ ਵਿਚ ਸੂਚਨਾ ਮਿਲਣ ਦੇ ਬਾਵਜੂਦ ਕਲੱਬ ਦੇ ਕਾਫ਼ੀ ਮੈਂਬਰ ਪਾਰਕ ਵਿਚ ਨਿਰਧਾਰਤ ਜਗ੍ਹਾ 'ਤੇ ਸਮੇਂ-ਸਿਰ ਪਹੁੰਚ ਗਏ। ਸੰਗਤਾਂ ਨੂੰ ਬਾਬਾ ਸੀਚੇਵਾਲ ਦੇ ਸ਼ੁਭ-ਵਿਚਾਰ ਸੁਣਨ ਦਾ ਇਹ ਮੌਕਾ ਬੀਬੀ ਸੁਰਿੰਦਰ ਕੌਰ ਪੂਨੀ ਦੇ ਪਰਿਵਾਰ ਦੇ ਉੱਦਮ ਸਦਕਾ ਪ੍ਰਾਪਤ ਹੋਇਆ।

ਪ੍ਰੋਗਰਾਮ ਦੀ ਸ਼ੁਰੂਆਤ ਗੁਰਦੇਵ ਸਿੰਘ ਹੰਸਰਾ ਵੱਲੋਂ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਆਰੰਭੇ ਗਏ ਲੋਕ-ਕਲਿਆਣ ਦੇ ਕੰਮਾਂ ਦੇ ਵੇਰਵੇ ਹਾਜ਼ਰੀਨ ਨਾਲ ਸਾਂਝੇ ਕਰਨ ਨਾਲ ਹੋਈ। ਉਨ੍ਹਾਂ ਵੱਲੋਂ ਬਾਬਾ ਸੀਚੇਵਾਲ ਵੱਲੋਂ ਲੋਕਾਂ ਨੂੰ ਵਾਤਾਵਰਣ ਨੂੰ ਪ੍ਰਦੂਸ਼ਤ ਕਰਨ ਤੋਂ ਰੋਕਣ ਅਤੇ ਪਾਣੀ ਦੀ ਸਾਂਭ-ਸੰਭਾਲ ਲਈ ਚਲਾਏ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਗਈ। ਉਪਰੰਤ, ਕਲੱਬ ਦੇ ਸਾਬਕਾ ਪ੍ਰਧਾਨ ਕਰਤਾਰ ਸਿੰਘ ਚਾਹਲ ਨੇ ਮੰਚ-ਸੰਚਾਲਨ ਕਰਦਿਆਂ ਹੋਇਆਂ ਇਸ ਪ੍ਰਥਾਇ ਆਪਣੇ ਵਿਚਾਰ ਸਾਂਝੇ ਕੀਤੇ।

ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਉਨ੍ਹਾਂ ਵੱਲੋਂ ਚਲਾਏ ਜਾ ਰਹੇ ਪ੍ਰਾਜੈਕਟਾਂ ਬਾਰੇ ਦੱਸਿਆ ਜਿਨ੍ਹਾਂ ਵਿਚ ਵਾਤਾਵਰਣ ਨੂੰ ਸ਼ੁਧ ਰੱਖਣਾ, ਵੱਧ ਤੋਂ ਵੱਧ ਰੁੱਖ ਲਗਾਉਣੇ ਅਤੇ ਨਦੀਆਂ-ਨਾਲਿਆਂ ਦੀ ਸਫ਼ਾਈ ਵਿਸ਼ੇਸ਼ ਤੌਰ 'ਤੇ ਸ਼ਾਮਲ ਹਨ। ਇਸ ਦੌਰਾਨ ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਦੇ ਮੈਂਬਰਾਂ ਵੱਲੋਂ 1600 ਡਾਲਰ ਦੀ ਰਕਮ ਇਕੱਤਰ ਕਰਕੇ ਬਾਬਾ ਸੀਚੇਵਾਲ ਨੂੰ ਭੇਂਟ ਕੀਤੀ ਗਈ ਜਿਸ ਵਿਚ ਵਧੇਰੇ ਯੋਗਦਾਨ ਕਲੱਬ ਦੀਆਂ ਬੀਬੀਆਂ ਵੱਲੋਂ ਪਾਇਆ ਗਿਆ। ਕਲੱਬ ਵੱਲੋਂ ਸੰਤਾਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਖ਼ਾਸੀਅਤ ਬੱਚਿਆਂ ਵੱਲੋਂ ਬਾਬਾ ਸੀਚੇਵਾਲ ਕੋਲੋਂ ਆਸ਼ੀਰਵਾਦ ਪ੍ਰਾਪਤ ਕਰਨਾ ਸੀ। ਅਖ਼ੀਰ ਵਿਚ ਪ੍ਰਧਾਨ ਰਣਜੀਤ ਸਿੰਘ ਤੱਗੜ ਵੱਲੋਂ ਬਾਬਾ ਸੀਚੇਵਾਲ ਦਾ ਉੱਥੇ ਪਹੁੰਚਣ ਲਈ ਧੰਨਵਾਦ ਕੀਤਾ ਗਿਆ।

# ਬਰੈਂਪਟਨ ਵੁਮੈਨ ਸੀਨੀਅਰ ਕਲੱਬ ਨੇ ਬਲੈਕ ਕਰੀਕ ਪਾਇਨੀਅਰ ਵਿਲੇਜ ਦਾ ਟੂਰ ਲਾਇਆ



ਬਰੈਂਪਟਨ-16 ਜੂਨ ਦਿਨ ਐਤਵਾਰ ਨੂੰ ਬਰੈਂਪਟਨ ਵੁਮੈਨ ਸੀਨੀਅਰ ਕਲੱਬ ਵੱਲੋਂ ਬਲੈਕ ਕਰੀਕ ਪਾਇਨੀਅਰ ਵਿਲੇਜ ਦਾ ਇੱਕ ਅਨੋਖਾ ਅਤੇ ਦਿਲਚਸਪ ਟੂਰ ਲਾਇਆ ਗਿਆ। ਜਿਸ 'ਚ ਮੈਂਬਰ ਬੀਬੀਆਂ ਨੇ ਇੱਕ ਨਵੀਂ ਤਰ੍ਹਾਂ ਦੇ ਅਨੁਭਵ ਪ੍ਰਾਪਤ ਕਰਨ ਦੀਆਂ ਖੁਸ਼ੀਆਂ ਹਾਸਲ ਕੀਤੀਆਂ। ਇਸ ਜਹਾਹ ਇੱਕ ਐਸੇ ਪਿੰਡ ਦਾ ਨਜ਼ਾਰਾ ਪੇਸ਼ ਕੀਤਾ ਗਿਆ ਹੈ ਜਿੱਥੇ ਪੁਰਾਣੇ ਸਮੇਂ ਦੇ ਸੰਦ ਅਤੇ ਸਾਧਨਾਂ ਦਾ ਬਹੁਤ ਹੀ ਦਿਲਚਸਪ ਪ੍ਰਦਰਸ਼ਨ ਕੀਤਾ ਗਿਆ ਹੈ ਜੋ ਆਪਣੇ ਆਪ ਵਿੱਚ ਇੱਕ ਵਿਲੱਖਣ ਅਨੁਭਵ ਹੁੰਦਾ ਹੈ। ਇੱਥੇ ਇਹ ਇੱਕ ਵਿਸ਼ੇਸ਼ ਦਿਹਾੜਾ ਹੋਣ ਸਦਕਾ ਬਹੁਤ ਲੋਕਾਂ ਦੇ ਇਕੱਠ ਦਾ ਕੇਂਦਰ ਹੁੰਦਾ ਹੈ। ਇੱਕ ਵੇਖਣਯੋਗ ਪਰੇਡ ਦਾ ਅਨੰਦ ਮਾਨਣ ਉਪਰੰਤ ਸਭ ਮੈਂਬਰ ਬੀਬੀਆਂ ਨੇ ਲੰਚ ਦਾ ਸਵਾਦ ਮਾਣਿਆ। ਨਾਲ ਹੀ 10 ਲੱਕੀ ਡਰਾਅ ਕੱਢੇ ਗਏ ਜਿਸ ਵਿੱਚ ਡਰਾਅ ਨਿਕਲਣ ਵਾਲੀ ਬੀਬੀ ਦੁਆਰਾ ਬੋਲੀ ਅਥਵਾ ਗੀਤ ਸੁਣਾ ਕੇ ਸਭ ਦਾ ਮਨੋਰੰਜਨ ਕੀਤਾ ਗਿਆ। ਇਸ ਤੋਂ ਬਾਅਦ ਇੱਕ ਹੋਰ ਅਦਭੁਤ ਆਈਟਮ 'ਫੌਜੀਆਂ ਦੀ ਲਾਈਵ ਬੈਟਲ' ਦਿਖਾਈ ਗਈ ਜਿਸ ਵਿੱਚ ਕੁਝ ਫੌਜੀਆਂ ਦਾ ਮਰਨਾ ਅਤੇ ਜਖ਼ਮੀ ਹੋਣਾ ਦਿਖਾਇਆ ਗਿਆ। ਇੱਕ ਸਰਜਨ ਦੁਆਰਾ ਸਰਜਰੀ ਦਾ ਦ੍ਰਿਸ਼ ਵੀ ਬੇਮਿਸਾਲ ਰਿਹਾ। ਇਸ ਉਪਰੰਤ ਚਾਹ ਪਾਣੀ ਦਾ ਦੌਰ ਚੱਲਿਆ। ਸ਼ੌਪਿੰਗ ਵੀ ਕੀਤੀ ਗਈ। ਵਾਪਸੀ ਸਫਰ ਦੌਰਾਨ ਗਿੱਧਾ ਅਤੇ ਬੋਲੀਆਂ ਗੀਤਾਂ ਆਦਿ ਨਾਲ ਰੌਣਕਾਂ ਲਾਈਆਂ ਗਈਆਂ। ਇਸ ਸਫਲ ਟੂਰ ਦਾ ਸਾਰਾ ਪ੍ਰਬੰਧ ਪ੍ਰਧਾਨ ਸ਼੍ਰੀਮਤੀ ਕੁਲਦੀਪ ਗਰੇਵਾਲ ਨੇ ਵਾਈਸ ਪ੍ਰਧਾਨ ਬੀਬੀ ਸ਼ਿੰਦਰ ਬਰਾੜ ਅਤੇ ਸੈਕਟਰੀ ਕੁਲਵੰਤ ਗਰੇਵਾਲ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਜਿਸ ਲਈ ਸਭ ਮੈਂਬਰ ਬੀਬੀਆਂ ਦੁਆਰਾ ਸ਼ਲਾਘਾ ਕੀਤੀ ਗਈ। ਇਸੇ ਲੜੀ ਵਿੱਚ ਅਗਲਾ ਮਨੋਰੰਜਕ ਟੂਰ 6 ਜੁਲਾਈ ਨੂੰ ਹੈਮਿਲਟਨ ਦਾ ਰੱਖਿਆ ਗਿਆ ਹੈ ਅਤੇ 14 ਜੁਲਾਈ ਨੂੰ ਸੈਂਟਰ ਆਈਲੈਂਡ ਦਾ ਹੋਵੇਗਾ ਜਿਸ 'ਚ ਹਰੇਰਾਮਾ ਹਰੇ ਕ੍ਰਿਸ਼ਨਾ ਮਿਸ਼ਨ ਦੇ ਮੇਲੇ ਦਾ ਅਨੰਦ ਵੀ ਲਿਆ ਜਾ ਸਕੇਗਾ। ਕਲੱਬ ਦੀਆਂ ਸਭ ਮੈਂਬਰ ਬੀਬੀਆਂ ਨੂੰ ਇਨ੍ਹਾਂ ਟੂਰਾਂ ਲਈ ਜੀਆਇਆਂ ਕਿਹਾ ਜਾਂਦਾ ਹੈ।

# ਪੈਰਿਟੀ ਸੀਨੀਅਰ ਕਲੱਬ ਵੱਲੋਂ ਕੈਨੇਡਾ ਦਿਵਸ ਦੇ ਜਸ਼ਨ ਜੈਨਿੰਗ ਪਾਰਕ 'ਚ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਪੈਰਿਟੀ ਰੋਡ ਦੇ ਆਸ ਪਾਸ ਰਹਿੰਦੇ ਬਜ਼ੁਰਗਾਂ ਦੀ ਪੈਰਿਟੀ ਸੀਨੀਅਰ ਕਲੱਬ ਵਤਲੋਂ ਇੱਕ ਜੁਲਾਈ ਨੂੰ ਆ ਰਿਹਾ ਕਨੇਡਾ ਦਿਵਸ, ਜਿਸ ਨੂੰ ਕੈਨੇਡਾ ਦਾ ਜਨਮ ਦਿਨ ਵੀ ਮੰਨਿਆਂ ਜਾਂਦਾ ਹੈ, ਪੈਰਿਟੀ ਰੋਡ 'ਤੇ ਸਥਿਤ, ਮੈਕ ਕਿਊਰੀ ਪਬਲਿਕ ਸਕੂਲ ਦੇ ਸਾਹਮਣੇ, ਜੈਨਿੰਗ ਪਾਰਕ ਨੰਬਰ 49 ਵਿਚ ਮਨਾਇਆ ਜਾਵੇਗਾ। ਇਹ ਪ੍ਰੋਗਰਾਮ 1 ਜੁਲਾਈ, ਸੋਮਵਾਰ ਨੂੰ ਸ਼ਾਮ 5 ਵਜੇ ਤੋਂ 8 ਵਜੇ ਤੱਕ ਚਲੇਗਾ। ਇਸ ਮੌਕੇ ਸਭ ਤੋਂ ਵਡੇਰੀ ਉਮਰ ਦੇ ਪੰਜਾਬੀ ਬਰੈਂਪਟਨ ਨਿਵਾਸੀ ਸੂਬੇਦਾਰ ਗੁਰਦਿਆਲ ਸਿੰਘ ਗਰੇਵਾਲ ਅਤੇ ਉਸ ਸਮੇਂ ਮੌਜੂਦ ਸਭ ਤੋਂ ਵੱਡੀ ਉਮਰ ਦੀ ਔਰਤ ਨੂੰ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਵਲੋਂ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਪ੍ਰਬੰਧਕਾਂ ਵਲੋਂ ਖਾਣ ਪੀਣ ਦਾ ਵੀ ਚੰਗਾ ਪ੍ਰਬੰਧ ਕੀਤਾ ਜਾਵੇਗਾ। ਸਭ ਨੂੰ ਇਸ ਪ੍ਰੋਗਰਾਮ ਵਿਚ ਆਉਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

ਕਨੇਡਾ 1867 ਵਿਚ ਇੰਗਲੈਂਡ ਦੀ ਇੱਕ ਬਸਤੀ ਹੁੰਦਾ ਸੀ, ਜਦ ਉਥੋਂ ਦੀ ਪਾਰਲੀਮੈਂਟ ਨੇ ਕਾਨੂੰਨ ਬਣਾ ਕੇ, ਜੋ 1 ਜੁਲਾਈ 1867 ਨੂੰ ਲਾਗੂ ਕੀਤਾ ਗਿਆ, ਇਸ ਦੇ ਵੱਖ ਵੱਖ ਹਿੱਸਿਆਂ, ਕਨੇਡਾ ਪ੍ਰੋਵਿੰਸ (ਓਨਟਾਰੀਓ ਅਤੇ ਕਿਊਬਿਕ), ਨੋਵਾ ਸਕੋਸ਼ੀਆ ਅਤੇ ਨਿਊ ਬਰੁੰਸਵਿਕ ਨੂੰ ਇਕੱਠਾ ਕਰਕੇ ਇੱਕ ਦੇਸ਼ ਬਣਾਇਆ, ਜਿਸ ਵਿਚ ਬਾਅਦ ਵਿਚ ਹੋਰ ਸੂਬੇ ਰਲਦੇ ਗਏ ਅਤੇ ਅਜੋਕਾ ਕਨੇਡਾ ਹੋਂਦ ਵਿਚ ਆਇਆ। ਕੁਝ ਸਾਲਾਂ ਮਗਰੋਂ ਇਸ ਦਿਨ ਨੂੰ ਕਨੇਡਾ ਡੇ ਦੇ ਤੌਰ ਤੇ ਮਨਾਇਆ ਜਾਣ ਲੱਗਾ। ਅੱਜ ਕਲ੍ਹ ਕਨੇਡਾ ਭਰ ਵਿਚ ਇਸ ਨੂੰ ਬੜੇ ਧੂੰਮ ਧਾਮ ਨਾਲ ਮਨਾਇਆ ਜਾਂਦਾ ਹੈ। ਹਰ ਸਾਲ ਓਨਟਾਰੀਓ ਦੀ ਵਿਧਾਨ ਸਭਾ (ਪ੍ਰੋਵਿੰਸੀਅਲ ਪਾਰਲੀਮੈਂਟ), ਕਿਊਨ ਪਾਰਕ ਵਿਖੇ ਵਡਾ ਪ੍ਰੋਗਰਾਮ ਕੀਤਾ ਜਾਂਦਾ ਹੈ, ਪਰ ਇਸ ਸਾਲ ਫੋਰਡ ਸਰਕਾਰ ਨੇ ਇਸ ਦੇ ਵੱਡੇ ਖਰਚ ਨੂੰ ਵੇਖਦਿਆਂ ਜੋ ਤਿੰਨ ਚਾਰ ਲੱਖ ਹੋ ਜਾਂਦਾ ਸੀ, ਇਸ ਨੂੰ ਰੱਦ ਕਰ ਦਿੱਤਾ ਹੈ ਅਤੇ ਉਸ ਦੀ ਥਾਂ ਪਹਿਲੇ 500 ਵਿਅੱਕਤੀਆਂ ਨੂੰ ਟੋਰੋਂਟੋ ਦੇ ਨੁਮਾਇਸ਼ ਘਰਾਂ ਵਿਚ ਮੁੱਫਤ ਦਾਖਲਾ ਦੇ ਕੇ ਇਸ ਨੂੰ ਮਨਾਉਣ ਦਾ ਐਲਾਨ ਕੀਤਾ ਹੈ। ਇਸ ਮੁਤਾਬਿਕ ਇਨ੍ਹਾਂ ਟਿਕਟਾਂ ਨੂੰ ਮੁਆਫ ਕਰਨ ਤੇ ਸਰਕਾਰ 80 ਹਜ਼ਾਰ ਡਾਲਰ ਖਰਚੇਗੀ। ਬਰੈਂਪਟਨ ਸ਼ਹਿਰ ਵਲੋਂ ਕਨੇਡਾ ਡੇ ਚਿੰਕੂਜ਼ੀ ਪਾਰਕ ਵਿਚ ਮਨਾਇਆ ਜਾਣਾ ਹੈ। ਪੈਰਿਟੀ ਸੀਨੀਅਰ ਕਲੱਬ ਦਾ ਪ੍ਰੋਗਾਮ ਵੀ ਇਸੇ ਲੜੀ ਦਾ ਹਿਸਾ ਹੈ।

ਇਸ ਮੌਕੇ ਸਨਮਾਨਿਤ ਕੀਤੇ ਜਾਣ ਵਾਲੇ ਸੂਬੇਦਾਰ ਗੁਰਦਿਆਲ ਸਿੰਘ ਗਰੇਵਾਲ ਦੀ ਉਮਰ ਇਸ ਵੇਲੇ 105 ਸਾਲ ਦੀ ਹੈ। ਉਹ 1940 ਵਿਚ ਦੂਜੀ ਵੱਡੀ ਜੰਗ ਵੇਲੇ ਹੋ ਰਹੀਆਂ ਭਰਤੀਆਂ ਦੌਰਾਨ ਫੌਜ ਵਿਚ ਗਏ ਅਤੇ ਬਰਮਾਂ ਦੇ ਮੋਰਚੇ ਤੇ ਹੋ ਰਹੀ ਲੜਾਈ ਵਿਚ ਹਿੱਸਾ ਲਿਆ। ਇਸ ਤੋਂ ਬਾਅਦ ਉਨ੍ਹਾਂ 1947-48 ਦੀ ਕਸ਼ਮੀਰ ਜੰਗ, 1965 ਦੀ ਭਾਰਤ- ਪਾਕਿਸਤਾਨ ਜੰਗ ਵਿਚ ਹਿੱਸਾ ਲਿਆ। ਦੋ ਸਾਲਾਂ ਲਈ ਉਹ ਸੰਯੁਕਤ ਰਾਸ਼ਟਰ ਦੀ ਫੌਜ ਦੇ ਜਵਾਨ ਵਜੋਂ ਕੌਂਗੋ ਵਿਚ 1961-62 ਵਿਚ ਰਹੇ। ਫੌਜ ਵਿਚ 28 ਸਾਲਾਂ ਦੀ ਸੇਵਾ ਕਰਨ ਉਪਰੰਤ ਉਹ 1968 ਵਿਚ ਰਟਾਇਰ ਹੋ ਗਏ। ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਕਲੱਬ ਦੇ ਪ੍ਰਧਾਨ ਇਕਬਾਲ ਸਿੰਘ (647 631 9445) ਜਾਂ ਕਾਰਜਕਰਨੀ ਮੈਂਬਰਾਂ, ਜਸਵੰਤ ਸਿੰਘ (647 853 0034), ਗਿਆਨ ਸਿੰਘ (416 712 4474) ਜਾਂ ਸੁਰਜੀਤ ਸਿੰਘ (416 565 9242) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਬੇਰੋਜ਼ਗਾਰ ਨੌਜਵਾਨ ਕਿੱਤਾਮੁਖੀ ਸਿਖਲਾਈ ਨੂੰ ਤਰਜੀਹ ਦੇਣ : ਡੀ.ਸੀ

ਮੋਗਾ, 26 ਜੂਨ (ਗਿਆਨ ਸਿੰਘ): ਬੇਰੋਜ਼ਗਾਰ ਨੌਜਵਾਨ ਸਰਕਾਰੀ ਨੌਕਰੀਆਂ ਅਤੇ ਵਿਦੇਸ਼ਾਂ ਵੱਲੋ ਦੌੜਨ ਦੀ ਬਜਾਏ ਕਿੱਤਾਮੁਖੀ ਸਿਖਲਾਈ ਪ੍ਰਾਪਤ ਕਰਕੇ ਆਪਣਾ ਕਾਰੋਬਾਰ ਸ਼ੁਰੂ ਕਰਨ ਨੂੰ ਤਰਜੀਹ ਦੇਣ।

ਇਹ ਪ੍ਰੇਰਨਾ ਡਿਪਟੀ ਕਮਿਸ਼ਨਰ ਸੰਦੀਪ ਹੰਸ ਆਈ.ਏ.ਐਸ. ਨੇ ਦਿਹਾਤੀ ਸਵੈ ਰੋਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਮੋਗਾ ਵਿਖੇ ਸੰਸਥਾ ਦੇ ਅਧਿਕਾਰੀਆਂ ਨੂੰ ਤਿਮਾਹੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਆਰਸੇਟੀ ਵਿੱਚ ਆਉਣ ਵਾਲੇ ਸਿਖਿਆਰਥੀਆਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸਵੈ ਰੋਜ਼ਗਾਰ ਅਪਣਾ ਕੇ ਆਪਣੇ ਪੈਰਾਂ ਤੇ ਖੜ੍ਹਾ ਹੋਣ ਲਈ ਪ੍ਰੇਰਿਤ ਕਰਨ ਲਈ ਕਿਹਾ ਤਾਂ ਕਿ ਉਹ ਆਪਣੇ ਅਪਨਾਉਣ ਵਾਲੇ ਕੰਮ ਧੰਦੇ ਬਾਰੇ ਭਵਿੱਖ ਦੀ ਯੋਜਨਾ ਤਿਆਰ ਕਰਕੇ ਦ੍ਰਿੜ ਇਰਾਦੇ ਨਾਲ ਉਸ ਟੀਚੇ ਦੀ ਪ੍ਰਾਪਤੀ ਲਈ ਯਤਨ ਕਰਨ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਭਵਿੱਖ ਵਿੱਚ ਆਉਣ ਵਾਲੀਆਂ ਨਵੀਆਂ ਤਕਨੀਕਾਂ ਤੇ ਆਧਾਰਿਤ ਕੋਰਸਾਂ ਦੀ ਸ਼ੁਰੂਆਤ ਕੀਤੀ ਜਾਵੇ ਤਾਂ ਜੋ ਨੌਜਵਾਨਾਂ ਨੂੰ ਨਵੀਆਂ ਤਕਨੀਕਾਂ ਬਾਰੇ ਸਿਖਲਾਈ ਮਿਲ ਸਕੇ।

ਉਨ੍ਹਾਂ ਵੱਖ-ਵੱਖ ਬੈਂਕਾਂ ਤੋ ਆਏ ਨੁਮਾਇੰਦਿਆਂ ਨੂੰ ਹਦਾਇਤ ਕੀਤੀ ਕਿ ਉਹ ਬੇਰੋਜ਼ਗਾਰ ਨੌਜਵਾਨਾਂ ਨੂੰ ਵੱਧ ਤੋ ਵੱਧ ਕਰਜ਼ੇ ਮੁਹੱਈਆ ਕਰਵਾਉਣ ਤਾਂ ਜੋ ਬੇਰੋਜ਼ਗਾਰ ਨੌਜਵਾਨ ਸਵੈ ਰੋਜ਼ਗਾਰ ਦਾ ਧੰਦਾ ਅਪਣਾ ਕੇ ਆਪਣੀ ਰੋਜ਼ੀ ਰੋਟੀ ਕਮਾਉਣ ਦੇ ਯੋਗ ਹੋ ਸਕਣ। ਉਨ੍ਹਾਂ ਬੈਕ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਉਹ ਬੇਰੋਜ਼ਗਾਰ ਨੌਜਵਾਨਾਂ ਨੂੰ ਵੱਧ ਤੋ ਵੱਧ ਰਾਸੀ ਤੱਕ ਦੇ ਕਰਜ਼ੇ ਦੇਣ ਤਾਂ ਜੋ ਨੌਜਵਾਨ ਕਰਜ਼ੇ ਦੀ ਰਾਸ਼ੀ ਦੀ ਯੋਗ ਵਰਤੋਂ ਕਰਕੇ ਲਾਭ ਉਠਾ ਸਕਣ।


ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)





Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

ਸਿੱਖ ਸੈਣੀ ਸਿਟੀਜਨ, ਉਮਰ 27 ਸਾਲ, ਕੱਦ 5 ਫੁੱਟ 6 ਇੰਚ, BSc Graduate, ਵਧੀਆ IT ਜੋਬ ਕਰਦੇ ਲੜਕੇ ਲਈ ਕੈਨੇਡੀਅਨ ਸਿਟੀਜਨ \ ਪੀ ਆਰ ਲੜਕੀ ਦੀ ਲੋੜ ਹੈ। ਕੈਨੇਡੀਅਨ ਸਿਟੀਜਨ ਨੂੰ ਪਹਿਲ। ਸੰਪਰਕ ਕਰੋ : 416-662-0730 ਜਾਂ ਫੇਰ ਈ-ਮੇਲ ਕਰੋ:sainig5@yahoo.ca

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਨੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੈਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

**Match needed for well settled 5'4", 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੌਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਕਹਾਣੀ

# ਆਪਣਿਆਂ ਖਾਤਰ

-ਰੁਪਿੰਦਰ ਸਿੰਘ ਚੁਗਾਵਾਂ-

ਮੀਤ ਕਣਕ ਬੀਜ ਰਿਹਾ ਸੀ। ਉਸ ਦਾ ਸੀਰੀ ਕੌਰਾ ਮਸ਼ੀਨ ਦੇ ਮਗਰ ਸੋਟੀ ਨਾਲ ਪੋਰਾਂ ਨੂੰ ਠੋਕਰਦਾ ਤੁਰਿਆ ਆ ਰਿਹਾ ਸੀ ਤਾਂ ਕਿ ਪੋਰਾਂ ਵਿੱਚ ਮਿੱਟੀ ਫਸ ਕੇ ਬੀਜ ਦਾ ਕੇਰਾ ਬੰਦ ਨਾ ਹੋ ਜਾਵੇ। ਕੌਰੇ ਦੇ ਰੰਗ ਵਾਂਗ ਉਸ ਦੀ ਵਫਾਦਾਰੀ ਅਤੇ ਯਾਰੀ ਵੀ ਮੀਤ ਨਾਲ ਪੱਕੀ ਸੀ। ਕੱਤੇ ਦਾ ਮਹੀਨਾ ਸੀ। ਮੌਸਮ ਬਦਲ ਰਿਹਾ ਸੀ। ਖੇਤਾਂ ਤੋਂ ਆਉਂਦੀ ਕੱਚੇ ਚੌਲਾਂ ਦੀ ਮਿੱਠੀ ਜਿਹੀ ਮਹਿਕ ਦੀ ਜਗ੍ਹਾ ਪਰਾਲੀ ਦੇ ਧੂੰਏਂ ਨੇ ਲੈ ਲਈ ਸੀ। ਵਾਤਾਵਰਨ ਵਿੱਚ ਫੈਲੇ ਧੂੰਏਂ ਕਾਰਨ ਲਿੱਸੀ ਜਿਹੀ ਧੁੱਪ ਨਿਕਲੀ ਹੋਈ ਸੀ। ਸੂਰਜ ਹਲਕੇ ਸੰਧੂਰੀ ਰੰਗ ਦਾ ਗੋਲਾ ਬਣਿਆ ਤੇਜ਼ੀ ਨਾਲ ਪੱਛਮ ਵੱਲ ਨੂੰ ਸਰਕਦਾ ਜਾਂਦਾ ਸੀ। ਜਿਵੇਂ ਕਿਸੇ ਹੋਰ ਧਰਤੀ ਨੂੰ ਰੁਸ਼ਨਾਉਣ ਲਈ ਕਾਹਲਾ ਪਿਆ ਹੋਵੇ।

ਮੀਤ ਹੋਰੀਂ ਦੋ ਭਰਾ ਸਨ। ਮੀਤ ਤੋਂ ਚਾਰ ਸਾਲ ਛੋਟਾ ਬਿੰਦਰ ਸ਼ਹਿਰ ਵਿੱਚ ਪੜ੍ਹਦਾ ਸੀ। ਮੀਤ ਕੋਲ ਗੁਜ਼ਾਰੇ ਜੋਗੀ ਜ਼ਮੀਨ ਸੀ ਅਤੇ ਕੁਝ ਉਹ ਠੇਕੇ 'ਤੇ ਲੈ ਲੈਂਦਾ ਸੀ। ਜਦੋਂ ਕੰਮ ਦੀ ਰੁੱਤ ਹੁੰਦੀ ਤਾਂ ਬਿੰਦਰ ਵੀ ਘਰ ਆ ਜਾਂਦਾ ਅਤੇ ਤਿੰਨੇ ਪਿਉ ਪੁੱਤ ਤੇ ਚੌਥਾ ਕੌਰਾ ਹਿੰਮਤ ਨਾਲ ਸਮੇਂ ਸਿਰ ਕੰਮ ਨਿਬੇੜ ਲੈਂਦੇ। ਇਸ ਲਈ ਫਸਲ ਵੀ ਚੰਗੀ ਹੋ ਜਾਂਦੀ ਸੀ। ਕਣਕ ਬੀਜਦੇ ਮੀਤ ਨੇ ਪਹੀ ਉਤੇ ਬਿੰਦਰ ਨੂੰ ਤਿੰਨ ਵਜੇ ਵਾਲੀ ਚਾਹ ਲਈ ਆਉਂਦੇ ਨੂੰ ਵੇਖਿਆ। ਧੂੰਏਂ ਨਾਲ ਕੌੜੀਆਂ ਹੋਈਆਂ ਅੱਖਾਂ ਵਿੱਚ ਇਕ ਕੂਲੀ ਜਿਹੀ ਲੋਅ ਤੈਰ ਗਈ। ਬਿੰਦਰ ਨੂੰ ਵੇਖ ਕੇ ਮੀਤ ਅੰਦਰ ਖੁਸ਼ੀ ਅਤੇ ਜੋਸ਼ ਵਰਗਾ ਭਾਵ ਉਮੜ ਪੈਂਦਾ ਸੀ। ਬਿੰਦਰ ਦੀ ਪੜ੍ਹਾਈ ਪੂਰੀ ਹੋਣ ਵਾਲੀ ਸੀ। ਉਹ ਹੋਰ ਪੜ੍ਹਨ ਦੇ ਬਹਾਨੇ ਕੈਨੇਡਾ ਜਾ ਕੇ ਵੱਸਣਾ ਚਾਹੁੰਦਾ ਸੀ। ਇਸ ਵਾਸਤੇ ਉਹ ਮੀਤ ਨਾਲ ਗੱਲ ਕਰਨ ਲਈ ਲਫਜ਼ਾਂ ਦੀ ਭਾਲ ਕਰ ਰਿਹਾ ਸੀ।

'ਬਾਈ, ਮੇਰੇ ਛੇ ਮਹੀਨੇ ਰਹਿਗੇ ਕਾਲਜ ਦੇ, ਏਥੇ ਨੌਕਰੀ ਨੁਕਰੀ ਮਿਲਣੀ ਨੀ। ਰਾਣਾ ਚੱਲਿਆ ਕਨੇਡਾ। ਚੌਦਾਂ ਲੱਖ ਲੱਗਿਆ ਸਾਰੇ ਕਾਸੇ 'ਤੇ। ਮੈਂ ਤਾਂ ਕਹਿਨਾ ਆਪਾਂ ਵੀ.., ਜੂਨ ਸੁਧਰ ਜੂ ਸਾਰੇ ਟੱਬਰ ਦੀ, ਤੂੰ ਗੱਲ ਕਰ ਲੀਂ ਪਾਪੇ ਨਾਲ,' ਬਿੰਦਰ ਸਾਰੀਆਂ ਗੱਲਾਂ ਇਕੋ ਸਾਹ ਹੀ ਕਹਿ ਗਿਆ।

ਬਿਜਾਈ ਤੋਂ ਬਾਅਦ ਭਾਵੇਂ ਵਿਹਲੀ ਰੁੱਤ ਸੀ, ਦਿਨ ਬਹੁਤ ਛੋਟੇ ਹੋ ਗਏ ਸਨ। ਦੁਪਹਿਰ ਤੋਂ ਬਾਅਦ ਸੂਰਜ ਜਿਵੇਂ ਡਿਗੂੰ-ਡਿਗੂੰ ਕਰਨ ਲੱਗ ਪੈਂਦਾ ਸੀ। ਮੀਤ ਦੀ ਪਤਨੀ ਅਤੇ ਮਾਂ ਚੌਂਕੇ ਵਿੱਚ ਰੋਟੀ ਟੁੱਕ ਕੇ ਆਹਰ ਵਿੱਚ ਲੱਗੀਆਂ ਹੋਈਆਂ ਸਨ। ਮੀਤ ਦਾ ਪਿਤਾ ਵਿਹੜੇ ਵਿੱਚ ਮੰਜੇ 'ਤੇ ਬੈਠਾ ਆਪਣੇ ਪੋਤੇ ਨੂੰ ਖੇਡਦੇ ਨੂੰ ਵੇਖ ਰਿਹਾ ਸੀ ਅਤੇ ਮੁੰਡੇ ਤੋਂ ਵੱਡੀ ਕੁੜੀ ਉਸ ਕੋਲ ਬੈਠੀ ਪੜ੍ਹ ਰਹੀ ਸੀ। ਮੀਤ ਨੇ ਮੌਕਾ ਵੇਖ ਕੇ ਥੋੜ੍ਹੀ ਜਿਹੀ ਭੂਮਿਕਾ ਬੰਨ੍ਹਦਿਆਂ ਬਿੰਦਰ ਦੇ ਪੜ੍ਹਾਈ ਦੇ ਆਧਾਰ 'ਤੇ ਕੈਨੇਡਾ ਜਾਣ ਦੀ ਗੱਲ ਆਪਣੇ ਪਿਤਾ ਨਾਲ ਕੀਤੀ ਤਾਂ ਉਸ ਨੇ ਹੋਣ ਵਾਲੇ ਖਰਚੇ ਬਾਰੇ ਗੱਲ ਕਰਦਿਆਂ ਆਖਿਆ, 'ਗੱਲ ਤਾਂ ਮਾੜੀ ਨੀ, ਪਰ ਪੈਸੇ ਕਿੱਥੋਂ ਆਉਣਗੇ। ਚਾਦਰ ਵੇਖ ਕੇ ਪੈਰ ਪਸਾਰਿਓ।'

ਮੀਤ ਨੇ ਖੁਸ਼ ਹੁੰਦੇ ਆਖਿਆ, 'ਆ ਜਾਣਗੇ ਪੈਸੇ ਵੀ। ਜ਼ਿੰਦਗੀ ਬਣ ਜੂ। ਕੋਈ ਨਾ ਪੈਰ ਪਸਾਰਾਂਗੇ ਤਾਂ ਚਾਦਰ ਵੀ ਵੱਡੀ ਹੋ ਜੂ।'

ਸਮਾਂ ਸਰਪਟ ਦੌੜਿਆ ਜਾਂਦਾ ਸੀ। ਦਸ ਲੱਖ ਦੀ ਲਿਮਟ ਬਣ ਗਈ ਤੇ ਪੰਜ ਲੱਖ ਆੜਤੀਏ ਨੇ ਹੱਸ ਕੇ ਦੇ ਦਿੱਤੇ। ਉਸ ਨੂੰ ਪਤਾ ਸੀ ਕਿ ਫਸਲ ਵੀ ਚੰਗੀ ਹੁੰਦੀ ਹੈ ਅਤੇ ਬੰਦੇ ਵੀ ਨੇਕ ਹਨ। ਉਹ ਦਿਨ ਵੀ ਆ ਗਿਆ ਜਿਸ ਦਿਨ ਬਿੰਦਰ ਦਾ ਵੀਜ਼ਾ ਲੱਗ ਕੇ ਆ ਗਿਆ। ਬਿੰਦਰ ਦਾ ਚਾਅ ਨਹੀਂ ਸੀ ਚੁੱਕਿਆ ਜਾਂਦਾ। ਬਿੰਦਰ ਨੇ ਖੁਸ਼ੀ ਵਿੱਚ ਮੀਤ ਨੂੰ ਜੱਫੀ ਪਾਉਂਦਿਆਂ ਆਖਿਆ, 'ਬਾਈ ਤੂੰ ਫਿਕਰ ਨਾ ਕਰੀਂ ਆਹ ਲਿਮਟ ਤੇ ਪੈਸੇ ਤਾਂ ਮੈਂ ਪਹਿਲੇ ਸਾਲ ਲਾਹ ਦੂੰ। ਤੂੰ ਚਾਚੇ ਵਾਲੀ ਪੈਲੀ ਬੈਅ ਲੈਣ ਦੀ ਤਿਆਰੀ ਰੱਖੀ।' ਮਲੇਸ਼ੀਆ ਵਿੱਚ ਰਹਿੰਦੇ ਉਨ੍ਹਾਂ ਦੇ ਚਾਚੇ ਦੀ ਜ਼ਮੀਨ ਠੇਕੇ 'ਤੇ ਮੀਤ ਕੇ ਹੀ ਵਾਹੁੰਦੇ ਸਨ।

ਬਿੰਦਰ ਦਰੱਖਤਾਂ ਤੋਂ ਡਾਲਰ ਤੋੜਨ ਦੇ ਸੁਪਨੇ ਲੈਂਦਾ ਕੈਨੇਡਾ ਦੇ ਹਵਾਈ ਅੱਡੇ 'ਤੇ ਜਾ ਉਤਰਿਆ ਸੀ, ਪਰ ਉਸ ਨੂੰ ਜਲਦੀ ਹੀ ਪਤਾ ਲੱਗ ਗਿਆ ਕਿ ਸਾਰਾ ਕੁਝ ਏਨਾ ਸੌਖਾ ਨਹੀਂ। ਹੱਡ ਭੰਨਵੀਂ ਮਿਹਨਤ ਕਰਕੇ ਵੀ ਮਸਾਂ ਰੋਟੀ ਪਾਣੀ ਅਤੇ ਕਾਲਜ ਦੀ ਫੀਸ ਪੂਰੀ ਹੁੰਦੀ ਸੀ। ਪਿੰਡ ਪੈਸੇ ਭੇਜਣ ਤਾਂ ਦੂਰ ਦੀ ਗੱਲ ਸੀ। ਮੀਤ ਸਮਝਦਾ ਸੀ ਕਿ ਦੋ ਕੁ ਸਾਲ ਤਾਂ ਪੈਰ ਲੱਗਦਿਆਂ ਨੂੰ ਲੱਗ ਹੀ ਜਾਂਦੇ ਹਨ। ਇਸ ਤਰ੍ਹਾਂ ਸੋਚਦਿਆਂ ਤਿੰਨ ਸਾਲ ਲੰਘ ਗਏ।

ਮਿਹਨਤ ਨਾਲ ਕੀਤੀ ਕਮਾਈ ਵਿੱਚੋਂ ਕਿਰਸ ਨਾਲ ਜੋੜੇ ਪੈਸੇ ਵੀ ਸਾਰੇ ਵਿਆਜ ਦੇ ਮੂੰਹ ਚਲੇ ਗਏ। ਮੀਤ ਆਸ ਕਰਦਾ ਸੀ ਕਿ ਬਿੰਦਰ ਪੈਸੇ ਭੇਜੇ ਕਿਉਂਕਿ ਕਰਜ਼ਾ ਦਿਨ ਰਾਤ ਵਧ ਰਿਹਾ ਸੀ। ਫਸਲ ਵਿੱਚੋਂ ਸਵਾ ਲੱਖ ਤੋਂ ਉਤੇ ਬੈਂਕ ਦਾ ਵਿਆਜ ਅਤੇ ਲਗਭਗ ਇੰਨਾ ਆੜਤੀਏ ਦਾ ਵਿਆਜ ਬਣ ਜਾਂਦਾ ਸੀ। ਖਾਦ, ਦਵਾਈਆਂ ਅਤੇ ਹੋਰ ਖਰਚਿਆਂ ਤੋਂ ਬਾਅਦ ਮੀਤ ਦੇ ਪੱਲੇ ਕੁਝ ਵੀ ਨਹੀਂ ਸੀ ਪੈਂਦਾ। ਹਰ ਸਾਲ ਥੋੜ੍ਹੇ ਬਹੁਤ ਪੈਸੇ ਮੀਤ ਵੱਲ ਟੁੱਟ ਜਾਂਦੇ ਸਨ। ਪੈਸੇ ਦੀ ਤੰਗੀ ਕਾਰਨ ਉਸ ਦੇ ਹੱਸਣ ਖੇਡਣ ਦੀ ਥਾਂ ਚਿੰਤਾ ਨੇ ਲੈ ਲਈ ਸੀ। ਉਸ ਦੇ ਚਿਹਰੇ 'ਤੇ ਹਲਕੀ ਜਿਹੀ ਪਿਲੱਤਣ ਰਹਿਣ ਲੱਗ ਪਈ ਸੀ। ਉਸ ਦੇ ਚਿਹਰੇ ਨੂੰ ਵੇਖ ਕੇ ਪਤਾ ਲੱਗਦਾ ਸੀ ਕਿ ਉਸ ਦੀਆਂ ਰਾਤਾਂ ਅਤੇ ਦਿਨ ਪ੍ਰੇਸ਼ਾਨੀ 'ਚ ਲੰਘ ਰਹੇ ਹਨ।

ਇਕ ਦੋ ਵਾਰ ਮੀਤ ਨੇ ਬਿੰਦਰ ਨੂੰ ਹੱਥ ਤੰਗ ਹੋਣ ਬਾਰੇ ਦੱਸਿਆ, ਪਰ ਉਹ ਗੱਲ ਟਾਲ ਜਾਂਦਾ ਸੀ। ਪੈਸੇ ਦੀ ਤੰਗੀ ਕਾਰਨ ਮੀਤ ਨੂੰ ਕਈ ਵਾਰ ਨਮੋਸ਼ੀ ਵੀ ਝੱਲਣੀ ਪੈਂਦੀ ਸੀ। ਬੈਂਕ ਦੀ ਕਿਸ਼ਤ ਨਾ ਦਿੱਤੀ ਜਾਂਦੀ ਤਾਂ ਮੈਨੇਜਰ ਨੋਟਿਸ ਭੇਜਣ ਦੀਆਂ ਧਮਕੀਆਂ ਦੇਣ ਲੱਗ ਪੈਂਦਾ। ਆੜਤੀਏ ਦੇ ਪੈਸੇ ਵੀ ਦੁੱਗਣੇ ਹੋ ਗਏ ਸਨ। ਸੇਠ ਵੀ ਪਹਿਲਾਂ ਵਾਂਗ ਇੱਜ਼ਤ ਨਹੀਂ ਸੀ ਕਰਦਾ। ਕਈ ਵਾਰ ਜਦੋਂ ਮੀਤ ਉਸ ਦੀ ਦੁਕਾਨ ਤੋਂ ਰੇਹ ਜਾਂ ਛਿੜਕਣ ਵਾਲੀ ਦਵਾਈ ਆਦਿ ਲੈਣ ਜਾਂਦਾ ਤਾਂ ਉਹ ਮੀਤ ਨੂੰ ਬੈਠਿਆਂ ਵੇਖ ਜਾਣ ਬੁੱਝ ਕੇ ਅਣਡਿੱਠ ਕਰ ਦਿੰਦਾ। ਮੀਤ ਬਹੁਤ ਜ਼ਲਾਲਤ ਮਹਿਸੂਸ ਕਰਦਾ ਸੀ। ਅੱਕ ਕੇ ਇਕ ਦਿਨ ਮੀਤ ਨੇ ਬਿੰਦਰ ਨੂੰ ਫੋਨ ਕਰਕੇ ਪੈਸੇ ਭੇਜਣ ਲਈ ਕਿਹਾ ਤਾਂ ਅੱਗੋਂ ਬਿੰਦਰ ਦੇ ਜਵਾਬ ਨਾਲ ਉਸ ਦੀ ਮੱਧਮ ਜਿਹੀ ਆਸ ਵੀ ਮੁੱਕ ਗੀ। 'ਬਾਈ ਐਵੇਂ ਭੁਲੇਖਾ ਈ ਸੀ ਕਨੇਡੇ ਦਾ। ਏਥੇ ਦਿਨ ਰਾਤ ਇਕ ਕਰਕੇ ਵੀ ਪੂਰੀ ਨਹੀਂ ਪੈਂਦੀ। ਏਸੇ ਕਾਰਨ ਮੈਂ ਪੇਪਰਾਂ ਵਿੱਚੋਂ ਰਹਿ ਗਿਆ ਤੇ ਪੱਕਾ ਹੋਣ ਵਾਸਤੇ ਮੈਨੂੰ ਵਿਆਹ ਕਰਾਉਣਾ ਪਿਆ। ਕੁੜੀ ਮੇਰੇ ਨਾਲ ਪੜ੍ਹਦੀ ਸੀ। ਤੂੰ ਸਮਝਾ ਦੇਈ ਘਰਦਿਆਂ ਨੂੰ ਆਪਣੇ ਹਿਸਾਬ ਨਾਲ।'

ਮੀਤ ਕੋਲੋਂ ਕੁਝ ਵੀ ਬੋਲਿਆ ਨਾ ਗਿਆ ਉਸ ਨੂੰ ਲੱਗਾ ਜਿਵੇਂ ਜ਼ੁਬਾਨ ਠਾਕੀ ਗਈ ਹੋਵੇ। ਉਸ ਦੀ ਉਦਾਸੀ ਹੋਰ ਵਧ ਗਈ ਸੀ। ਮੀਤ ਨੇ ਕੌਰੇ ਨਾਲ ਦਿਲ ਦੀ ਗੱਲ ਕਰਦਿਆਂ ਆਖਿਆ, 'ਤੰਗੀ ਕੱਟਣੀ ਬਹੁਤ ਔਖੀ ਐ, ਏਸ ਜ਼ਲਾਲਤ ਨਾਲੋਂ ਤਾਂ ਬੰਦਾ ਕੁਝ ਖਾ ਕੇ ਮਰਜੇ।'

ਅੱਗੋਂ ਕੌਰੇ ਨੇ ਮੀਤ ਵੱਲ ਗੁੱਸੇ ਨਾਲ ਵੇਖਦਿਆਂ ਆਖਿਆ, 'ਓ ਕੜਮਿਆਂ, ਕਿਉਂ ਦਿਲ ਛੱਡਦੈਂ! ਫੇਰ ਕੀ ਹੋ ਗਿਆ ਜੇ ਉਹ ਮੂੰਹ ਫੇਰ ਗਿਆ। ਕੋਈ ਨਾ ਲਾਹ ਦਿਆਂਗੇ ਪੈਸੇ ਵੀ, ਮ੍ਹਾਰਾਜ ਨੇ ਹੱਥ ਪੈਰ ਦਿੱਤੇ ਐ।'

ਕੌਰੇ ਨੇ ਆਪਣੀਆਂ ਮਜ਼ਬੂਤ ਬਾਂਹਾਂ ਅੱਗੇ ਕਰਦਿਆਂ ਗੁੱਸੇ ਨਾਲ ਆਖਿਆ, 'ਖਬਰਦਾਰ! ਜੇ ਅੱਗੇ ਤੋਂ ਇਹੋ ਜੀ ਗੱਲ ਕੀਤੀ। ਜੁਆਕਾਂ ਕੰਨੀ ਝਾਕ, ਸਿਉਨੇ ਅਰਗੇ ਜੁਆਕ ਐ ਰੋਲ ਦੇਂਗਾ ਮਿੱਟੀ 'ਚ।'

ਇਕ ਦਿਨ ਮੀਤ ਨੂੰ ਸਕੂਲ ਦੇ ਮੁੱਖ ਅਧਿਆਪਕ ਨੇ ਸਕੂਲ ਸੱਦਿਆ। ਆਪਣੇ ਦਫਤਰ ਬਿਠਾ ਕੇ ਮੁੱਖ ਅਧਿਆਪਕ ਆਖਣ ਲੱਗਾ, 'ਤੁਸੀਂ ਚੰਗੇ ਕਰਮ ਕੀਤੇ ਹਨ। ਤੁਹਾਡੀ ਬੇਟੀ ਬਹੁਤ ਲਾਇਕ ਹੈ। ਦਸਵੀਂ ਜਮਾਤ ਵਿੱਚੋਂ ਇਹ ਸਾਰੇ ਜ਼ਿਲੇ ਵਿੱਚੋਂ ਪਹਿਲੇ ਨੰਬਰ 'ਤੇ ਆਈ ਹੈ। ਤੁਹਾਨੂੰ ਮੁਬਾਰਕਾਂ।' ਮੁੱਖ ਅਧਿਆਪਕ ਦੀ ਗੱਲ ਸੁਣ ਕੇ ਮੀਤ ਨੂੰ ਆਪਣੀ ਧੀ ਉਤੇ ਮਾਣ ਅਤੇ ਪਿਆਰ ਆ ਰਿਹਾ ਸੀ। ਉਸ ਨੇ ਬੜੀ ਮੁਸ਼ਕਿਲ ਨਾਲ ਆਪਣੇ ਖੁਸ਼ੀ ਦੇ ਹੰਝੂ ਰੋਕੇ ਹੋਏ ਸਨ।

ਮੁੱਖ ਅਧਿਆਪਕ ਨੇ ਅੱਗੇ ਕਹਿਣਾ ਸ਼ੁਰੂ ਕੀਤਾ, 'ਮੈਂ ਤੁਹਾਨੂੰ ਆਖਣ ਲਈ ਸੱਦਿਆ ਕਿ ਇਸ ਨੂੰ ਅੱਗੇ ਪੜ੍ਹਾਇਓ। ਭਾਵੇਂ ਇਸ ਨੂੰ ਡਾਕਟਰ ਬਣਾ ਲਿਓ ਤੇ ਭਾਵੇਂ ਡੀ ਸੀ ਇਹ ਤੁਹਾਡੇ 'ਤੇ ਐ, ਪਰ ਇਸ ਦੇ ਨਾਲ ਤੁਹਾਨੂੰ ਵੀ ਤਪ ਕਰਨਾ ਪੈਣਾ। ਅੱਜ ਕੱਲ੍ਹ ਪੜ੍ਹਾਈ ਦਾ ਤਰੀਕਾ ਬਦਲ ਚੁੱਕਿਆ ਹੈ। ਇਸ ਨੂੰ ਸ਼ਹਿਰ ਚੰਗੇ ਸਕੂਲ ਵਿੱਚ ਪੜ੍ਹਨਾ ਲਾਉਣਾ ਪਊ। ਚੰਗੇ ਅਧਿਆਪਕਾਂ ਕੋਲ ਟਿਊਸ਼ਨ ਵੀ ਰੱਖਣੀ ਪਊ। ਹਨੇਰੇ ਸਵੇਰੇ ਛੱਡ ਕੇ ਅਤੇ ਲੈ ਕੇ ਵੀ ਆਉਣਾ ਪਊ। ਬਾਕੀ ਜੇ ਕਦੇ ਮੇਰੀ ਲੋੜ ਪਵੇ ਤਾਂ ਮੈਨੂੰ ਖੁਸ਼ੀ ਹੋਵੇਗੀ ਮਦਦ ਕਰਕੇ।'

ਮੁੱਖ ਅਧਿਆਪਕ ਨੇ ਸਿੱਧੇ ਜਿਹੇ ਤਰੀਕੇ ਨਾਲ ਸਮਝਾ ਦਿੱਤਾ ਸੀ। ਮੀਤ ਦਾ ਮਨ ਬੜੇ ਚਿਰ ਮਗਰੋਂ ਅੱਜ ਖੁਸ਼ ਸੀ। ਉਸ ਨੇ ਧੀ ਨੂੰ ਸ਼ਹਿਰ ਚੰਗੇ ਸਕੂਲ ਵਿੱਚ ਪੜ੍ਹਨ ਲਾ ਦਿੱਤਾ। ਸ਼ਹਿਰ ਸੱਤ ਅੱਠ ਕਿਲੋਮੀਟਰ ਦੂਰ ਸੀ। ਉਹ ਸਵੇਰੇ ਛੇ ਵਜੇ ਆਪਣੀ ਧੀ ਨੂੰ ਟਿਊਸ਼ਨ 'ਤੇ ਛੱਡ ਆਉਂਦਾ ਸੀ। ਸਕੂਲ ਤੋਂ ਬਾਅਦ ਜਾ ਕੇ ਲੈ ਆਉਂਦਾ। ਜਦੋਂ ਕਦੇ ਸਕੂਲ ਜਾਂ ਟਿਊਸ਼ਨ ਦਾ ਸਮਾਂ ਬਦਲਦਾ ਤਾਂ ਮੀਤ ਦੇ ਫੋਨ ਉਪਰ ਸੁਨੇਹਾ ਆ ਜਾਂਦਾ ਸੀ। ਜਦੋਂ ਵੀ ਸਕੂਲ ਜਾਂ ਟਿਊਸ਼ਨਾਂ ਵਾਲੇ ਨੰਬਰਾਂ ਤੋਂ ਕੋਈ ਸੁਨੇਹਾ ਆਉਂਦਾ ਤਾਂ ਇਕ ਬਹੁਤ ਸੋਹਣੀ ਚਿੜੀ ਦੀ ਆਵਾਜ਼ ਫੋਨ ਵਿੱਚੋਂ ਆਉਂਦੀ ਜੋ ਉਸ ਦੀ ਧੀ ਨੇ ਖਾਸ ਤੌਰ 'ਤੇ ਲਾਈ ਹੋਈ ਸੀ ਤਾਂ ਕਿ ਪਤਾ ਲੱਗ ਜਾਵੇ ਕਿ ਸੁਨੇਹਾ ਜਾਂ ਫੋਨ ਉਸ ਦੀ ਧੀ ਦਾ ਹੈ। ਸਕੂਲ ਅਤੇ ਟਿਊਸ਼ਨ ਦੀਆਂ ਫੀਸਾਂ ਨੇ ਮੀਤ ਦੀ ਚਿੰਤਾ ਹੋਰ ਵਧਾ ਦਿੱਤੀ ਸੀ।

ਇਕ ਦਿਨ ਬਿੰਦਰ ਦਾ ਫੋਨ ਆਇਆ ਕਿ ਉਹ ਪਰਵਾਰ ਸਮੇਤ ਆ ਰਿਹਾ ਹੈ। ਬਿੰਦਰ ਦੀ ਪਤਨੀ ਅਤੇ ਉਸ ਦੇ ਦੋ ਸਾਲਾਂ ਦੇ ਪੁੱਤਰ ਨੂੰ ਮਿਲਣ ਦਾ ਸਾਰਿਆਂ ਨੂੰ ਚਾਅ ਸੀ। ਕੁਝ ਦਿਨ ਬਿੰਦਰ ਨੂੰ ਥਕੇਵਾਂ ਲਾਹੁਣ ਅਤੇ ਬਾਹਰੋਂ ਲਿਆਂਦੇ ਕੱਪੜੇ ਲੱਤੇ ਦੇਣ ਵਿੱਚ ਹੀ ਲੰਘ ਗਏ। ਬਿੰਦਰ ਨੇ ਹੌਲੀ-ਹੌਲੀ ਅਸਲੀ ਮੁੱਦੇ 'ਤੇ ਆਉਣਾ ਸ਼ੁਰੂ ਕੀਤਾ। ਅਸਲ ਵਿੱਚ ਉਹ ਆਪਣੇ ਹਿੱਸੇ ਦੀ ਜ਼ਮੀਨ ਵੇਚ ਕੇ ਪੈਸੇ ਬਾਹਰ ਲਿਜਾਣਾ ਚਾਹੁੰਦਾ ਸੀ। ਮੀਤ ਸੋਚ ਰਿਹਾ ਸੀ ਕਿ ਬਿੰਦਰ ਕਰਜ਼ਾ ਲਾਹ ਦੇਵੇਗਾ ਜੋ ਉਸ ਦੇ ਬਾਹਰ ਜਾਣ ਵਾਸਤੇ ਹੀ ਲਿਆ ਸੀ।

ਪੋਹ ਦਾ ਮਹੀਨਾ ਅੱਧਾ ਲੰਘ ਚੁੱਕਾ ਸੀ। ਅੱਜ ਲੌਢੇ ਵੇਲੇ ਤੋਂ ਹੀ ਧੁੰਦ ਪੈਣੀ ਸ਼ੁਰੂ ਹੋ ਗਈ ਸੀ। ਆਥਣ ਵੇਲੇ ਮੀਤ ਦੀ ਮਾਂ ਵਰਾਂਡੇ ਵਿੱਚ ਮੰਜੇ ਉਤੇ ਕੰਬਲ ਲਈ ਬੈਠੀ ਸੀ। ਬਿੰਦਰ ਪੈਂਦ ਵਾਲੇ ਪਾਸੇ ਬੈਠਾ ਸੀ ਅਤੇ ਉਸ ਦੀ ਪਤਨੀ ਕੋਲ ਹੀ ਕੁਰਸੀ 'ਤੇ ਸ਼ਾਲ ਦੀ ਬੁੱਕਲ ਮਾਰੀ ਬੈਠੀ ਸੀ। ਬਿੰਦਰ ਆਪਣੀ ਮਾਂ ਨੂੰ ਸਮਝਾ ਰਿਹਾ ਸੀ ਕਿ ਖੇਤੀ ਘਾਟੇ ਵਾਲਾ ਧੰਦਾ ਹੈ। ਅਸਲ ਵਿੱਚ ਉਹ ਜ਼ਮੀਨ ਵੇਚਣ ਬਾਰੇ ਗੱਲ ਕਰਨ ਲਈ ਰਾਹ ਲੱਭ ਰਿਹਾ ਸੀ।

ਬਾਹਰੋਂ ਆਇਆ ਮੀਤ ਕੁਰਸੀ ਖਿੱਚ ਕੇ ਬਿੰਦਰ ਦੇ ਕੋਲ ਬੈਠ ਗਿਆ। ਖੇਤੀ ਦੀਆਂ ਗੱਲਾਂ ਸੁਣ ਕੇ ਮੀਤ ਨੇ ਮੌਕਾ ਵੇਖ ਗੱਲ ਸ਼ੁਰੂ ਕੀਤੀ, 'ਵਿਆਜ ਬਹੁਤ ਬਣ ਜਾਂਦੈ ਆਪਾਂ ਸੇਠ ਦੇ ਪੈਸੇ ਤਾਂ ਮੋੜੀਏ। ਬੈਂਕ ਦੇ ਫੇਰ ਵੇਖੀ ਜਾਊ।' ਬਿੰਦਰ ਨੇ ਜਾਣਬੁੱਝ ਕੇ ਹੈਰਾਨ ਹੁੰਦਿਆਂ ਆਖਿਆ, 'ਹਾਲੇ ਲੱਥੇ ਨੀ ਆੜਤੀਏ ਦੇ ਪੈਸੇ?'

ਬਿੰਦਰ ਦੀ ਗੱਲ ਸੁਣ ਕੇ ਮੀਤ ਨੇ ਇਸ ਤਰ੍ਹਾਂ ਉਸ ਵੱਲ ਵੇਖਿਆ ਕਿ ਕੋਈ ਉਸ ਨੂੰ ਵੇਖ ਕੇ ਅੰਦਾਜ਼ਾ ਲਾ ਸਕਦਾ ਸੀ ਕਿ ਉਹ ਬਿੰਦਰ ਨੂੰ ਆਖਣ ਲੱਗਾ ਹੈ ਕਿ ਕਮਾਲ ਆ ਤੇਰੀ, ਤੈਨੂੰ ਪਤਾ ਹੈ ਸਾਰਾ ਕੁਝ। ਪਰ ਬਿੰਦਰ ਦੀ ਪਤਨੀ ਪਹਿਲਾਂ ਹੀ ਬੋਲ ਪਈ, 'ਵੀਰ ਜੀ, ਕਿੰਨੇ ਦੀ ਫਸਲ ਹੋ ਜਾਂਦੀ ਐ ਤੇ ਖਰਚ ਕਿੰਨਾ ਹੁੰਦੈ? ਮੇਰਾ ਮਤਲਬ ਤੁਸੀਂ ਨੋਟ ਕਰਦੇ ਹੋਵੋਗੇ ਹਨਾ? ਲਿਆਓ ਖਾਂ ਬੁੱਕ, ਵੇਖੀਏ ਕੀ ਬਚਦਾ ਤੁਹਾਨੂੰ। ਓਥੇ ਮੈਂ ਸਾਰਾ ਕੁਝ ਮੈਨੇਜ ਕਰਦੀ ਆਂ ਹਨਾ।' ਮੀਤ ਹੈਰਾਨ ਸੀ। ਉਸ ਨੂੰ ਲੱਗਾ ਕਿ ਬਿੰਦਰ ਉਸ ਕੋਲੋਂ ਹਿਸਾਬ ਮੰਗ ਰਿਹਾ ਹੈ। ਉਸ ਨੇ ਬਹੁਤ ਮਾਸੂਮੀਅਤ ਭਰੀਆਂ ਨਜ਼ਰਾਂ ਨਾਲ ਬਿੰਦਰ ਵੱਲ ਤੱਕਿਆ। ਬਿੰਦਰ ਆਪਣੀ ਪਤਨੀ ਨੂੰ ਦੱਸਣ ਲੱਗਾ ਕਿ ਇਕ ਫਸਲ ਬਚਦੀ ਹੈ ਤੇ ਇਕ ਖਰਚ ਹੋ ਜਾਂਦੀ ਹੈ। ਮੀਤ ਬੋਲਣ ਲੱਗਾ ਸੀ ਕਿ ਉਸ ਦੀ ਮਾਂ ਬੋਲ ਪਈ, 'ਲਿਖੇ ਬਿਨਾਂ ਯਾਦ ਨੀ ਰਹਿੰਦਾ ਭਾਈ। ਮੈਂ ਆਪ ਇਹਨੂੰ ਕਹਿੰਦੀ ਰਹਿਨੀ ਆਂ ਬਈ ਲਿਖ ਲਿਆ ਕਰ।' ਮੀਤ ਨੂੰ ਲੱਗਾ ਕਿ ਮਾਂ ਵੀ ਇਨ੍ਹਾਂ ਵੱਲ ਦੀ ਗੱਲ ਕਰ ਰਹੀ ਹੈ, ਜਦੋਂ ਕਿ ਉਸ ਨੇ ਸਹਿਵਣ ਹੀ ਗੱਲ ਕੀਤੀ ਸੀ। ਮੀਤ ਦੀ ਹਾਲਤ ਤਰਸ ਯੋਗ ਲੱਗ ਰਹੀ ਸੀ। ਉਹ ਕੁਝ ਵੀ ਬੋਲ ਨਾ ਸਕਿਆ। ਉਸ ਦੇ ਕਾਲਜੇ ਵਿੱਚੋਂ ਸੀਤ ਦੀ ਇਕ ਹੁਲ ਜਿਹੀ ਉਠੀ ਤੇ ਸਾਰੇ ਸਰੀਰ ਵਿੱਚ ਫੈਲ ਗਈ। ਉਸ ਨੂੰ ਲੱਗਾ ਜਿਵੇਂ ਸਰੀਰ ਦਾ ਸਾਰਾ ਲਹੂ ਉਸ ਦੇ ਸਿਰ ਨੂੰ ਚੜ੍ਹ ਗਿਆ ਹੋਵੇ। ਉਸ ਨੂੰ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ। ਉਸ ਨੂੰ ਲੱਗਾ ਜਿਵੇਂ ਉਸ ਦਾ ਦਮ ਘੁੱਟ ਰਿਹਾ ਹੋਵੇ। ਉਹ ਉਠ ਕੇ ਵਿਹੜੇ ਵਿੱਚ ਆ ਗਿਆ ਅਤੇ ਕਾਹਲੇ ਕਦਮੀਂ ਟੁਰਦਾ ਟਿੱਬੀ ਵਾਲੇ ਖੇਤ ਦੇ ਰਾਹ ਪੈ ਗਿਆ। ਠੱਕਾ ਵਗ ਰਿਹਾ ਸੀ ਜਿਸ ਨਾਲ ਧੁੰਦ ਦੇ ਵਰੋਲੇ ਜਿਹੇ ਉਡ ਕੇ ਪਹੀ 'ਤੇ ਆ ਜਾਂਦੇ ਤਾਂ ਧੁੰਦ ਹੋਰ ਸੰਘਣੀ ਹੋ ਜਾਂਦੀ ਸੀ। ਹਨੇਰਾ ਉਤਰ ਆਇਆ ਸੀ। ਠੰਢ ਹੱਥ ਪੈਰ ਸੁੰਨ ਕਰ ਰਹੀ ਸੀ, ਪਰ ਮੀਤ ਨੂੰ ਜਿਵੇਂ ਕੋਈ ਸੁਧ ਬੁੱਧ ਨਹੀਂ ਸੀ।

ਮੀਤ ਖੇਤ ਪਹੁੰਚਿਆ ਤਾਂ ਮੋਟਰ ਵਾਲੀ ਕੋਠੜੀ ਉਪਰ ਲਾਟੂ ਜਗ ਰਿਹਾ ਸੀ ਜੋ ਖੇਤਾਂ ਵਾਲੀ ਬਿਜਲੀ ਆਉਣ ਦੇ ਨਾਲ ਜਗ ਪੈਂਦਾ ਸੀ। ਉਹ ਅੰਦਰ ਗਿਆ ਅਤੇ ਟਾਣ ਉਪਰ ਪਈ ਕੀੜੇਮਾਰ ਦਵਾਈ ਵਾਲਾ ਲੀਟਰ ਚੁੱਕ ਕੇ ਉਸ ਦਾ ਢੱਕਣ ਖੋਲ੍ਹਣ ਲੱਗ ਪਿਆ। ਉਪਰ ਵਾਲਾ ਢੱਕਣ ਖੁੱਲ੍ਹ ਗਿਆ, ਪਰ ਇਕ ਡਾਟ ਚੰਗੀ ਤਰ੍ਹਾਂ ਲੀਟਰ ਦੇ ਮੂੰਹ ਵਿੱਚ ਫਸਿਆ ਹੋਇਆ ਸੀ ਜੋ ਉਸ ਕੋਲੋਂ ਨਾ ਨਿਕਲਿਆ। ਮੀਤ ਨੇ ਕੋਲ ਪਏ ਇਕ ਕਿੱਲ ਨਾਲ ਡਾਟ ਨੂੰ ਕੱਢਣ ਦੀ ਕੋਸ਼ਿਸ਼ ਕੀਤੀ। ਡਾਟ ਪੂਰਾ ਤਾਂ ਨਾ ਨਿਕਲਿਆ, ਪਰ ਏਨੀ ਕੁ ਵਿਰਲ ਪੈ ਗਈ ਕਿ ਵੱਡੇ-ਵੱਡੇ ਤੁਪਕੇ ਬਾਹਰ ਨਿਕਲਣ ਲੱਗ ਪਏ।

ਮੀਤ ਨੇ ਟਾਣ ਉਪਰ ਪਏ ਸਟੀਲ ਦੇ ਗਲਾਸ ਵਿੱਚ ਦਵਾਈ ਪਾਉਣੀ ਸ਼ੁਰੂ ਕਰ ਦਿੱਤੀ। ਜਦੋਂ ਗਲਾਸ ਅੱਧਾ ਕੁ ਹੋ ਗਿਆ ਤਾਂ ਉਸ ਨੇ ਦਵਾਈ ਵਾਲਾ ਲੀਟਰ ਥੱਲੇ ਰੱਖ ਦਿੱਤਾ। ਜਦੋਂ ਮੀਤ ਗਲਾਸ ਮੂੰਹ ਨੂੰ ਲਾਉਣ ਲੱਗਾ ਤਾਂ ਉਸ ਦੇ ਫੋਨ ਵਿੱਚੋਂ ਚਿੜੀ ਦੀ ਆਵਾਜ਼ ਆਈ। ਉਸ ਨੂੰ ਜਿਵੇਂ ਕਿਸੇ ਨੇ ਗਹਿਰੀ ਨੀਂਦ 'ਚੋਂ ਜਗਾਇਆ ਹੋਵੇ। ਉਸ ਨੂੰ ਦੁਬਾਰਾ ਚਿੜੀ ਦੀ ਆਵਾਜ਼ ਸੁਣਾਈ ਦਿੱਤੀ। ਛੁੱਟੀਆਂ ਤੋਂ ਬਾਅਦ ਟਿਊਸ਼ਨਾਂ ਦਾ ਸਮਾਂ ਬਦਲਣ ਦਾ ਸੁਨੇਹਾ ਫੋਨ 'ਤੇ ਆ ਰਿਹਾ ਸੀ। ਮੀਤ ਨੂੰ ਜਿਵੇਂ ਬੇਹੋਸ਼ੀ ਤੋਂ ਬਾਅਦ ਸੁਰਤ ਆਈ ਹੋਵੇ। ਉਸ ਨੇ ਇਕਦਮ ਜ਼ਹਿਰੀਲੀ ਦਵਾਈ ਵਾਲਾ ਗਿਲਾਸ ਥੱਲੇ ਰੱਖ ਦਿੱਤਾ ਅਤੇ ਕੋਠੜੀ 'ਚੋਂ ਬਾਹਰ ਆ ਕੇ ਆਪਣੀਆਂ ਉਂਗਲਾਂ ਨੂੰ ਮਿੱਟੀ ਨਾਲ ਰਗੜ ਕੇ ਸਾਫ ਕਰਨ ਲੱਗਾ ਜੋ ਦਵਾਈ ਨਾਲ ਲਿੱਬੜ ਗਈਆਂ ਸਨ। 'ਓ ਹੋ, ਇਹ ਮੈਂ ਕੀ ਕਰਨ ਲੱਗਾ ਸਾਂ, 'ਮੀਤ ਦੇ ਮੂੰਹੋਂ ਆਪਮੁਹਾਰੇ ਹੀ ਨਿਕਲ ਗਿਆ। ਠੰਢੀ ਯੱਖ ਰਾਤ ਅਤੇ ਧੁੰਦ ਵਿੱਚ ਹਰ ਸ਼ੈਅ ਗੜੇ ਵਾਂਗ ਠਰੀ ਪਈ ਸੀ। ਪਰ ਮੀਤ ਨੂੰ ਆਈ ਤਰੇਲੀ ਕਾਰਨ ਪਸੀਨਾ ਆ ਗਿਆ ਸੀ।

ਉਹ ਘਰ ਮੁੜਿਆ, ਕੰਨਾਂ ਵਿੱਚ ਕੌਰੇ ਦੇ ਬੋਲ ਗੂੰਜ ਰਹੇ ਸਨ, 'ਲਾਹ ਦਿਆਂਗੇ ਪੈਸੇ ਜੁਅਰੱਤ ਰੱਖ, ਬੰਦਾ ਐ।'

## ਬਿਊਟੀ ਟਿਪਸ ਖੂਬਸੂਰਤੀ ਨੂੰ ਵੀ ਨਿਖਾਰਦੈ ਅੱਖਾਂ ਦਾ ਦਾਰੂ

ਅੱਖਾਂ ਦੇ ਦਾਰੂ ਦੀ ਵਰਤੋਂ ਤੁਸੀਂ ਅੱਖਾਂ ਦੇ ਸੁੱਕੇਪਨ, ਖੁਰਕ ਅਤੇ ਲਾਲੀ ਨੂੰ ਦੂਰ ਕਰਨ ਤੋਂ ਇਲਾਵਾ ਆਪਣੀ ਖੂਬਸੂਰਤੀ ਨੂੰ ਵਧਾਉਣ ਲਈ ਵੀ ਕਰ ਸਕਦੇ ਹੋ। ਇਸ ਨਾਲ ਤੁਸੀਂ ਨਾ ਸਿਰਫ ਕਾਲੇ ਘੇਰੇ ਸਗੋਂ ਪਿੰਪਲ ਦੀ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹੋ।



ਪਿੰਪਲ ਹਟਾਉਣ ਲਈ-ਜੇ ਤੁਹਾਨੂੰ ਚਮੜੀ 'ਤੇ ਕਿਤੇ ਦਾਗ ਜਾਂ ਛੋਟੀ-ਮੋਟੀ ਫਿੰਸੀ ਹੋ ਗਈ ਹੈ ਤਾਂ ਉਸ 'ਤੇ ਅੱਖਾਂ ਦੇ ਦਾਰੂ ਦੀਆਂ ਦੋ ਬੂੰਦਾਂ ਪਾ ਦਿਓ। ਇਹ ਲਾਲੀ ਨੂੰ ਹਟਾਉਣ ਦੇ ਨਾਲ ਸੋਜ ਨੂੰ ਘਟਾ ਦੇਵੇਗੀ।

ਮੇਅਕਪ ਹਟਾਊ ਲਈ-ਮੇਕਅਪ ਨੂੰ ਕੱਢਣ ਲਈ ਤੁਹਾਨੂੰ ਕੁਝ ਬੂੰਦਾਂ ਅੱਖਾਂ ਦੇ ਦਾਰੂ ਦੀਆਂ ਰੂੰ ਵਿੱਚ ਪਾ ਕੇ ਮੇਕਅਪ ਸਾਫ ਕਰੋ। ਮਿੰਟਾਂ ਵਿੱਚ ਮੇਕਅਪ ਸਾਫ ਹੋ ਜਾਵੇਗਾ।

ਕਾਲੇ ਘੇਰੇ ਬਟਾਉਣ ਲਈ-ਅੱਖਾਂ ਦੁਆਲੇ ਕਾਲੇ ਘੇਰੇ ਗਾਇਬ ਕਰਨ ਲਈ ਤੁਸੀਂ ਬਹੁਤ ਸਾਰੇ ਮਹਿੰਗੇ ਉਤਪਾਦ ਵਰਤੇ ਹੋਣਗੇ, ਪਰ ਇਸ ਤੋਂ ਸਸਤਾ ਅਤੇ ਆਸਾਨ ਤਰੀਕਾ ਨਹੀਂ ਅਪਣਾਇਆ ਹੋਵੇਗਾ। ਦੋ ਬੂੰਦਾਂ ਅੱਖਾਂ ਦੇ ਦਾਰੂ ਦੀਆਂ ਅੱਖਾਂ ਹੇਠਾਂ ਲਾਉਣ ਨਾਲ ਕੁਝ ਦਿਨਾਂ ਅੰਦਰ ਹੀ ਕਾਲੇ ਘੇਰੇ ਗਾਇਬ ਹੋ ਜਾਂਦੇ ਹਨ।

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

ਫਾਰਮ ਅਤੇ ਨਰਸਰੀ ਵਿੱਚ ਬੀਬੀਆਂ ਅਤੇ ਬੰਦਿਆਂ ਦੀ ਲੋੜ
ਫਾਰਮ ਵਿੱਚ ਮਟਰ, ਫਲੀਆਂ, ਬੀਨਜ, ਸਟ੍ਰਾਬਰੀ ਆਦਿ ਤੋੜਨ ਲਈ ਬੀਬੀਆਂ ਅਤੇ ਬੰਦਿਆਂ ਦੀ ਲੋੜ ਹੈ। ਨਰਸਰੀ ਵਿੱਚ ਵੀ ਕਾਮਿਆਂ ਦੀ ਲੋੜ ਹੈ। ਬਰੈਂਪਟਨ ਅਤੇ ਮਿਸੀਸਾਗਾ ਨੋਰਥ ਏਰੀਆ ਤੋਂ ਰਾਈਡ ਵੀ ਦਿੱਤੀ ਜਾਂਦੀ। Raincoat ਦਾ ਹੋਣਾ ਜਰੂਰੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: ਸੂਬੇਦਾਰ ਗਰੇਵਾਲ
647-400-0060/ 647-621-1024
Van driver ਦੀ ਵੀ ਲੋੜ ਹੈ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੇਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ 416 992 2320 'ਤੇ ਸੰਪਰਕ ਕਰੋ।

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services: • Complete Basement • Tiles • Bathrooms • Plumbing • Laminate • Hardwood Floor • Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators
○ AZ-DZ Drivers
○ Forklift Driver
○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਟਨੈੱਸ ਨਾਲ ਸਮਝੌਤਾ ਨਹੀਂ : ਪੂਜਾ ਹੇਗੜੇ



ਪੂਜਾ ਹੇਗੜੇ ਨੇ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਤਮਿਲ ਫਿਲਮ 'ਮੁਗਮੋਦੋ' ਨਾਲ ਕੀਤੀ ਸੀ। ਉਸ ਤੋਂ ਬਾਅਦ ਉਸ ਨੇ ਆਸ਼ੁਤੋਸ਼ ਗੋਵਾਰੀਕਰ ਦੀ ਰਿਤਿਕ ਰੋਸ਼ਨ ਸਟਾਰਰ ਹਿੰਦੀ ਫਿਲਮ 'ਮੋਹਨਜੋਦੜੋ' ਜ਼ਰੀਏ ਬਾਲੀਵੁੱਡ ਵਿੱਚ ਕਦਮ ਰੱਖਿਆ। ਇਹ ਫਿਲਮ ਨਹੀਂ ਚੱਲੀ, ਪਰ ਪੂਜਾ ਨੂੰ ਲੋਕਾਂ ਨੇ ਪਸੰਦ ਕੀਤਾ। 'ਮੋਹਨਜੋਦੜੋ' ਦੇ ਕਾਫੀ ਸਮੇਂ ਬਾਅਦ ਪੂਜਾ ਦੇ ਹੱਥ 'ਹਾਊਸਫੁੱਲ 4' ਲੱਗੀ, ਜਿਸ ਵਿੱਚ ਉਹ ਕੰਮ ਕਰ ਰਹੀ ਹੈ। ਪੇਸ਼ ਹਨ, ਉਸ ਨਾਲ ਹੋਈ ਗੱਲਬਾਤ ਦੇ ਮੁੱਖ ਅੰਸ਼ :

* ਆਪਣੀ ਦੂਜੀ ਹਿੰਦੀ ਫਿਲਮ 'ਹਾਊਸਫੁੱਲ 4' ਬਾਰੇ ਕੀ ਕਹੋਗੇ?

– ਇਹ ਸੁਪਰਹਿੱਟ 'ਹਾਊਸਫੁੱਲ' ਸੀਰੀਜ਼ ਦਾ ਚੌਥਾ ਹਿੱਸਾ ਹੈ, ਜੋ ਇਸ ਵਾਰ ਹਾਰਰ ਕਾਮੇਡੀ ਫਿਲਮ ਵਜੋਂ ਸਾਹਮਣੇ ਆਏਗੀ। ਇਸ ਦਾ ਨਿਰਦੇਸ਼ਨ ਸਾਜਿਦ ਫਰਹਾਦ ਦੀ ਜੋੜੀ ਕਰ ਰਹੀ ਹੈ। ਇਸ ਦੀ ਕਹਾਣੀ ਪੁਨਰ ਜਨਮ 'ਤੇ ਆਧਾਰਤ ਹੈ। 'ਹਾਊਸ ਫੁੱਲ 4' ਦੋ ਸਮਿਆਂ ਦੀ ਕਹਾਣੀ ਹੈ–ਇੱਕ ਮੌਜੂਦਾ ਅਤੇ ਇੱਕ ਭੂਤਕਾਲ, ਜਿਸ ਨੂੰ ਬਾਹੁਬਲੀ ਯੁੱਗ ਵਰਗਾ ਦਿਖਾਇਆ ਜਾਵੇਗਾ, ਇਸ ਦੇ ਬਾਵਜੂਦ ਇਹ ਫਿਲਮ ਆਪਣੀਆਂ ਪਹਿਲਾਂ ਦੀਆਂ ਫਿਲਮਾਂ ਵਾਂਗ ਕਾਮੇਡੀ ਹੋਵੇਗੀ, ਪਰ ਇਸ 'ਚ ਲੱਗੇਗਾ ਹਾਰਰ ਦਾ ਤੜਕਾ। ਇਹ ਥ੍ਰੀ ਡੀ 'ਤੇ ਹੋਵੇਗੀ ਅਤੇ ਇਹ 200 ਕਰੋੜ ਦੇ ਬਜਟ ਵਿੱਚ ਬਣ ਰਹੀ ਹੈ।

* ਤੁਹਾਡੀ ਫਿਲਮ 'ਮਗਧੀਰਾ' ਦੀ ਰੀਮੇਕ ਤਾਂ ਪੰਜ ਸਾਲਾ ਯੋਜਨਾ ਬਣਦੀ ਜਾ ਰਹੀ ਹੈ?

– ਤੁਹਾਡੀ ਗੱਲ ਸਹੀ ਹੈ ਕਿਉਂਕਿ 'ਮਗਧੀਰਾ' ਦੇ ਰੀਮੇਕ ਦੀ ਚਰਚਾ ਤਾਂ ਲੰਬੇ ਸਮੇਂ ਤੋਂ ਹਵਾ ਵਿੱਚ ਹੈ, ਪਰ ਅਜੇ ਤੱਕ ਯੋਜਨਾ ਸਾਕਾਰ ਰੂਪ ਨਹੀਂ ਲੈ ਸਕੀ। ਅੱਜ ਤੱਕ ਇਸ ਦਿਸ਼ਾ ਵਿੱਚ ਕੰਮ ਚੱਲ ਰਿਹਾ ਹੈ। ਇਸ ਵਿੱਚ ਸ਼ਾਹਿਦ ਕਪੂਰ ਹੀਰੋ ਹੋਣਗੇ। ਉਂਝ, 'ਮਗਧੀਰਾ' ਇੱਕ ਪੀਰੀਅਡ ਡਰਾਮਾ ਹੈ, ਜਿਸ ਨੂੰ ਤੇਲਗੂ ਵਿੱਚ ਬਣਾਇਆ ਗਿਆ ਸੀ। ਇਹ ਰੋਮਾਂਟਿਕ ਐਕਸ਼ਨ ਫਿਲਮ ਇੱਕ ਸੈਨਿਕ ਅਤੇ ਇੱਕ ਰਾਜ ਕੁਮਾਰੀ ਦੀ ਪ੍ਰੇਮ ਕਹਾਣੀ ਹੈ। ਸੈਨਿਕ ਨੂੰ ਰਾਜ ਕੁਮਾਰੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ। ਇੱਕ ਸਾਜ਼ਿਸ਼ ਹੇਠ ਦੋਵਾਂ ਨੂੰ ਮਾਰ ਦਿੱਤਾ ਜਾਂਦਾ ਹੈ। 400 ਸਾਲ ਬਾਅਦ ਸਾਰਿਆਂ ਦਾ ਪੁਨਰ ਜਨਮ ਹੁੰਦਾ ਹੈ। ਇਸ ਫਿਲਮ ਦਾ ਨਿਰਦੇਸ਼ਨ ਕ੍ਰਿਸ਼ ਕਰ ਸਕਦੇ ਹਨ। 'ਮਗਧੀਰਾ' ਦੇ ਰੀਮੇਕ ਦੇ ਸੰਬੰਧ ਵਿੱਚ ਜਲਦੀ ਹੀ ਐਲਾਨ ਹੋ ਸਕਦਾ ਹੈ।

* ਤੁਹਾਡੇ ਹਿਸਾਬ ਨਾਲ ਇਨਸਾਨ ਦੇ ਜੀਵਨ 'ਚ ਪਿਆਰ ਦੀ ਕਿੰਨੀ ਅਹਿਮੀਅਤ ਹੈ?

– ਮੇਰੇ ਹਿਸਾਬ ਨਾਲ ਤਾਂ ਪਿਆਰ ਯੂਨੀਵਰਸਲ ਹੁੰਦਾ ਹੈ। ਜੇ ਤੁਸੀਂ ਦੇਖੋ ਤਾਂ 20 ਸਾਲ ਦੇ ਇਨਸਾਨ 'ਚ ਅਤੇ ਅੱਸੀ ਸਾਲ ਦੇ ਲੋਕਾਂ 'ਚ ਪਿਆਰ ਲਗਭਗ ਇੱਕੋ ਜਿਹਾ ਹੀ ਹੁੰਦਾ ਹੈ। ਇਸ ਲਿਹਾਜ਼ ਨਾਲ ਲਵ ਜਿਹੋ ਜਿਹਾ ਅੱਜ ਹੁੰਦਾ ਹੈ, ਉਹੋ ਜਿਹਾ ਉਸ ਜ਼ਮਾਨੇ ਵਿੱਚ ਵੀ ਹੁੰਦਾ ਹੋਵੇਗਾ।

* ਅੱਜ ਕਹਾਣੀ ਦੀ ਡਿਮਾਂਡ 'ਤੇ ਐਕਟ੍ਰੈੱਸ ਤੋਂ ਨਿਊਡ ਸੀਨ ਦੀ ਮੰਗ ਕੀਤੀ ਜਾਂਦੀ ਹੈ, ਤੁਹਾਡਾ ਰੁਖ਼ ਕੀ ਹੋਵੇਗਾ?

– ਸਕਰੀਨ 'ਤੇ ਪੂਰੀ ਤਰ੍ਹਾਂ ਨਿਊਡ ਸੀਨ ਮੈਂ ਨਹੀਂ ਕਰਨਾ ਚਾਹਾਂਗੀ, ਫਿਰ ਭਾਵੇਂ ਉਹ ਸਕ੍ਰਿਪਟ ਦੀ ਡਿਮਾਂਡ ਹੀ ਕਿਉਂ ਨਾ ਹੋਵੇ, ਮੈਨੂੰ ਇਸ ਗੱਲ ਵਿੱਚ ਵਿਸ਼ਵਾਸ ਹੈ ਕਿ 'ਕੁਝ ਵੀ ਅਸੰਭਵ ਨਹੀਂ ਹੈ' ਪਰ ਮੈਨੂੰ ਨਹੀਂ ਲਗਦਾ ਕਿ ਮੈਂ ਅਜੇ ਤੱਕ ਅਜਿਹੇ ਸੀਨ ਲਈ ਤਿਆਰ ਹਾਂ।

* ਕਿਸੇ ਖਾਸ ਤਰ੍ਹਾਂ ਦੀ ਫਿਲਮ ਤੇ ਐਕਟਰ ਨਾਲ ਕੰਮ ਕਰਨ ਦੀ ਇੱਛਾ ਹੋਵੇ?

–ਹਾਂ, ਮੈਨੂੰ ਯੰਗ ਟਾਈਪ ਦੀ ਫਿਲਮ ਕਰਨ ਦੀ ਇੱਛਾ ਹੈ ਮਤਲਬ ਸੈਟ 'ਤੇ ਜਾ ਕੇ ਮੈਂ ਜੀਂਸ ਪਹਿਨਣੀ ਹੈ। ਜਿੱਥੋਂ ਤੱਕ ਖਾਸ ਐਕਰ ਦੀ ਗੱਲ ਹੈ ਤਾਂ ਮੈਂ ਵਰੁਣ ਧਵਨ ਤੇ ਰਣਵੀਰ ਸਿੰਘ ਵਰਗੇ ਯੰਗ ਐਕਟਰਾਂ ਦੇ ਨਾਲ ਕੰਮ ਕਰਨਾ ਚਾਹੁੰਦੀ ਹਾਂ ਕਿਉਂਕਿ ਉਹ ਦੋਵੇਂ ਬਹੁਤ ਐਨਰਜੈਟਿਕ ਹਨ। ਇਸ ਤੋਂ ਬਿਨਾਂ ਨਿਰਦੇਸ਼ਕ ਇਮਤਿਆਜ਼ ਅਲੀ ਨਾਲ ਕੰਮ ਕਰਨਾ ਚਾਹੁੰਦੀ ਹਾਂ ਕਿਉਂਕਿ ਉਨ੍ਹਾਂ ਨੇ ਸ਼ਾਨਦਾਰ ਕਿਰਦਾਰਾਂ ਨੂੰ ਆਪਣੀਆਂ ਫਿਲਮਾਂ 'ਚ ਬਿਹਤਰੀਨ ਅੰਦਾਜ਼ 'ਚ ਉਤਾਰਿਆ ਹੈ।

* ਫਿਟਨੈੱਸ ਲਈ ਤੁਸੀਂ ਕੀ ਕਰਦੇ ਹੋ?

– ਮੇਰੀ ਫਿਟਨੈੱਸ ਦਾ ਰਾਜ਼ ਇਹੀ ਹੈ ਕਿ ਮੈਂ ਆਪਣੀ ਫਿਟਨੈਸ ਨਾਲ ਕਦੇ ਸਮਝੌਤਾ ਨਹੀਂ ਕਰਦੀ। ਇਸ ਲਈ ਸਵੇਰੇ ਚਾਰ ਵਜੇ ਉਠ ਕੇ ਜਿਮ 'ਚ ਖੂਬ ਪਸੀਨਾ ਵਹਾਉਂਦੀ ਹਾਂ। ਕਿਸ ਕੈਲਿਸਟੇਨਿਕਸ ਅਤੇ ਪਿਲਾਟਸ ਨੂੰ ਮਹੱਤਵ ਦਿੰਦੀ ਹਾਂ। ਖਾਣ–ਪੀਣ 'ਚ ਘਰ 'ਚ ਬਣੇ ਖਾਣੇ ਨੂੰ ਹੀ ਪਹਿਲ ਦਿੰਦੀ ਹਾਂ।

# ਕਰਣ ਜੌਹਰ ਦੀ 'ਬ੍ਰਹਮਾਸਤਰ' ਵਿੱਚ ਕੈਮਿਓ ਕਰ ਸਕਦੇ ਹਨ ਸ਼ਾਹਰੁਖ



ਸ਼ਾਹਰੁਖ ਖਾਨ ਅਤੇ ਕਰਣ ਜੌਹਰ ਨੇ ਇਕੱਠਿਆਂ ਕਈ ਯਾਦਗਾਰ ਫਿਲਮਾਂ ਦਿੱਤੀਆਂ ਹਨ। ਸੁਣਨ ਵਿੱਚ ਆਇਆ ਹੈ ਕਿ ਦੋਵੇਂ ਇੱਕ ਵਾਰ ਫਿਰ ਕੰਮ ਕਰਨ ਵਾਲੇ ਹਨ। ਸੂਤਰਾਂ ਅਨੁਸਾਰ ਕਰਣ ਦੇ ਬੈਨਰ ਹੇਠ ਫਿਲਮ 'ਬ੍ਰਹਮਾਸਤਰ' ਵਿੱਚ ਸ਼ਾਹਰੁਖ ਨਜ਼ਰ ਆ ਸਕਦੇ ਹਨ। ਇਸ ਵਿੱਚ ਰਣਬੀਰ ਕਪੂਰ, ਆਲੀਆ ਭੱਟ, ਅਮਿਤਾਭ ਬੱਚਨ ਅਤੇ ਮੌਨੀ ਰਾਏ ਸਮੇਤ ਕਈ ਕਲਾਕਾਰ ਨਜ਼ਰ ਆਉਣਗੇ। ਸ਼ਾਹਰੁਖ ਵੀ ਇਸ ਵਿੱਚ ਛੋਟਾ, ਪ੍ਰੰਤੂ ਮਹੱਤਵ ਪੂਰਨ ਰੋਲ ਅਦਾ ਕਰ ਸਕਦੇ ਹਨ। ਇਸ ਦੇ ਲਈ ਉਨ੍ਹਾਂ ਨੂੰ ਅਪਰੋਚ ਕੀਤਾ ਗਿਆ ਹੈ। ਸਭ ਕੁਝ ਠੀਕ ਰਿਹਾ ਤਾਂ ਉਹ ਜਲਦ ਹੀ ਸ਼ੂਟਿੰਗ ਵੀ ਸ਼ੁਰੂ ਕਰ ਦੇਣਗੇ। 'ਬ੍ਰਹਮਾਸਤਰ' ਇੱਕ ਮੇਗਾ ਬਜਟ ਸਾਇੰਸ ਫਿਕਸ਼ਨ ਫਿਲਮ ਹੈ ਜਿਸ ਨੂੰ ਡਾਇਰੈਕਟਰ ਅਯਾਨ ਮੁਖਰਜੀ ਤਿੰਨ ਹਿੱਸਿਆਂ ਵਿੱਚ ਬਣਾਉਣ ਵਾਲੇ ਹਨ। ਫਿਲਮ ਵਿੱਚ ਡਿੰਪਲ ਕਪਾਡੀਆ ਅਤੇ ਨਾਗਾਅਰਜੁਨ ਦਾ ਵੀ ਕੈਮਿਓ ਹੋਵੇਗਾ।

# 'ਬਾਹੂਬਲੀ' ਦੇ ਪ੍ਰੀਕਵੈਲ ਵਿੱਚ ਹੋਣਗੇ ਅਨੂਪ ਸੋਨੀ



ਵੈੱਬ ਪਲੇਟਫਾਰਮ 'ਤੇ ਕਈ ਤਰ੍ਹਾਂ ਦੇ ਪ੍ਰਯੋਗ ਹੋ ਰਹੇ ਹਨ। ਇਸ ਪ੍ਰਯੋਗ ਵਿੱਚ ਹੀ ਸ਼ਾਮਲ ਹੋ ਗਈ ਹੈ ਫਿਲਮਾਂ 'ਤੇ ਆਧਾਰਤ ਵੈੱਬ ਸੀਰੀਜ਼। 'ਬਾਹੂਬਲੀ' ਫਿਲਮ ਭਾਰਤੀ ਸਿਨੇਮਾ ਦੀ ਸਭ ਤੋਂ ਸਫਲ ਫਿਲਮ ਮੰਨੀ ਜਾਂਦੀ ਹੈ। ਦੋ ਹਿੱਸਿਆਂ ਵਿੱਚ ਬਣੀ ਇਸ ਫਿਲਮ ਦਾ ਤੀਸਰਾ ਹਿੱਸਾ ਬਣ ਰਿਹਾ ਹੈ, ਜਿਸ ਦਾ ਨਾਂਅ ਹੋਵੇਗਾ 'ਬਾਹੂਬਲੀ : ਬਿਫੋਰ ਦ ਬਿਗਨਿੰਗ'। ਇਹ ਵੈੱਬ ਸ਼ੋਅ ਹੋਵੇਗਾ। ਇਸ ਦਾ ਅਹਿਮ ਹਿੱਸਾ ਹੋਣਗੇ ਅਭਿਨੇਤਾ ਅਨੂਪ ਸੋਨੀ। ਲਗਭਗ ਅੱਠ ਸਾਲ ਤੱਕ 'ਕ੍ਰਾਈਮ ਪੈਟਰੋਲ' ਸ਼ੋਅ ਦੇ ਹੋਸਟ ਰਹੇ ਅਨੂਪ ਇਸ ਵਾਰ ਅਲੱਗ ਅਲੱਗ ਤਰ੍ਹਾਂ ਦੇ ਕਿਰਦਾਰ ਨਿਭਾਉਣਾ ਚਾਹੁੰਦੇ ਹਨ। ਇਹ ਕਾਰਨ ਹੈ ਕਿ ਉਨ੍ਹਾਂ ਨੇ ਵੈੱਬ ਦੇ ਮੰਚ 'ਤੇ ਕਦਮ ਰੱਖਿਆ ਹੈ।

ਇਸ ਸ਼ੋਅ ਦੇ ਬਾਰੇ ਦੱਸਦੇ ਹੋਏ ਉਹ ਕਹਿੰਦੇ ਹਨ, ''ਇਹ ਸੀਰੀਜ਼ ਨੈੱਟਫਲਿਕਸ 'ਤੇ ਆਏਗੀ, ਜੋ 'ਬਾਹੂਬਲੀ' ਫਿਲਮ ਦੇ ਦੂਸਰੇ ਹਿੱਸੇ ਦੀ ਪ੍ਰੀਕਵਲ ਹੋਵੇਗੀ। ਇਸ ਵਿੱਚ ਕਹਾਣੀ ਪੰਜਾਹ ਸਾਲ ਪਿੱਛੇ ਜਾਏਗੀ। ਇਸ ਵਿੱਚ ਅਮਰੇਂਦਰ ਬਾਹੂਬਲੀ ਦੇ ਮਾਤਾ–ਪਿਤਾ ਨੂੰ ਵੀ ਦਿਖਾਇਆ ਜਾਏਗਾ। ਇਸ ਕਹਾਣੀ ਦੇ ਕਿਰਦਾਰ ਯੁਵਾ ਹੋਣਗੇ, ਜੋ ਫਿਲਮ ਵਿੱਚ ਬੁੱਢੇ ਹੋ ਚੁੱਕੇ ਸਨ। ਇਹ ਸੀਰੀਜ਼ ਵੀ ਉਹੀ ਲੋਕ ਬਣਾ ਰਹੇ ਹਨ, ਜਿਨ੍ਹਾਂ ਨੇ 'ਬਾਹੂਬਲੀ' ਬਣਾਈ ਸੀ। ਮੈਂ ਪਹਿਲੇ ਸੀਜ਼ਨ ਦੇ ਲਈ ਸ਼ੂਟ ਕਰ ਲਿਆ ਹੈ। ਮੇਰਾ ਕਿਰਦਾਰ ਬਹੁਤ ਪਾਜੀਟਿਵ ਹੈ। ਘੱਟ ਬੋਲਦਾ ਹੈ, ਪਰੰਤੂ ਬਹੁਤ ਹੀ ਮਜ਼ਬੂਤ ਹੈ। ਉਹ ਸਹੀ ਸਮੇਂ ਤੇ ਆਪਣੀ ਗੱਲ ਕਰਦਾ ਹੈ।''



# Dr. Randhawa Dentistry

*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
*Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ*
*Show Your Smile More With Invisible Braces!*

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
DENTISTRY
Squire Ellis Dr
Gore Rd
Countryside Dr



**Tri-City** Number 1 Tri-City agent in Canada on basis of sales volume 2015
Professional Realty Inc., Brokerage

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

**ਅਵਤਾਰ ਸਿੰਘ ਟਿਵਾਣਾ**
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

**Avtar Singh Tiwana**
Sales Rep.

FOR SALE — Photo Not Available — $129,900
**Darcel/Brandon Gate**
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE — $969,900
**Sandalwood/ Sunny Meadow**
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

FOR SALE — $799,900
**Chinguacousy/Sandalwood**
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE — $3,249,000
**Niagara Falls Ontario**
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

# PEARSON
KITCHEN CABINET

Free Estimate
We Specialize in granite, quartz & marble countertops

Special Discount for Contractors | Buy Direct From The Factory

100% Satisfaction On Time

KITCHEN CABINET
WASHROOM

ਵਾਜਿਬ ਦਾਮ ਤੇ ਸਮੇਂ ਸਿਰ ਕੰਮ

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha: 416-200-0931

271 - Glidden Rd. Unit#5, Brampton (Kennedy&Glidden)



# ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



